ਉਨੀਵਾਂ ਸਾਲ

PARDES TIMES

19th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 479 | October 6, 2025 | E-mail : info@pardestimes.com | Ph 510-938-7771

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪ ਗਾਇਬ ਹੋਣ ਦਾ ਮਾਮਲਾ ਮੁੜ ਪੁੱਜਾ ਹਾਈ ਕੋਰਟ

ਚੰਡੀਗੜ੍ਹ– ਐਸਜੀਪੀਸੀ ਦੇ ਪ੍ਰਕਾਸ਼ਨ ਵਿਭਾਗ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪ ਗਾਇਬ ਹੋਣ ਦਾ ਮਾਮਲਾ ਇਕ ਵਾਰ ਮੁੜ ਹਾਈ ਕੋਰਟ ਪੁੱਜ ਗਿਆ ਹੈ। 27 ਅਗਸਤ ਨੂੰ ਪਟੀਸ਼ਨਰ ਦੇ ਮੰਗ ਪੱਤਰ 'ਤੇ ਫ਼ੈਸਲਾ ਲੈਣ ਲਈ ਹੁਕਮ ਦੇ ਬਾਵਜੂਦ ਕਾਰਵਾਈ ਨਾ ਕਰਨ 'ਤੇ ਹੁਣ ਹਾਈ ਕੋਰਟ 'ਚ ਹੁਕਮ ਅਦੂਲੀ ਪਟੀਸ਼ਨ ਦਾਖ਼ਲ ਕੀਤੀ ਗਈ ਹੈ। ਪਟੀਸ਼ਨ 'ਤੇ ਹਾਈ ਕੋਰਟ ਨੇ ਪੰਜਾਬ ਦੇ ਡੀਜੀਪੀ ਨੂੰ ਨੋਟਿਸ ਜਾਰੀ ਕਰਦੇ ਹੋਏ ਜਵਾਬ ਦਾਖ਼ਲ ਕਰਨ ਦਾ ਹੁਕਮ ਦਿੱਤਾ ਹੈ।




ਪਟੀਸ਼ਨਰ ਗੁਰਵਤਨ ਸਿੰਘ ਨੇ ਪਟੀਸ਼ਨ 'ਚ ਦੱਸਿਆ ਕਿ ਇਹ ਮਾਮਲਾ 2015 ਤੋਂ 2018 ਦੌਰਾਨ ਦਾ ਹੈ, ਜਦੋਂ ਐਸਜੀਪੀਸੀ ਦੇ ਪ੍ਰਕਾਸ਼ਨ ਵਿਭਾਗ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪ ਗਾਇਬ ਹੋ ਗਏ ਸਨ। ਇਸ ਮਾਮਲੇ ਦੀ ਜਾਂਚ ਲਈ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਇਕ ਕਮੇਟੀ ਦਾ ਗਠਨ ਕੀਤਾ ਗਿਆ ਸੀ, ਇਸ ਕਮੇਟੀ ਨੇ ਆਪਣੀ ਜਾਂਚ ਤੋਂ ਬਾਅਦ 23 ਅਗਸਤ 2020 ਨੂੰ ਐਸਜੀਪੀਸੀ ਨੂੰ ਇਕ ਵਿਸਥਾਰਤ ਰਿਪੋਰਟ ਸੌਂਪੀ ਸੀ। ਪਟੀਸ਼ਨਰ ਮੁਤਾਬਕ ਉਨ੍ਹਾਂ ਨੇ ਇਸ ਮਾਮਲੇ 'ਚ ਐਸਜੀਪੀਸੀ ਦੀ ਲਾਪਰਵਾਹੀ ਨੂੰ ਦੇਖਦੇ ਹੋਏ 21 ਨਵੰਬਰ 2024 ਨੂੰ ਇਕ ਮੰਗ ਪੱਤਰ ਦਿੱਤਾ ਸੀ। ਉਸੇ ਦਿਨ, ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਵੀ ਇਕ ਮੰਗ ਪੱਤਰ ਦਿੱਤਾ ਸੀ, ਪਰ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਬਾਅਦ ਪਟੀਸ਼ਨਰ ਨੂੰ ਜਨਹਿੱਤ ਪਟੀਸ਼ਨ ਦਾਖ਼ਲ ਕਰਨੀ ਪਈ।

## ਚਲਦੇ–ਚਲਦੇ

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਤੋਂ ਬਾਅਦ ਹੁਣ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕਿਹਾ ਹੈ ਕਿ ਭਾਜਪਾ ਨੂੰ ਅਕਾਲੀ ਦਲ ਨਾਲ ਸਮਝੌਤਾ ਕਰਨਾ ਚਾਹੀਦਾ ਹੈ। ਹਾਲਾਂਕਿ ਕੈਪਟਨ ਨੇ ਸਪਸ਼ਟ ਕਿਹਾ ਹੈ ਕਿ ਉਨ੍ਹਾਂ ਨੂੰ ਭਾਜਪਾ ਦੇ ਅਕਾਲੀ ਦਲ ਨਾਲ ਸਮਝੌਤਾ ਹੋਣ ਬਾਰੇ ਕੋਈ ਖ਼ਬਰ ਨਹੀਂ ਹੈ ਪਰ ਜੇਕਰ ਪਾਰਟੀ ਹਾਈ ਕਮਾਨ ਉਨ੍ਹਾਂ ਨੂੰ ਪੁੱਛੇਗੀ ਤਾਂ ਉਹ ਜ਼ਰੂਰ ਸਮਝੌਤਾ ਕਰਨ ਦਾ ਸੁਝਾਅ ਦੇਣਗੇ। ਕੈਪਟਨ ਨੇ ਕਿਹਾ ਕਿ ਅਤੀਤ ਵਿਚ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਵੀ ਇਹ ਸਮਝੌਤਾ ਕੀਤਾ ਸੀ। ਵਰਨਣਯੋਗ ਹੈ ਕਿ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਮੁੱਦੇ ਉੱਤੇ ਅਕਾਲੀ ਦਲ ਤੇ ਭਾਜਪਾ ਦਾ ਦੋ ਦਹਾਕਿਆਂ ਪੁਰਾਣਾ ਸਮਝੌਤਾ ਟੁੱਟ ਗਿਆ ਸੀ।

# ਬਦਲੇ ਮੌਸਮ ਦੀ ਮਾਰ ਦੁਬਾਰਾ ਫਿਰ ਪੈ ਸਕਦੀ ਹੈ ਪੰਜਾਬ ਨੂੰ

## ਪੰਜਾਬ ਸਮੇਤ ਭਾਰਤ ਦੇ ਕਈ ਇਲਾਕਿਆਂ 'ਚ ਦੁਬਾਰਾ ਹੜ੍ਹਾਂ ਦਾ ਡਰ ਵਧਿਆ

ਚੰਡੀਗੜ੍ਹ– ਹਾਲ ਦੇ ਦਿਨਾਂ ਵਿਚ ਅਚਾਨਕ ਹੀ ਗਰਮੀ ਦਾ ਵਧਣਾ ਅਤੇ ਉਲਟ ਹਵਾਵਾਂ ਚੱਲਣ ਕਾਰਨ ਦੁਨੀਆਂ ਭਰ ਦੇ ਕਈ ਮੁਲਕਾਂ ਵਿਚ ਹੜ੍ਹ ਆ ਰਹੇ ਹਨ। ਮੌਸਮ ਵਿਗਿਆਨੀ ਇਸ ਨੂੰ ਬਦਲੇ ਕੁਦਰਤੀ ਸਿਸਟਮ ਦੀ ਮਾਰ ਦੱਸ ਰਹੇ ਹਨ। ਭਾਰਤ ਵਿਚ ਵੀ ਕਈ ਥਾਵਾਂ ਤੇ ਬਹੁਤ ਜ਼ਿਆਦਾ ਜ਼ੋਰਦਾਰ ਬਰਸਾਤਾਂ ਦੁਬਾਰਾ ਆਰੰਭ ਹੋ ਗਈਆਂ ਹਨ, ਜਦਕਿ ਹੁਣ ਰੁੱਤ ਬਰਸਾਤ ਦੀ ਨਹੀਂ ਹੈ। ਅਚਾਨਕ ਬਦਲੇ ਮੌਸਮ ਦੇ ਕਾਰਨ ਪੰਜਾਬ ਦੇ ਲੋਕਾਂ ਵਿਚ ਫਿਰ ਹੜ੍ਹਾਂ ਦਾ ਡਰ ਵਧਣਾ ਸੁਭਾਵਿਕ ਹੈ ਕਿਉਂਕਿ ਮੌਸਮ ਵਿਭਾਗ ਲਗਾਤਾਰ ਚਿਤਾਵਨੀਆਂ ਦੇ ਰਿਹਾ ਹੈ। ਰਣਜੀਤ ਸਾਗਰ ਡੈਮ ਤੋਂ ਰਾਵੀ ਦਰਿਆ ਵਿੱਚ ਮੁੜ ਵਾਧੂ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਗਿਆ ਹੈ। ਜਲ ਸਰੋਤ ਵਿਭਾਗ ਦੇ ਮੁੱਖ ਇੰਜਨੀਅਰਾਂ ਅਤੇ ਤਕਨੀਕੀ ਮਾਹਿਰਾਂ ਨੇ ਭਾਰਤੀ ਮੌਸਮ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਵਰਚੁਅਲ ਮੀਟਿੰਗ ਕਰ ਕੇ ਇਸ ਬਾਰੇ ਚਰਚਾ ਕੀਤੀ ਹੈ। ਉੱਧਰ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐਮ ਬੀ) ਨੇ ਵੀ ਅੰਦਰੂਨੀ ਤੌਰ 'ਤੇ ਚਰਚਾ ਸ਼ੁਰੂ ਕਰ ਕੇ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਤਾਂ ਪਹਿਲੇ ਹੜ੍ਹਾਂ 'ਚੋਂ ਹਾਲੇ ਉੱਭਰਿਆ ਨਹੀਂ ਸੀ ਕਿ ਨਵੀਂ ਨੌਬਤ ਆ ਰਹੀ ਹੈ। ਪੰਜਾਬ ਲਈ ਅਕਤੂਬਰ ਦਾ ਪਹਿਲਾ ਹਫ਼ਤਾ ਚੁਣੌਤੀ ਭਰਿਆ ਰਹਿ ਸਕਦਾ ਹੈ। ਇਸ ਪਹਿਲੇ ਹਫ਼ਤੇ ਵਿੱਚ ਐਨਾ ਮੀਂਹ ਪੈਣ ਦੀ ਪੇਸ਼ੀਨਗੋਈ ਹੈ ਜਿੰਨਾ ਪਿਛਲੇ 80 ਵਰ੍ਹਿਆਂ ਵਿੱਚ ਕਦੇ ਦਰਜ ਨਹੀਂ ਕੀਤਾ ਗਿਆ।



ਮੌਸਮ ਵਿਭਾਗ ਅਨੁਸਾਰ 4 ਅਕਤੂਬਰ ਰਾਤ ਤੋਂ ਬਾਰਸ਼ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ 6-7 ਅਕਤੂਬਰ ਨੂੰ ਭਾਰੀ ਤੋਂ ਬਹੁਤ ਭਾਰੀ ਬਾਰਸ਼ ਹੋਣ ਦਾ ਅਨੁਮਾਨ ਹੈ। ਮੌਸਮ ਵਿਭਾਗ ਨੇ ਪੰਜਾਬ ਵਿੱਚ ਇਨ੍ਹਾਂ ਦੋ ਦਿਨਾਂ ਦੌਰਾਨ ਔਸਤ 110 ਮਿਲੀਮੀਟਰ, ਜੰਮੂ ਖੇਤਰ ਵਿੱਚ ਕਰੀਬ 120 ਮਿਲੀਮੀਟਰ ਅਤੇ ਹਿਮਾਚਲ ਪ੍ਰਦੇਸ਼ 'ਚ ਔਸਤ 160 ਤੋਂ 180 ਮਿਲੀਮੀਟਰ ਬਾਰਿਸ਼ ਹੋਣ ਦੀ ਪੇਸ਼ੀਨਗੋਈ ਕੀਤੀ ਹੈ। ਮੌਸਮ ਵਿਭਾਗ ਅਨੁਸਾਰ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਵੱਖ-ਵੱਖ ਹਿੱਸਿਆਂ ਵਿੱਚ 6-7 ਅਕਤੂਬਰ ਨੂੰ ਭਾਰੀ ਮੀਂਹ ਪਵੇਗਾ। ਪੰਜਾਬ ਦੇ ਖ਼ਾਸ ਕਰ ਕੇ ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਰੋਪੜ, ਜਲੰਧਰ, ਲੁਧਿਆਣਾ, ਪਟਿਆਲਾ, ਮੋਗਾ, ਮਾਨਸਾ, ਗੁਰਦਾਸਪੁਰ, ਬਰਨਾਲਾ ਤੇ ਬਠਿੰਡਾ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਸੂਬਾ ਸਰਕਾਰ ਨੇ ਨਵੀਂ ਚੁਣੌਤੀ ਦੇ ਮੱਦੇਨਜ਼ਰ ਰਣਜੀਤ ਸਾਗਰ ਡੈਮ ਨੂੰ ਖਾਲੀ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਰਾਵੀ ਵਿੱਚ ਹੋਰ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਦੋ ਦਿਨ ਪਹਿਲਾਂ ਤੱਕ ਰਣਜੀਤ ਸਾਗਰ ਡੈਮ 'ਚੋਂ 10 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਸੀ। ਬੁੱਧਵਾਰ ਤੱਕ 20,362 ਕਿਊਸਿਕ ਅਤੇ ਸ਼ੁੱਕਰਵਾਰ ਦੁਪਹਿਰ 1 ਵਜੇ ਤੋਂ 37,686 ਕਿਊਸਿਕ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਮਾਹਿਰ ਆਖਦੇ ਹਨ ਕਿ ਅਕਤੂਬਰ ਮਹੀਨੇ 'ਚ ਪਹਿਲਾਂ ਕਦੇ ਐਨਾ ਮੀਂਹ ਦਰਜ ਨਹੀਂ ਕੀਤਾ ਗਿਆ ਹੈ। ਪੰਜਾਬ ਵਿੱਚ ਪਹਿਲਾਂ ਹੀ ਕਰੀਬ ਪੰਜ ਲੱਖ ਏਕੜ ਫ਼ਸਲ ਪ੍ਰਭਾਵਿਤ ਹੋ ਚੁੱਕੀ ਹੈ। ਖੇਤਾਂ 'ਚੋਂ ਰੇਤਾ ਹਟਾਉਣ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਤਾਂ ਜੋ ਖੇਤਾਂ ਨੂੰ ਹਾੜ੍ਹੀ ਦੀ ਫ਼ਸਲ ਲਈ ਤਿਆਰ ਕੀਤਾ ਜਾ ਸਕੇ। ਜੇਕਰ ਮੁੜ ਹੜ੍ਹ ਆਉਂਦੇ ਹਨ ਤਾਂ ਖੇਤਾਂ 'ਚ ਦੁਬਾਰਾ ਰੇਤਾ ਚੜ੍ਹਨ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਪਹਿਲਾਂ ਆਏ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਮੁਲਾਂਕਣ ਲਈ ਵਿਸ਼ੇਸ਼ ਗਿਰਦਾਵਰੀ ਕਰਵਾ ਰਹੀ ਹੈ ਅਤੇ ਦੀਵਾਲੀ ਤੋਂ ਪਹਿਲਾਂ ਮੁਆਵਜ਼ਾ ਵੰਡਣ ਦੀ ਗੱਲ ਆਖ ਰਹੀ ਹੈ। ਨਵੇਂ ਹਾਲਾਤ ਵਿੱਚ ਹਰ ਗਿਣਤੀ-ਮਿਣਤੀ ਫੇਲ੍ਹ ਹੋ ਸਕਦੀ ਹੈ। ਪੰਜਾਬ ਸਰਕਾਰ ਨੂੰ ਵੱਡਾ ਖ਼ਦਸ਼ਾ ਹੈ ਕਿ ਮੀਂਹ ਪੈਣ ਦੀ ਸੂਰਤ 'ਚ ਰਾਵੀ ਦਰਿਆ ਵਿੱਚ 22 ਖੱਡਾਂ ਦੇ ਜ਼ਰੀਏ ਵਾਧੂ ਪਾਣੀ ਆਉਣ ਦੀ ਸੰਭਾਵਨਾ ਹੈ। ਰਣਜੀਤ ਸਾਗਰ ਡੈਮ ਵਿੱਚ ਪਾਣੀ ਦਾ ਪੱਧਰ 523.53 ਮੀਟਰ ਹੈ ਜੋ ਖ਼ਤਰੇ ਦੇ ਨਿਸ਼ਾਨ ਤੋਂ ਕਰੀਬ ਚਾਰ ਫੁੱਟ ਹੇਠਾਂ ਹੈ ਅਤੇ ਹੁਣ ਪਾਣੀ ਦਾ ਪੱਧਰ ਹੋਰ ਘਟਾਇਆ ਜਾਣਾ ਹੈ ਤਾਂ ਜੋ 6-7 ਅਕਤੂਬਰ ਨੂੰ ਪਹਾੜਾਂ 'ਚੋਂ ਆਉਣ ਵਾਲੇ ਵਾਧੂ ਪਾਣੀ ਨੂੰ ਸੰਭਾਲਿਆ ਜਾ ਸਕੇ। ਪੰਜਾਬ ਵਿੱਚ ਬਾਰਿਸ਼ ਹੋਣ ਕਰ ਕੇ ਸਥਾਨਕ ਪਾਣੀ ਸਤਲੁਜ ਦਰਿਆ ਵਿੱਚ ਚੱਲੇਗਾ। ਪੌਂਗ ਡੈਮ ਖ਼ਤਰੇ ਦੇ ਨਿਸ਼ਾਨ ਤੋਂ ਕਰੀਬ ਦੋ ਫੁੱਟ ਹੇਠਾਂ ਹੈ ਅਤੇ ਬਿਆਸ ਦਰਿਆ 'ਚ ਇਸ ਵੇਲੇ 17,171 ਕਿਊਸਿਕ ਪਾਣੀ ਚੱਲ ਰਿਹਾ ਹੈ।

S. Inderjit Singh Bullowal

Rep/Marketing Manager

PARDES TIMES

www.pardestimes.com

Call: 425-420-4055

ਕਿਸੇ ਵੀ ਕਿਸਮ ਦੀ ਗੱਲਬਾਤ ਅਖਬਾਰ ਸਬੰਧੀ ਕਰਨ ਲਈ ਸ. ਇੰਦਰਜੀਤ ਸਿੰਘ ਬੁਲੋਵਾਲ ਨੂੰ ਫੋਨ ਕਰੋ



ਸ. ਇੰਦਰਜੀਤ ਸਿੰਘ ਬੁਲੋਵਾਲ

Dhaliwal Law Group. Inc.



1. Tax Attorney
2. Edd case
3. Board of Ecualisation
4. IRS-Cases
5. Bank Ruptcy
5. Contracts ਚੰਗੇ ਬਣਾਉਣ ਲਈ
6. State Planning
7. Criminal deffense

Rattandev Singh Dhaliwal

ATTORNEY AT LAW

Telephone- 408-988-7722

Rattan@attorneydhaliwal.com

www.attorneydhaliwal.com

2005 DELA CRUZ BLVD

Suite# 185, Santa Clara, CA 95050

Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI

SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal

(Investment and Financial Advisor)

408-972-8000,

408-835-0202 (Cell)

Budwal and Associates

329 Piercy Road, San Jose, CA 95138

8350202@gmail.com

Mann Insurance Brokers Inc.

ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ 'ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।



Phone:- 510-487-1000

LIC:- 0F 34231

32146 Alvarado Blvd, Union City, CA 94587



SIMRAN

SIMRAN SINGH
DIRECTOR
+1 551 666 0493

KEEP IN MIND FOR ALL KIND OF
CINEMATIC STUFF

FILM MAKING / WEDDING / MUSIC / LIVE

www.simranproduction.com simranproduction@gmail.com

ਤੁਹਾਡਾ ਲੋਕਲ TV Channel

ਸਾਡਾ SADDA TV USA



ਸ਼ਬਦ ਘੱਟ-ਅਰਥ ਕਮਾਲ

Your's Local TV Channel

SIMRAN SINGH +1 551 666 0493

saddatvusa@gmail.com www.saddatv.com

ਸਰਦਾਰ ਜੀ Sardar Ji Catering

SARDAR JI CATERING

INDIA




Varinder Singh

Phone :- 206-517-4444
Cell :- 206-771-5079

sardarjicatering@gmail.com
www.sardarjicatering.com www.indiabistroroosevelt.com

ਵੱਡੀ ਤੋਂ ਵੱਡੀ ਕੇਟਰਿੰਗ ਕਰਾਉਣ ਲਈ ਇਕ ਵਾਰ ਯਾਦ ਜ਼ਰੂਰ ਕਰੋ।
ਪੰਜਾਬੀ ਖਾਣਿਆਂ ਦਾ ਸਵਾਦ ਲੈਣ ਲਈ ਇਕ ਵਾਰ ਰੈਸਟੋਰੈਂਟ 'ਤੇ ਜ਼ਰੂਰ ਆਓ।

6417 Roosewelt Way NE, SEATTLE, WA 98115

Ranjit Kandola
Broker (MAC Real Estate Services)

CHECK DAILY MORTGAGE RATES @
WWW.DesiMortgageBroker.com

HIRING & TRAINING: MORTGAGE LOAN ORIGINATORS

MAC REAL ESTATE SERVICES
Mortgage Brokerage Since 2003
EQUAL HOUSING LENDER
BBB ACCREDITED BUSINESS A+ rating

(916) 917-2393 Mobile
(916) 516-1116 Office
Broker@DesiMortgageBroker.com
5701 Lonetree Blvd, Suite 126 H
Rocklin CA 95765

Company NMLS 1133016 DRE 01800662 NMLS 347022

# ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਬਾਰੇ ਕਾਨਫ਼ਰੰਸ ਸ਼ਾਨਦਾਰ ਸਫ਼ਲਤਾ ਸਹਿਤ ਸੰਪੰਨ

ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਬਾਰੇ ਸਟਾਕਟਨ (ਕੈਲੀਫੋਰਨੀਆ) ਵਿਖੇ 27 ਸਤੰਬਰ, 2025 ਨੂੰ ਕਰਵਾਈ ਗਈ ਦੂਜੀ ਕਾਨਫ਼ਰੰਸ ਸ਼ਾਨਦਾਰ ਸਫ਼ਲਤਾ ਸਹਿਤ ਸੰਪੰਨ ਹੋਈ। ਇਹ ਕਾਨਫ਼ਰੰਸ ਜੁਝਾਰਵਾਦੀ ਪੰਜਾਬੀ ਕਵਿਤਾ ਨੂੰ ਸਮਰਪਿਤ ਕੀਤੀ ਗਈ। ਕਾਨਫ਼ਰੰਸ ਦਾ ਸ਼ੁਭ-ਆਰੰਭ ਸਭਾ ਦੇ ਪ੍ਰਧਾਨ ਕੁਲਵੰਤ ਸਿੰਘ ਸੇਖੋਂ ਦੇ ਉਦਘਾਟਨੀ ਸ਼ਬਦਾਂ ਨਾਲ ਹੋਇਆ। ਪ੍ਰੋ. ਹਰਭਜਨ ਸਿੰਘ ਨੇ ਪਾਸ਼, ਸੰਤ ਰਾਮ ਉਦਾਸੀ, ਜੈਮਲ ਸਿੰਘ ਪੱਡਾ, ਲਾਲ ਸਿੰਘ ਦਿਲ, ਹਰਭਜਨ ਹਲਵਾਰਵੀ ਅਤੇ ਦਰਸ਼ਨ ਖਟਕੜ ਦੀ ਸ਼ਾਇਰੀ ਦੇ ਹਵਾਲੇ ਨਾਲ ਜੁਝਾਰਵਾਦੀ ਪੰਜਾਬੀ ਕਵਿਤਾ ਦੇ ਯੋਗਦਾਨ ਤੇ ਸਾਰਥਕਤਾ ਬਾਰੇ ਚਾਨਣਾ ਪਾਇਆ। ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਨੇ ਮਨਟੁੰਬਵੀ ਆਵਾਜ਼ ਵਿਚ ਉਦਾਸੀ ਦੇ ਗੀਤ ਪੇਸ਼ ਕੀਤੇ। ਪ੍ਰੋ. ਹਰਭਜਨ ਸਿੰਘ ਰਚਿਤ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਅਤੇ ਤਾਰਾ ਸਿੰਘ ਸਾਗਰ ਦੀ 'ਸਾਗਰ ਲਹਿਰਾਂ' ਪੁਸਤਕਾਂ ਨੂੰ ਹਾਜ਼ਰ ਨਾਮਵਰ ਸਾਹਿਤਕਾਰਾਂ ਵੱਲੋਂ ਰਿਲੀਜ਼ ਕੀਤਾ ਗਿਆ। ਪਹਿਲੇ ਸੈਸ਼ਨ ਵਿਚ ਚਾਰ ਖੋਜ-ਪੱਤਰ ਪੇਸ਼ ਕੀਤੇ ਗਏ। ਡਾ. ਧਨਵੰਤ ਕੌਰ ਨੇ ਆਪਣੇ ਪੇਪਰ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਵਿਚ ਲੇਖਕ ਵਲੋਂ ਦਰਜ਼ ਨਿੱਗਰ ਅਨੁਭਵਾਂ ਤੇ ਮੁੱਲਵਾਨ ਸਿਮਰਤੀਆਂ ਦੇ ਹਵਾਲੇ ਨਾਲ ਦੱਸਿਆ ਕਿ ਉਸਨੇ ਆਪਣੇ ਪਰਵਾਸੀ ਅਨੁਭਵਾਂ ਦੀ ਪੜਚੋਲਵੀਂ ਪੇਸ਼ਕਾਰੀ ਦੇ ਨਾਲ ਨਾਲ ਅਮਰੀਕੀ ਸਾਮਰਾਜੀ ਤੰਤਰ ਦੇ ਹੀਜ਼-ਪਿਆਜ਼ ਨੂੰ ਬਾ-ਖ਼ੂਬੀ ਨਸ਼ਰ ਕੀਤਾ ਹੈ। ਇਸ ਪੁਸਤਕ ਦੀ ਖ਼ੂਬਸੂਰਤੀ ਇਹ ਹੈ ਕਿ ਇਸਦੇ ਪਿਛੋਕੜ ਵਿਚ ਉਹਨਾਂ ਦੀਆਂ ਇਨਕਲਾਬੀ ਸਰਗਰਮੀਆਂ ਦੀਆਂ ਪ੍ਰਭਾਵਸ਼ਾਲੀ ਗੂੰਜਾਂ ਯਾਦਾਂ ਦੇ ਰੂਪ ਵਿਚ ਹਾਜ਼ਰ ਹਨ। ਡਾ. ਮਨਜਿੰਦਰ ਸਿੰਘ ਨੇ ਆਪਣੇ ਖੋਜ-ਪੱਤਰ 'ਅਮਰੀਕੀ ਪੰਜਾਬੀ ਗਲਪ ਦੇ ਨਵੀਨ ਪੈਟਰਨ' ਵਿਚ ਚਰਚਿਤ ਅਮਰੀਕੀ ਨਾਵਲਾਂ ਤੇ ਕਹਾਣੀਆਂ ਦੇ ਵਿਸ਼ਲੇਸ਼ਣ ਰਾਹੀਂ ਇਹ ਉਭਾਰਿਆ ਕਿ ਇਹਨਾਂ ਰਚਨਾਵਾਂ ਦੇ ਨਵੀਨ ਪੈਟਰਨ ਵਿਵਿਧਮੁਖੀ ਹਨ। ਇਸ ਗਲਪ ਦਾ ਅਸਲ ਹਾਸਲ ਇਸਦੀ ਪ੍ਰਵਚਨਕਾਰੀ ਅੰਦਰ ਪ੍ਰਵਾਹਿਤ ਵਿਸ਼ਵ ਚੇਤਨਾ ਹੈ। ਇਹ ਰਚਨਾਵਾਂ ਪਰੰਪਰਰਿਕ ਭੂਗੋਲਿਕ ਤੇ ਸਭਿਆਚਾਰਕ ਵਲਗਣਾਂ ਤੋਂ ਪਾਰਗਾਮੀ ਸੂਖ਼ਮ ਸਰੋਕਾਰਾਂ ਨੂੰ ਉਭਾਰਦੀਆਂ ਹਨ। ਡਾ. ਗੁਰਪਾਲ ਸਿੰਘ ਸੰਧੂ ਨੇ ਆਪਣਾ ਖੋਜ-ਪੱਤਰ 'ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਵੀ ਰਚਨਾ ਵਿਉਂਤ' ਪੇਸ਼ ਕਰਦਿਆਂ ਚਾਰ ਪ੍ਰਮੁੱਖ ਲੇਖਕਾਂ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ, ਸੁਰਿੰਦਰ ਸੀਰਤ ਅਤੇ ਲਾਜ ਨੀਲਮ ਸੈਣੀ ਦੀਆਂ ਰਚਨਾਵਾਂ ਦੇ ਹਵਾਲੇ ਨਾਲ ਇਹ ਸਥਾਪਤ ਕੀਤਾ ਕਿ ਇਹ ਬਹੁ-ਵਿਧਾਵੀ ਰਚਨਾਵਾਂ ਸਿਰਫ਼ ਰੂਪਾਕਾਰਕ ਸ਼ੈਲੀਆਂ ਕਾਰਨ ਬਹੁ-ਵਿਧਾਵੀ ਨਹੀਂ, ਸਗੋਂ ਰੂਪਾਕਾਰਕ ਭਿੰਨਤਾਵਾਂ ਕਰਕੇ ਬਹੁ-ਵਿਧਾਵੀ ਹਨ। ਡਾ. ਜਸਵਿੰਦਰ ਸਿੰਘ ਨੇ ਆਪਣੇ ਪੇਪਰ 'ਸਮਕਾਲੀ ਅਮਰੀਕੀ ਪੰਜਾਬੀ ਕਵਿਤਾ ਦੇ ਉਭਰਦੇ ਰੁਝਾਨ' ਵਿਚ ਉਜਾਗਰ ਕੀਤਾ ਕਿ ਇਹ ਕਵੀ ਉਦਰੇਵਿਆਂ ਅਤੇ ਪੀੜ੍ਹੀ ਪਾੜਿਆਂ ਦੇ ਮੁਖ ਸਰੋਕਾਰਾਂ ਦੀ ਬਜਾਏ ਪਰਵਾਸੀ ਪ੍ਰਸੰਗ ਨੂੰ ਆਪਣੀ ਪ੍ਰਮਾਣਿਕ ਹੋਂਦ ਹਸਤੀ ਤੇ ਇਸ ਸਮਾਜ/ਮੁਲਕ ਦੇ ਹਿੱਸੇਦਾਰ ਹੋਣ ਦੇ ਤਰਕ ਨੂੰ ਉਭਾਰ ਰਹੇ ਹਨ। ਇਹ ਚਾਰੇ ਖੋਜ-ਪੱਤਰ ਸਮਕਾਲੀ ਅਮਰੀਕੀ ਪੰਜਾਬੀ ਸਾਹਿਤ, ਖ਼ਾਸ ਕਰਕੇ ਕਵਿਤਾ, ਗਲਪ ਅਤੇ ਵਾਰਤਕ ਰਾਹੀਂ ਪੇਸ਼ ਹੋ ਰਹੀ ਅਮਰੀਕੀ ਪੰਜਾਬੀ ਬੰਦੇ ਦੀ ਸਭਿਆਚਾਰਕ ਸ਼ਨਾਖ਼ਤ ਦੇ ਨਾਲ ਨਾਲ ਉਸਦੀ ਹੋਂਦ, ਹੋਣੀ ਤੇ ਹਸਤੀ ਦੀ ਨਿਸ਼ਾਨਦੇਹੀ ਤੇ ਨਿਰਮਾਣਕਾਰੀ ਕਰਨ ਵਿਚ ਸਫ਼ਲ ਰਹੇ। ਇਹਨਾਂ ਖੋਜ-ਪੱਤਰਾਂ ਬਾਰੇ ਕਨੇਡਾ ਤੋਂ ਆਏ ਗਲਪਕਾਰ ਅਮਰਜੀਤ ਸਿੰਘ ਚਾਹਲ ਨੇ ਮੁੱਲਵਾਨ ਟਿੱਪਣੀਆਂ ਕੀਤੀਆਂ।





ਇਸ ਦੌਰਾਨ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਮਨਜੀਤ ਕੌਰ ਸੰਧੂ, ਡਾ. ਮਨਜਿੰਦਰ ਸਿੰਘ, ਅਮਰਜੀਤ ਚਾਹਲ, ਪ੍ਰਿਤਪਾਲ ਕੌਰ ਉਦਾਸੀ ਅਤੇ ਤਾਰਾ ਸਿੰਘ ਸਾਗਰ ਦਾ ਸਨਮਾਨ ਕੀਤਾ ਗਿਆ।

ਦੂਜੇ ਸੈਸ਼ਨ ਕਵੀ ਦਰਬਾਰ ਦਾ ਆਗਾਜ਼ ਪ੍ਰਿਤਪਾਲ ਕੌਰ ਨੇ ਸੰਤ ਰਾਮ ਉਦਾਸੀ ਦੇ ਸ਼ਾਹਕਾਰ ਗੀਤ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਦੇ ਗਾਇਣ ਨਾਲ ਕੀਤਾ। ਇਸ ਤੋਂ ਬਾਅਦ ਡਾ. ਮਨਜੀਤ ਕੌਰ ਸੰਧੂ ਨੇ ਸਰੋਦੀ ਆਵਾਜ਼ ਵਿਚ 'ਤੇਰੀਆਂ ਰਮਜ਼ਾਂ ਨੂੰ ਨਹੀਉਂ ਸਮਝ ਸਕਣਾ ਭਲਕ ਵੀ' ਗੀਤ ਪੇਸ਼ ਕੀਤਾ। ਕੁਲਵੰਤ ਸਿੰਘ ਸੇਖੋਂ, ਮਨਦੀਪ ਗੋਰਾ, ਹਰਜੀਤ ਸਿੰਘ ਹਠੂਰ, ਹਰਪ੍ਰੀਤ ਕੌਰ ਧੂਤ, ਤਾਰਾ ਸਾਗਰ, ਦਿਲ ਨਿੱਜਰ, ਅਸ਼ੋਕ ਭੌਰਾ, ਭੁਪਿੰਦਰ ਦਲੇਰ, ਜਸ ਫ਼ਿਜ਼ਾ, ਗਗਨ ਮਾਹਲ, ਸੁੱਖੀ ਧਾਲੀਵਾਲ, ਰਾਠੇਸ਼ਵਰ ਸਿੰਘ ਸੂਰਾਪੁਰੀ, ਗੁਰਿੰਦਰ ਸੂਰਾਪੁਰੀ, ਪ੍ਰਭਸ਼ਰਨਦੀਪ ਸਿੰਘ, ਜਸਵੰਤ ਸ਼ਾਦ, ਇਮਤਿਆਜ਼ ਅਲੀ ਸਮੇਤ ਦੋ ਦਰਜਨ ਕਵੀਆਂ ਨੇ ਆਪਣੀਆਂ ਤਾਜ਼ਾ ਰਚਨਾਵਾਂ ਪੇਸ਼ ਕੀਤੀਆਂ। ਸਰੋਤਿਆਂ ਵੱਲੋਂ ਭਰਪੂਰ ਦਾਦ ਅਤੇ ਭਰਵਾਂ ਹੁੰਗਾਰਾ ਮਿਲਿਆ। ਅਖੀਰ ਵਿਚ ਡਾ. ਜਸਵਿੰਦਰ ਸਿੰਘ ਨੇ ਕਾਨਫ਼ਰੰਸ ਵਿਚ ਹੋਏ ਸਾਰਥਕ ਸੰਵਾਦ ਦੀ ਸ਼ਲਾਘਾ ਕਰਦਿਆਂ ਇਹ ਉਭਾਰਿਆ ਕਿ ਅਜਿਹਾ ਸਾਹਿਤ ਭਾਰਤੀ ਪੰਜਾਬ ਅਤੇ ਅਮਰੀਕਾ ਸਮੇਤ ਸਮੁੱਚੇ ਪੰਜਾਬੀ ਭਾਈਚਾਰੇ ਦਰਮਿਆਨ ਇਕ ਅਹਿਮ ਪੁਲ ਹੈ, ਜਿਸਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

ਇਸਦੇ ਨਾਲ ਹੀ ਉਨ੍ਹਾਂ ਨੇ ਆਵਾਮ ਨੂੰ ਫੁੱਟਪਾਊ ਅਤੇ ਲੁਭਾਊ ਨਾਅਰਿਆਂ ਰਾਹੀਂ ਵੰਡੀਆਂ ਪਾ ਕੇ ਸੱਚੀਆਂ ਜਮਹੂਰੀਅਤਾਂ ਤੇ ਪਰਵਾਸੀਆਂ ਦੇ ਮਾਨਵੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ, ਇਸ ਪ੍ਰਤਿ ਸਾਨੂੰ ਹੋਰ ਸੁਚੇਤ ਤੇ ਸਰਗਰਮ ਹੋਣਾ ਚਾਹੀਦਾ ਹੈ।

ਇਸ ਕਾਨਫ਼ਰੰਸ ਵਿਚ ਅਹਿਮ ਸ਼ਖਸੀਅਤਾਂ ਡਾ. ਗੁਰਪ੍ਰੀਤ ਸਿੰਘ ਧੁੱਗਾ, ਡਾ. ਰਵੀ ਸ਼ੇਰਗਿੱਲ, ਮਹਿੰਗਾ ਸਿੰਘ, ਅਵਤਾਰ ਸਿੰਘ, ਰਾਮ ਲੁਭਾਇਆ ਭਨੋਟ, ਡਾ. ਗੁਰਨਾਮ ਸਿੰਘ, ਡਾ. ਅੰਮ੍ਰਿਤਪਾਲ ਕੌਰ, ਪ੍ਰੋ. ਬਲਜਿੰਦਰ ਸਿੰਘ, ਪੀ ਭਾਨੂੰ, ਮਿਸਿਜ਼ ਰਮੇਸ਼ ਸਾਗਰ, ਜਿਓਤੀ ਸਿੰਘ, ਗੁੱਲ ਬਰਾੜ, ਬੀਨਾ ਸਾਗਰ ਆਦਿ ਨੇ ਭਾਗ ਲਿਆ। ਪ੍ਰੋ. ਹਰਭਜਨ ਸਿੰਘ ਵੱਲੋਂ ਲਗਾਈ ਗਈ ਪੁਸਤਕਾਂ ਦੀ ਸੇਲ ਨੂੰ ਉਤਸ਼ਾਹਜਨਕ ਹੁੰਗਾਰਾ ਮਿਲਿਆ।

ਮੰਚ ਸੰਚਾਲਨ ਦੀ ਸਮੁੱਚੀ ਜਿੰਮੇਵਾਰੀ ਮਨਦੀਪ ਗੋਰਾ ਤੇ ਹਰਪ੍ਰੀਤ ਕੌਰ ਧੂਤ ਨੇ ਬਾਖ਼ੂਬੀ ਨਿਭਾਈ।

ਇਸ ਕਾਨਫ਼ਰੰਸ ਦੀ ਖ਼ਾਸ ਵਿਸ਼ੇਸ਼ਤਾ ਇਹ ਰਹੀ ਕਿ ਇਸ ਵਿਚ ਪਾਠਕਾਂ, ਲੇਖਕਾਂ, ਕਵੀਆਂ, ਵਿਚਾਰਵਾਨਾਂ ਅਤੇ ਪੰਜਾਬੀ ਮਾਂ-ਬੋਲੀ ਦੇ ਸ਼ੁਭਚਿੰਤਕਾਂ ਨਾਲ ਸਾਕਾਰਾਤਮਕ ਅਤੇ ਗੰਭੀਰ ਸੰਵਾਦ ਕਾਇਮ ਕੀਤਾ ਗਿਆ। ਇਸ ਵਿਚ ਕੈਲੀਫੋਰਨੀਆ ਦੇ ਪ੍ਰਮੁੱਖ ਪੰਜਾਬੀ ਸਾਹਿਤਕ ਸੰਗਠਨਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਕਾਨਫ਼ਰੰਸ ਸ਼ਾਨਦਾਰ ਸਫ਼ਲਤਾ ਸਹਿਤ ਸੰਪੰਨ ਹੋਈ ਅਤੇ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਪੰਜਾਬੀ ਦੇ ਸਮੂਹ ਪਾਠਕਾਂ, ਸਾਹਿਤਕਾਰਾਂ ਅਤੇ ਸ਼ੁਭ-ਚਿੰਤਕਾਂ ਨੂੰ ਜੋਸ਼ ਅਤੇ ਉਤਸ਼ਾਹ ਨਾਲ ਅੱਗੇ ਵਧਦੇ ਰਹਿਣ ਦਾ ਪੈਗ਼ਾਮ ਦੇਣ ਵਿਚ ਕਾਮਯਾਬ ਰਹੀ।

**ਵਲੋਂ: ਸਮੂਹ ਕਾਰਜ ਕਾਰਨੀ ਕਮੇਟੀ, ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ)**


GLOBAL ADVISORS, LLC.
168 S. Hillview Drive, Milpitas, CA 95035
contact@globaladvisors.llcwww.globaladvisors.llc
Phone: 408-613-3876 / 408-600-9471
Legal Documentation Services:
Family Law, Estate Planning, Small Claims/ Civil Law, Unlawful Detainer, POA, Social Security Disability.



'Sara'- Saraswatee Consultant
Income Tax Preparation: Strategic individual and business tax filings, tax planning, IRS audit, sales & use tax, and new company formation.
Financial Accounting & Management: Strategic accounting & reporting services, which are scalable, tactical, and team-driven.
Immigration Consulting: Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others
Live-Scan and Notary
GLOBAL ADVISORS, LLC
contact@globaladvisors.llc 408-613-3876 / 408-600-9471



Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99
Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more
Everyday Special
1 Large 14" Toppings Pizza
$21.99 *
FREE 2LT SODA
Best Deal
1X-Large 18" 1 Topping Pizza
$22.99 *
FREE 2LT SODA
King Kong Deal
1 King Kong 2 Toppings PIZZA
$37.99 *
FREE 2LT SODA
* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਅਮਰੀਕਾ 'ਚ ਦੁਬਾਰਾ ਸ਼ੱਟਡਾਊਨ

ਅਮਰੀਕੀ ਫੈਡਰਲ ਸਿਸਟਮ ਵਿਚ ਕੌਮੀ ਪੱਧਰ ਤੇ ਰਾਸ਼ਟਰਪਤੀ ਅਤੇ ਸੂਬਿਆਂ ਦੇ ਪੱਧਰ ਤੇ ਗਵਰਨਰ ਸਿੱਧੇ ਚੁਣੇ ਜਾਣ ਕਾਰਨ ਇਹਨਾਂ ਦੋਵੇਂ ਅਹੁਦਿਆਂ ਕੋਲ ਅਸੀਮਤ ਤਾਕਤਾਂ ਹਨ ਪਰ ਫੈਡਰਲ ਪੱਧਰ ਤੇ ਰਾਸ਼ਟਰਪਤੀ ਉਸ ਵਕਤ ਘਿਰ ਜਾਂਦੇ ਹਨ, ਜਦੋਂ ਸਰਕਾਰੀ ਕੰਮਕਾਜ ਚਲਾਉਣ ਲਈ ਪੈਸੇ-ਧੇਲੇ ਦੀ ਲੋੜ ਹੁੰਦੀ ਹੈ ਕਿਉਂਕਿ ਅਮਰੀਕਾ ਦੇ ਖਜ਼ਾਨੇ 'ਤੇ ਅਮਰੀਕਾ ਦੀ ਚੁਣੀ ਹੋਈ ਸੈਨੇਟ ਅਤੇ ਪ੍ਰਤੀਨਿਧੀ ਸਭਾ ਦਾ ਕਬਜ਼ਾ ਹੈ, ਯਾਨਿ ਕਿ ਜੇਕਰ ਸੈਨੇਟ ਵਿਚ ਰਾਸ਼ਟਰਪਤੀ ਦੇ ਕੋਲ ਬਹੁਮਤ ਨਹੀਂ ਹੈ ਤਾਂ ਸਰਕਾਰੀ ਕੰਮਕਾਜ ਰੋਕ ਕੇ ਸੈਨੇਟ ਰਾਸ਼ਟਰਪਤੀ ਲਈ ਮੁਸ਼ਕਿਲਾਂ ਵਧਾ ਸਕਦਾ ਹੈ। ਠੀਂ ਅਜਿਹਾ ਹੀ ਹੁਣ ਫਿਰ 6 ਸਾਲਾਂ ਬਾਅਦ ਹੋ ਰਿਹਾ ਹੈ ਜਦੋਂ ਸੈਨੇਟ ਵਿਚ ਸਰਕਾਰ ਦੇ ਖਰਚਿਆਂ ਨੂੰ ਲੈ ਕੇ ਸਹਿਮਤੀ ਨਹੀਂ ਣ ਸਕੀ, ਇਸ ਕਰਕੇ ਇਸ ਨਾਲ ਜੁੜਿਆ ਬਿਲ ਪਾਸ ਨਹੀਂ ਹੋ ਸਕਿਆ। 2018 ਤੋਂ ਬਾਅਦ ਅਮਰੀਕਾ ਸਰਕਾਰ ਦਾ ਇਹ ਪਹਿਲਾ ਸ਼ੱਟਡਾਊਨ ਹੈ, ਇਸ ਕਾਰਨ ਗੈਰ-ਜ਼ਰੂਰੀ ਕਰਮ-ਚਾਰੀਆਂ ਲਈ ਬਿਨਾਂ ਤਨਖਾਹ ਦੇ ਛੁੱਟੀ ਉਤੇ ਜਾਣ ਦੀ ਨੌਬਤ ਆ ਜਾਵੇਗੀ। ਸਰਕਾਰ ਨੂੰ ਫੰਡ ਉਪਲਬਧ ਕਰਵਾਉਣ ਲਈ ਡੈਮੋਕ੍ਰੇਟਸ ਦਾ ਪ੍ਰਸਤਾਵ ਖਾਰਜ ਹੋ ਗਿਆ, ਜਿਸ ਨੂੰ 45 ਵੋਟ ਮਿਲੇ, ਜਦਕਿ ਵਿਰੋਧ ਵਿਚ 55 ਵੋਟਾਂ ਪਈਆਂ। ਇਸ ਤੋਂ ਬਾਅਦ ਵਾਈਟ ਹਾਊਸ ਦੀ ਵੈਬਸਾਈਟ 'ਤੇ ਸ਼ੱਟਡਾਊਨ ਕਲਾਕ ਲਗਾਇਆ ਗਿਆ।ਇਸ ਨੂੰ ਡੈਮੋਕ੍ਰੇਟ ਸ਼ੱਟਡਾਊਨ ਦੱਸਦੇ ਹੋਏ ਲਿਖਿਆ ਗਿਆ ਕਿ 'ਲੋਕ ਡੈਮੋਕ੍ਰੇਟਾਂ ਨਾਲ ਸਹਿਮਤ ਨਹੀਂ ਹਨ।

ਇੱਧਰ ਵਾਈਟ ਹਾਊਸ ਦੇ ਮੈਨੇਜਮੈਂਟ ਅਤੇ ਬਜਟ ਆਫਿਸ ਨੇ ਵੀ ਇਕ ਮੈਮੋਰੰਡਮ ਜਾਰੀ ਕਰਕੇ ਪੁਸ਼ਟੀ ਕੀਤੀ ਹੈ ਕਿ ਸਰਕਾਰ ਮੰਗਲਵਾਰ ਅੱਧੀ ਰਾਤ ਤੋਂ ਬੰਦ ਹੋ ਜਾਵੇਗੀ। ਇਸ ਮੈਮੋਰੰਡਮ ਤੇ ਡਾਇਰੈਕਟਰ ਰਸੇਲ ਵਾਟ ਦੇ ਦਸਤਖਤ ਹਨ। ਇਸ ਦਰਮਿਆਨ ਡੈਮੋਕ੍ਰੇਟਸ ਅਤੇ ਰਿਪਬਲਿਕਨ ਇਕ-ਦੂਜੇ ਨੂੰ ਸ਼ੱਟਡਾਊਨ ਲਈ ਜ਼ਿੰ-ਮੇਵਾਰ ਠਹਿਰਾਅ ਰਹੇ ਹਨ। ਰਿਪਬਲਿਕਨਾਂ ਕੋਲ ਕਾਂਗਰਸ ਦਾ ਕੰਟਰੋਲ ਹੈ ਪਰ ਸੈਨੇਟ ਵਿਚ ਖਰਚ ਨਾਲ ਜੁੜੇ ਕਿਸੇ ਵੀ ਬਿਲ ਨੂੰ ਪਾਸ ਕਰਨ ਲਈ 60 ਵੋਟਾਂ ਦੀ ਲੋੜ ਹੁੰਦੀ ਹੈ। ਸ਼ੱਟਡਾਊਨ ਜਿਉਂ ਹੀ ਲਾਗੂ ਹੋਇਆ, ਕੌਮੀ ਪਾਰਕ ਬੰਦ ਹੋ ਗਏ ਅਤੇ ਲੇਬਰ ਵਿਭਾਗ ਦੇ ਤਹਿਤ ਕੰਮ ਕਰਨ ਵਾਲਾ ਬਿਊਰੋ ਆਫ ਲੇਬਰ ਸਟੈਸਟਿਕਸ ਵੀ ਬੰਦ ਹੋ ਗਿਆ। ਸ਼ੁੱਕਰਵਾਰ ਨੂੰ ਆਉਣ ਵਾਲੀ ਮਹੀਨਾਵਾਰ ਜੌਬ ਰਿਪੋਰਟ ਜਾਰੀ ਨਹੀਂ ਹੋਈ।

ਹਾਲ ਦੇ ਮਹੀਨਿਆਂ ਵਿਚ ਭਰਤੀਆਂ ਵਿਚ ਗਿਰਾਵਟਦੇ ਕਾਰਨ ਇਸ ਰਿਪੋਰਟ ਦੀ ਬਹੁਤ ਜ਼ਿਆਦਾ ਉਡੀਕ ਕੀਤੀ ਜਾ ਰਹੀ ਸੀ। ਰਿਪੋਰਟ ਨਾ ਆਉਣ ਕਾਰਨ ਅਮਰੀਕੀ ਅਰਥ-ਵਿਵਸਥਾ ਦੀ ਤਸਵੀਰ ਹੋਰ ਧੁੰਦਲੀ ਹੋਵੇਗੀ ਅਤੇ ਅਨਿਸਚਿਤਤਾ ਦਾ ਮਾਹੌਲ ਵਧਣਾ ਆਰੰਭ ਹੋ ਜਾਂਦਾ ਹੈ। ਹਜ਼ਾਰਾਂ ਫੈਡਰਲ ਕਰਮਚਾਰੀ ਇਸ ਤੋਂ ਪ੍ਰਭਾਵਿਤ ਹੋਣਗੇ ਅਤੇ ਕਈ ਏਜੰਸੀਆਂ ਦਾ ਕੰਮਕਾਜ ਠੱਪ ਹੋ ਜਾਂਦਾ ਹੈ। ਹਾਲਾਂਕਿ ਫੌਜ, ਏਅਰ ਟ੍ਰੈਫਿਕ ਕੰਟਰੋਲ ਅਤੇ ਸੋਸ਼ਲ ਸਕਿਊਰਟੀ ਵਰਗੀਆਂ ਲਾਜ਼ਮੀ ਸੇਵਾਵਾਂ ਪ੍ਰਭਾਵਿਤ ਨਹੀਂ ਹੁੰਦੀਆਂ। ਬਾਰਡਰ ਸਕਿਊਰਟੀ, ਹਸਪਤਾਲ ਵਿਚ ਮੈਡੀਕਲ ਕੇਅਰ, ਕਾਨੂੰਨ ਐਨਫੋਰਸਮੈਂਟ ਅਤੇ ਹਵਾਈ ਆਵਾਜਾਈ ਕੰਟਰੋਲ ਵਰਗੇ ਕੰਮ ਜਾਰੀ ਰਹਿਣਗੇ।ਸੋਸ਼ਲ ਸਕਿਊਰਟੀ ਅਤੇ ਮੈਡੀਕੇਅਰ ਦੇ ਚੈਕ ਸਰਕਾਰ ਦੁਆਰਾ ਭੇਜੇ ਜਾਂਦੇ ਰਹਿਣਗੇ ਪਰ ਬੈਨੀਫਿਟ ਵੈਰੀਫਿਕੇਸ਼ਨ ਅਤੇ ਕਾਰਡ ਇਸ਼ੂ ਕਰਨ ਦਾ ਕੰਮ ਬੰਦ ਹੋ ਸਕਦਾ ਹੈ। ਕਰਮਚਾਰੀ ਤਾਂ ਆਮ ਵਾਂਗ ਕੰਮ ਕਰਦੇ ਰਹਿੰਦੇ ਹਨ ਪਰ ਕਈ ਮਹਿਕਮਿਆਂ ਵਿਚ ਉਹਨਾਂ ਨੂੰ ਤਨਖਾਹ ਨਹੀਂ ਮਿਲਦੀ ਅਤੇ ਛਾਂਟੀਆਂ ਵੀ ਆਰੰਭ ਹੋ ਸਕਦੀਆਂ ਹਲ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਅੱਜ ਦੀ ਦੁਨੀਆ ਵਿਚ ਕਿੱਥੇ ਖੜ੍ਹਾ ਹੈ ਭਾਰਤ



ਗੁਰਬਚਨ ਜਗਤ

ਹਾਲ ਹੀ ਦੀਆਂ ਘਟਨਾਵਾਂ ਨੇ ਇੱਕ ਵਾਰ ਫਿਰ ਮੈਨੂੰ ਆਲਮੀ ਵਿਵਸਥਾ 'ਚ ਭਾਰਤ ਦੇ ਮੁਕਾਮ, ਦਬਦਬੇ ਲਈ ਅਪਣਾਈ ਗਈ ਰਣਨੀਤੀ ਤੇ ਉਸ ਭੂਮਿਕਾ ਬਾਰੇ ਸੋਚਣ ਲਈ ਮਜਬੂਰ ਕੀਤਾ ਹੈ ਜੋ 'ਸਾਊਥ ਬਲਾਕ' ਨੂੰ ਨਿਭਾਉਣੀ ਚਾਹੀਦਾ ਹੈ। ਪਿਛਲੇ ਕੁਝ ਸਮੇਂ ਤੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਸ ਦੀ ਸ਼ਖ਼ਸੀਅਤ ਚਰਚਾ ਦਾ ਵਿਸ਼ਾ ਰਹੀ ਹੈ ਜੋ ਅਮਰੀਕੀ ਰਣਨੀਤੀ ਨੂੰ ਆਕਾਰ ਦੇ ਰਹੀ ਹੈ; ਹਾਲਾਂਕਿ ਇਹ ਇੱਕ ਕਾਰਕ ਹੈ, ਪਰ ਇਸ ਨੂੰ ਹੀ ਸਭ ਕੁਝ ਮੰਨ ਕੇ ਚੱਲਣਾ ਰਾਜਸੀ ਮਾਮਲਿਆਂ ਦੇ ਲੋੜੋਂ ਵੱਧ ਸਰਲੀਕਰਨ ਵਰਗਾ ਹੈ, ਖਾਸ ਕਰ ਕੇ ਉਦੋਂ ਜਦ ਸਵਾਲਾਂ ਦੇ ਘੇਰੇ 'ਚ ਆਇਆ ਮੁਲਕ ਮਹਾਂ ਸ਼ਕਤੀ ਹੋਵੇ। ਸ਼ਾਇਦ ਸਾਡੀ ਆਪਣੀ ਰਾਜਨੀਤੀ, ਜੋ ਲੰਮੇ ਸਮੇਂ ਤੋਂ ਸੰਸਥਾਈ ਹੋਣ ਦੀ ਬਜਾਏ ਵਿਅਕਤੀ-ਆਧਾਰਿਤ ਰਹੀ ਹੈ, ਸਾਨੂੰ ਦੂਜਿਆਂ ਨੂੰ ਵੀ ਉਸੇ ਰੌਸ਼ਨੀ ਵਿੱਚ ਦੇਖਣ ਲਈ ਮਜਬੂਰ ਕਰਦੀ ਹੈ।।। ਮੇਰੀ ਰਾਇ ਵਿੱਚ ਇਹ ਗੰਭੀਰ ਭੁੱਲ ਹੈ। ਸ਼ੁਰੂਆਤੀ ਤੌਰ 'ਤੇ ਅਮਰੀਕਾ-ਪਾਕਿਸਤਾਨ ਦੇ ਸਬੰਧਾਂ ਨੂੰ ਹੀ ਲ । ਪਾਕਿਸਤਾਨ ਭਾਵੇਂ ਕਦੇ-ਕਦਾਈਂ ਹੀ ਅਮਰੀਕਾ ਲਈ ਸ਼ਰਾਰਤੀ ਬੱਚਾ ਰਿਹਾ ਹੋਵੇ (ਖਾਸ ਕਰ ਕੇ ਅਲ-ਕਾਇਦਾ ਅਤੇ ਉਸਾਮਾ ਬਿਨ-ਲਾਦਿਨ ਦੇ ਪੜਾਅ ਦੌਰਾਨ) ਪਰ ਇਹ ਵੱਡੇ ਪੱਧਰ 'ਤੇ ਦੱਖਣੀ ਅਤੇ ਮੱਧ ਏਸ਼ੀਆ ਲਈ ਅਮਰੀਕੀ ਨੀਤੀ ਦਾ ਸਾਧਨ ਰਿਹਾ ਹੈ। ਸੋਵੀਅਤ ਸੰਘ ਵਿਰੁੱਧ ਅਫ਼ਗਾਨ ਮੁਜਾਹਿਦੀਨ ਦੇ ਵਿਦਰੋਹ ਦੌਰਾਨ ਪਾਕਿਸਤਾਨ ਨੇ ਅਹਿਮ ਭੂਮਿਕਾ ਨਿਭਾਈ। ਬਾਅਦ ਵਿੱਚ ਅਫਗਾਨਿਸਤਾਨ 'ਤੇ ਅਮਰੀਕੀ ਹਮਲੇ ਅਤੇ ਤਾਲਿਬਾਨ ਨਾਲ ਜੰਗ ਦੌਰਾਨ ਪਾਕਿਸਤਾਨ ਨੇ ਸਾਜ਼ੋ-ਸਾਮਾਨ ਦੀ ਸਹਾਇਤਾ ਅਤੇ ਖ਼ੁਫ਼ੀਆ ਜਾਣਕਾਰੀਆਂ, ਦੋਵੇਂ ਮੁਹੱਈਆ ਕੀਤੀਆਂ। ਇਸ ਤਰ੍ਹਾਂ ਤਾਲਿਬਾਨ ਅਤੇ ਹੱਕਾਨੀ ਨੈੱਟਵਰਕ ਨਾਲ ਦੋਹਰੀ ਖੇਡ ਖੇਡੀ, ਹਾਲਾਂਕਿ ਇਸ ਦੀ ਵੱਡੀ ਕੀਮਤ ਚੁਕਾਈ।



ਪੈਟਨ ਟੈਂਕਾਂ ਤੋਂ ਸ਼ੁਰੂ ਹੋ ਕੇ ਅਤੇ ਬਾਅਦ ਵਿੱਚ ਐਫ-16 ਲੜਾਕੂ ਜਹਾਜ਼ਾਂ ਤੱਕ, ਪਾਕਿਸਤਾਨ ਦੀ ਫੌਜ ਨੂੰ ਵੀ ਵੱਡੇ ਪੱਧਰ 'ਤੇ ਅਮਰੀਕਾ ਦੁਆਰਾ ਲੈਸ ਕੀਤਾ ਗਿਆ ਤੇ ਸਿਖਲਾਈ ਦਿੱਤੀ ਗਈ। ਹਾਲ ਹੀ ਵਿੱਚ ਭਾਵੇਂ ਇਸ ਨੂੰ ਚੀਨ 'ਚ ਵੀ ਮਜ਼ਬੂਤ ਸਮਰਥਕ ਲੱਭ ਗਿਆ ਹੈ। ਮੈਂ ਇਸ ਪੁਰਾਣੇ ਸਬੰਧ ਦਾ ਜ਼ਿਕਰ ਅਮਰੀਕਾ ਦੇ ਖੇਤਰ 'ਚ ਰਹੇ ਰਣਨੀਤਕ ਹਿੱਤਾਂ ਨੂੰ ਉਜਾਗਰ ਕਰਨ ਲਈ ਕਰ ਰਿਹਾ ਹਾਂ (ਜੋ ਅਜੇ ਵੀ ਹਨ)। ਹੁਣ ਇੱਕ ਵਾਰ ਫਿਰ ਅਮਰੀਕੀ ਰਾਸ਼ਟਰਪਤੀ ਨੇ ਮੰਗ ਕੀਤੀ ਹੈ ਕਿ ਅਫ਼ਗਾਨਿਸਤਾਨ ਬਗਰਾਮ ਏਅਰ ਬੇਸ ਅਮਰੀਕਾ ਨੂੰ ਸੌਂਪ ਦੇਵੇ, ਜੋ ਦਰਸਾਉਂਦਾ ਹੈ ਕਿ ਫੌਜੀ ਕਾਰਵਾਈ ਹੋਣ ਵਾਲੀ ਹੈ। ਸੋਵੀਅਤ ਸੰਘ ਨਾਲ ਸਾਡੇ ਰਿਸ਼ਤਿਆਂ ਅਤੇ ਖਾਸ ਕਰ ਕੇ ਤਿੰਨਾਂ ਸੈਵਾਵਾਂ 'ਚ ਰੂਸੀ ਹਥਿਆਰਾਂ ਤੇ ਗੋਲਾ-ਬਾਰੂਦ ਦੀ ਮੌਜੂਦਗੀ (ਸਾਡਾ ਜ਼ਿਆਦਾਤਰ ਪੁਰਾਣਾ ਸਾਜ਼ੋ-ਸਾਮਾਨ ਰੂਸੀ ਹੈ) ਨੇ 20ਵੀਂ ਸਦੀ 'ਚ ਜ਼ਿਆਦਾਤਰ ਭਾਰਤ-ਅਮਰੀਕਾ ਦੇ ਸਬੰਧਾਂ ਨੂੰ ਠੰਢਾ ਜਾਂ ਬਹੁਤਾ ਕਰ ਕੇ ਨਿੱਘਾ ਰੱਖਿਆ ਹੋਇਆ ਸੀ। ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਭਾਰਤੀ ਅਰਥਚਾਰੇ ਦੇ ਖੁੱਲ੍ਹਣ ਨਾਲ ਨਵੀਂ ਸ਼ੁਰੂਆਤ ਲਈ ਸਾਜ਼ਗਾਰ ਮਾਹੌਲ ਬਣਿਆ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਭਾਰਤ-ਅਮਰੀਕਾ ਨਾਗਰਿਕ ਪਰਮਾਣੂ ਸਮਝੌਤੇ ਨੇ ਭਾਰਤ 'ਤੇ ਦਹਾਕਿਆਂ ਤੋਂ ਲੱਗੀ ਪਰਮਾਣੂ ਤਕਨੀਕ ਦੀ ਪਾਬੰਦੀ ਨੂੰ ਖ਼ਤਮ ਕਰ ਦਿੱਤਾ ਅਤੇ ਇਸ ਨੂੰ ਅਸਲ 'ਚ ਪਰਮਾਣੂ ਹਥਿਆਰਾਂ ਵਾਲੇ ਰਾਸ਼ਟਰ ਵਜੋਂ ਮਾਨਤਾ ਦਿੱਤੀ। ਇਸ ਨਾਲ ਭਾਰਤ-ਅਮਰੀਕਾ ਸਬੰਧਾਂ ਨੂੰ ਬਹੁਤ ਸਕਾਰਾਤਮਕ ਹੁਲਾਰਾ ਮਿਲਿਆ।

ਰਾਸ਼ਟਰਪਤੀ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਭਾਰਤ-ਅਮਰੀਕਾ ਸਬੰਧਾਂ ਵਿੱਚ ਸੁਧਾਰ ਹੁੰਦਾ ਜਾਪਦਾ ਸੀ; ਹਾਲਾਂਕਿ ਇਸ ਸਾਲ ਸੰਕੇਤ ਬਦਸ਼ਗਨੀ 'ਚ ਬਦਲ ਗਏ, ਜਦੋਂ ਟਰੰਪ ਨੇ ਪਾਕਿਸਤਾਨੀ ਅਤਿਵਾਦੀਆਂ ਵੱਲੋਂ ਕੀਤੇ ਗਏ ਪਹਿਲਗਾਮ ਹਮਲੇ ਤੋਂ ਬਾਅਦ ਮਈ ਵਿੱਚ ਹੋਈ ਝੜਪ ਮਗਰੋਂ ਭਾਰਤ-ਪਾਕਿਸਤਾਨ ਜੰਗਬੰਦੀ 'ਚ ਵਿਚੋਲਗੀ ਕਰਨ ਦਾ ਦਾਅਵਾ ਕੀਤਾ। ਭਾਰਤ ਨੇ ਬਿਲਕੁਲ ਸਹੀ ਢੰਗ ਨਾਲ ਇਸ ਦਾਅਵੇ ਨੂੰ ਨਕਾਰ ਦਿੱਤਾ ਤੇ ਸਪੱਸ਼ਟ ਕੀਤਾ ਕਿ ਗੋਲੀਬੰਦੀ 'ਤੇ ਦੋਵਾਂ ਦੇਸ਼ਾਂ ਦੇ ਡੀ ਜੀ ਐੱਮ ਵਿਚਕਾਰ ਗੱਲਬਾਤ ਹੋਈ ਸੀ। ਬਾਅਦ ਵਿੱਚ ਵੀ ਟਰੰਪ ਨੇ ਕਈ ਵਾਰ ਜੰਗਬੰਦੀ ਕਰਾਉਣ ਦਾ ਦਾਅਵਾ ਕੀਤਾ ਤੇ ਕਿਹਾ ਕਿ ਉਸ ਦੇ ਯਤਨਾਂ ਸਦਕਾਂ ਇੱਕ ਸੰਭਾਵੀ ਪਰਮਾਣੂ ਟਕਰਾਅ ਟਲ ਗਿਆ ਸੀ। ਸਬੰਧਾਂ 'ਚ ਹੋਰ ਦਰਾੜ ਉਦੋਂ ਪਈ, ਜਦੋਂ ਪਾਕਿਸਤਾਨ ਦੇ ਸੈਨਾ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਨੂੰ ਟਰੰਪ ਦੁਆਰਾ ਵਿਸ਼ੇਸ਼ ਤੌਰ 'ਤੇ ਖਾਣੇ ਲਈ ਸੱਦਿਆ ਗਿਆ (ਅਮਰੀਕਾ ਨੇ ਬਾਅਦ ਵਿੱਚ ਮੁਨੀਰ ਦੀ ਮੇਜ਼ਬਾਨੀ ਵੀ ਕੀਤੀ)। ਕਿਸੇ ਦੇਸ਼ ਦੇ ਸੈਨਾ ਮੁਖੀ ਨੂੰ ਦਿੱਤਾ ਗਿਆ ਸੱਦਾ, ਜਿੱਥੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵੀ ਹੋਵੇ, ਸਾਰੀ ਸਥਿਤੀ ਆਪ ਹੀ ਸਪੱਸ਼ਟ ਕਰ ਦਿੰਦਾ ਹੈ। ਸਾਡੇ ਪ੍ਰਧਾਨ ਮੰਤਰੀ ਨੂੰ ਵੀ ਸੱਦਾ ਦਿੱਤਾ ਗਿਆ ਸੀ, ਜੋ ਉਸ ਸਮੇਂ ਕੈਨੇਡਾ ਵਿੱਚ ਸਨ, ਪਰ ਉਨ੍ਹਾਂ ਇਨਕਾਰ ਕਰ ਦਿੱਤਾ, ਕਿਉਂਕਿ ਉਹ ਪਹਿਲਾਂ ਮਿੱਥੇ ਗਏ ਪ੍ਰੋਗਰਾਮ ਮੁਤਾਬਕ ਰੁੱਝੇ ਹੋਏ ਸਨ (ਵ੍ਹਾਈਟ ਹਾਊਸ ਦੇ ਮੌਜੂਦਾ ਨਿਵਾਸੀਆਂ ਨੇ ਇਸ ਨੂੰ ਹਲਕੇ ਵਿੱਚ ਨਹੀਂ ਲਿਆ ਹੋਵੇਗਾ)।

ਪਿਛਲੇ ਸਾਲ ਆਪਣੀਆਂ ਚੋਣ ਰੈਲੀਆਂ ਵਿੱਚ ਟਰੰਪ ਨੇ ਭਾਰਤ ਨੂੰ 'ਟੈਰਿਫ ਕਿੰਗ' ਕਿਹਾ ਸੀ ਅਤੇ ਭਾਰਤ ਤੇ ਹੋਰਨਾਂ ਦੇਸ਼ਾਂ 'ਤੇ ਜ਼ਿਆਦਾ ਟੈਕਸ ਲਾਉਣ ਦੀ ਚਿਤਾਵਨੀ ਦਿੱਤੀ ਸੀ। ਉਸ ਦਾ ਦਾਅਵਾ ਸੀ ਕਿ ਅਮਰੀਕਾ ਨਾਲ ਇਨ੍ਹਾਂ ਦੇਸ਼ਾਂ ਦਾ ਵਪਾਰਕ ਸੰਤੁਲਨ ਅਤੇ ਅਮਲ ਸਹੀ ਨਹੀਂ ਹਨ। ਆਖ਼ਿਰਕਾਰ, ਟੈਰਿਫ ਲਾਏ ਗਏ; ਪਹਿਲਾਂ 25 ਪ੍ਰਤੀਸ਼ਤ, ਜੋ ਝਟਕਾ ਸੀ ਕਿਉਂਕਿ ਸਾਡੇ ਗੁਆਂਢੀ ਏਸ਼ਿਆਈ ਮੁਲਕਾਂ (ਚੀਨ ਨੂੰ ਛੱਡ ਕੇ) 'ਤੇ ਬਹੁਤ ਘੱਟ ਟੈਰਿਫ ਲਾਗੂ ਹਨ ਅਤੇ ਫਿਰ ਰੂਸੀ ਤੇਲ ਖਰੀਦਣ ਲਈ ਵਾਧੂ 25 ਪ੍ਰਤੀਸ਼ਤ (ਕੁੱਲ 50 ਪ੍ਰਤੀਸ਼ਤ, ਜੋ ਬਹੁਤ ਜ਼ਿਆਦਾ ਹੈ)।

ਕਿਸੇ ਕਾਰਨ ਕਰ ਕੇ ਸਾਡਾ ਵਿਦੇਸ਼ ਤੇ ਵਣਜ ਮੰਤਰਾਲਾ ਅਤੇ ਮੀਡੀਆ ਦਾ ਵੱਡਾ ਹਿੱਸਾ ਇਸ ਮੰਡਰਾਉਂਦੇ ਖ਼ਤਰੇ ਨੂੰ ਨਕਾਰਦਾ ਜਾਪਿਆ, ਇਸ ਉਮੀਦ ਵਿੱਚ ਕਿ ਸਾਡੇ ਨੇਤਾਵਾਂ ਦੀ ਆਪਸੀ ਨੇੜਤਾ ਇਸ ਤੋਂ ਬਚਾ ਲਏਗੀ। ਹੁਣ ਕੋਈ ਦਿਨ ਅਜਿਹਾ ਨਹੀਂ ਗੁਜ਼ਰਦਾ, ਜਦੋਂ ਸਾਡੇ ਅਰਥਚਾਰੇ ਨੂੰ ਸੱਟ ਮਾਰਨ ਵਾਲੇ ਹੋਰ ਦੰਡਾਤਮਕ ਕਦਮਾਂ ਦੀ ਧਮਕੀ ਨਾ ਦਿੱਤੀ ਜਾਂਦੀ ਹੋਵੇ। ਐਚ-1ਬੀ ਵੀਜ਼ਾ (1,00,000 ਡਾਲਰ ਫੀਸ ਲਗਾਉਣਾ) ਇਸ ਮਾਮਲੇ 'ਚ ਤਾਜ਼ਾ ਸ਼ਿਕਾਰ ਹੈ। ਇਸ ਦੇ ਸਾਡੀਆਂ ਸੂਚਨਾ ਤਕਨੀਕ ਫਰਮਾਂ ਅਤੇ ਪੇਸ਼ੇਵਰਾਂ ਉਤੇ ਵਿਆਪਕ ਅਸਰ ਪੈਣਗੇ। ਸਾਨੂੰ ਇਨ੍ਹਾਂ ਉੱਚ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਦੇ ਸੰਭਾਵੀ ਪਿੱਛੇ ਵੱਲ ਪਰਵਾਸ ਲਈ ਉਸਾਰੂ ਮਾਹੌਲ ਸਿਰਜਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ; ਕਿਤੇ ਇਹ ਨਾ ਹੋਵੇ ਕਿ ਅਸੀਂ ਫਿਰ ਉਨ੍ਹਾਂ ਨੂੰ ਕਿਸੇ ਹੋਰ ਬਾਹਰਲੇ ਮੁਲਕ ਨੂੰ ਗੁਆ ਲਈਏ।

ਸੋ, ਸਾਨੂੰ ਅਲੱਗ-ਥਲੱਗ ਕਿਉਂ ਕੀਤਾ ਜਾ ਰਿਹਾ ਹੈ ਅਤੇ ਨਿਸ਼ਾਨਾ ਕਿਉਂ ਬਣਾਇਆ ਜਾ ਰਿਹਾ ਹੈ? ਕੀ ਇਹ ਮੁੱਖ ਤੌਰ 'ਤੇ ਰੂਸੀ ਤੇਲ ਦਾ ਸਵਾਲ ਹੈ? ਜੇ ਅਜਿਹਾ ਹੁੰਦਾ ਤਾਂ ਯੂਰੋਪ ਅਤੇ ਕਈ ਨਾਟੋ ਦੇਸ਼ ਵੀ ਇਸੇ ਦੇ ਦੋਸ਼ੀ ਹੁੰਦੇ। ਜੇ ਨਹੀਂ, ਤਾਂ ਕੀ ਅਸੀਂ ਬਹੁਤ ਵੱਡੀ ਖੇਡ ਵਿੱਚ 'ਕਿਸੇ ਜਾਲ 'ਚ ਫਸਾ ਕੇ ਠੱਗੇ ਜਾ ਰਹੇ ਹਾਂ?' ਕਿਉਂਕਿ ਸਾਊਦੀ ਅਰਬ-ਪਾਕਿਸਤਾਨ ਦਾ ਫੌਜੀ ਸਮਝੌਤਾ ਐਨੀ ਜਲਦੀ ਕਿਵੇਂ ਹੋ ਸਕਦਾ ਹੈ? ਅਮਰੀਕਾ ਦੇ ਥਾਪੜੇ ਤੋਂ ਬਿਨਾਂ ਇਹ ਸੰਭਵ ਨਹੀਂ ਹੈ।

ਇਕ ਹੋਰ ਜ਼ੋਰਦਾਰ ਝਟਕਾ ਇਰਾਨ ਵਿੱਚ ਚਾਬਹਾਰ ਬੰਦਰਗਾਹ 'ਤੇ ਪਾਬੰਦੀ ਦੀ ਛੋਟ ਨੂੰ ਰੱਦ ਕਰਨਾ ਸੀ। ਇਹ ਬੰਦਰਗਾਹ ਖੇਤਰ ਵਿੱਚ ਸਾਡੇ ਮੁੱਖ ਰਣਨੀਤਕ ਹਿੱਤਾਂ ਵਿੱਚੋਂ ਇੱਕ ਸੀ। ਇਸ ਨਾਲ ਸਾਨੂੰ ਮੱਧ ਏਸ਼ਿਆਈ ਬਾਜ਼ਾਰਾਂ ਅਤੇ ਅਫਗਾਨਿਸਤਾਨ ਤੱਕ ਪਹੁੰਚਣ ਵਿੱਚ ਮਦਦ ਮਿਲਣੀ ਸੀ। ਸ਼ਾਇਦ ਇਰਾਨ ਉਤੇ ਅਮਰੀਕਾ ਦੀ ਹਾਲੀਆ ਬੰਬਾਰੀ ਨੇ ਵੀ ਇਸ ਨੂੰ ਪ੍ਰਭਾਵਿਤ ਕੀਤਾ ਹੈ, ਨਾਲ ਹੀ ਅਮਰੀਕਾ ਅਤੇ ਪਾਕਿਸਤਾਨ ਵਿਚਕਾਰ ਹੋ ਰਹੇ ਸੌਦੇ ਨੇ ਵੀ। ਸ਼ਾਇਦ ਇਹ ਖੇਤਰ ਵਿੱਚ ਚੀਨੀ ਰਸੂਖ਼ ਦਾ ਟਾਕਰਾ ਕਰਨ ਲਈ ਚੁੱਕੇ ਜਾ ਰਹੇ ਕਦਮ ਹਨ। ਚੀਨ ਇਰਾਨੀ ਤੇਲ ਦਾ ਮੁੱਖ ਖਰੀਦਦਾਰ ਹੈ। ਚੀਨ ਅਤੇ ਅਫਗਾਨਿਸਤਾਨ ਦੁਰਲੱਭ ਧਾਤੂ ਖਣਨ 'ਤੇ ਸੌਦੇ ਕਰ ਰਹੇ ਹਨ। 'ਬੈਲਟ ਐਂਡ ਰੋਡ' ਪ੍ਰਾਜੈਕਟ ਇਸੇ ਖੇਤਰ ਵਿੱਚੋਂ ਲੰਘਦਾ ਹੈ- ਬਹੁਤ ਸਾਰੀਆਂ ਚਾਲਾਂ ਚੱਲਦੀਆਂ ਹੋ ਸਕਦੀਆਂ ਹਨ। ਮੈਂ ਆਪਣੇ ਬਿਲਕੁਲ ਨਾਲ ਲੱਗਦੇ ਗੁਆਂਢ 'ਤੇ ਧਿਆਨ ਕੇਂਦਰਿਤ ਕਰਨਾ ਚਾਹਾਂਗਾ। ਨੇਪਾਲ, ਬੰਗਲਾਦੇਸ਼ ਤੇ ਸ੍ਰੀਲੰਕਾ, ਸਾਰਿਆਂ ਵਿੱਚ ਥੋੜ੍ਹੇ ਸਮੇਂ ਵਿੱਚ ਹੀ ਹਿੰਸਕ ਤਰੀਕੇ ਨਾਲ ਸਰਕਾਰਾਂ ਬਦਲੀਆਂ ਹਨ। ਇਹ ਅਚਾਨਕ ਹੋਈਆਂ ਤਬਦੀਲੀਆਂ ਜਾਪਦੀਆਂ ਹਨ, ਅਤੇ ਪੱਕੇ ਤੌਰ ਉਤੇ ਨਹੀਂ ਕਿਹਾ ਜਾ ਸਕਦਾ ਕਿ ਕੀ ਇਹ ਸਿਰਫ਼ ਅੰਦਰੂਨੀ ਅਸ਼ਾਂਤੀ ਦਾ ਨਤੀਜਾ ਸਨ ਜਾਂ ਵਿਦੇਸ਼ੀ ਤਾਕਤਾਂ ਦੁਆਰਾ ਪੈਦਾ ਕੀਤੀ ਗਈ ਭੜਕਾਹਟ। ਅਸੀਂ ਮਨੀਪੁਰ ਦੀ ਸਮੱਸਿਆ ਦਾ ਹੱਲ ਲੱਭਣ ਵਿੱਚ ਸਫਲ ਨਹੀਂ ਹੋਏ ਅਤੇ ਉੱਤਰ-ਪੂਰਬ ਵਿੱਚ ਗੰਭੀਰ ਦਰਾੜਾਂ ਹੋਰ ਡੂੰਘੀਆਂ ਹੋ ਰਹੀਆਂ ਹਨ, ਜੋ ਮਿਆਂਮਾਰ, ਬੰਗਲਾਦੇਸ਼ ਅਤੇ ਨੇਪਾਲ ਨਾਲ ਘਿਰਿਆ ਹੋਇਆ ਹੈ। ਲੰਮਾ ਸਮਾਂ ਬੀਤਣ ਤੋਂ ਬਾਅਦ ਜਿਸ 'ਚ ਸਮੱਸਿਆ ਦੀ ਸ਼ਨਾਖ਼ਤ ਤੇ ਇਸ ਨੂੰ ਦੂਰ ਕਰਨ ਦਾ ਕੋਈ ਯਤਨ ਨਹੀਂ ਕੀਤਾ ਗਿਆ, ਲੱਦਾਖ ਆਖ਼ਿਰਕਾਰ ਉਬਾਲ 'ਤੇ ਆ ਗਿਆ ਹੈ। ਇਹ ਚੀਨ ਨਾਲ ਸਾਡੇ ਬਕਾਇਆ ਸਰਹੱਦੀ ਮੁੱਦਿਆਂ ਦੀ ਪਿੱਠ 'ਤੇ ਚੜ੍ਹ ਕੇ ਆਇਆ ਹੈ ਜੋ ਭਾਰਤ ਦੇ ਪੱਖ 'ਚ ਬਿਲਕੁਲ ਵੀ ਨਹੀਂ ਹੈ। ਆਪਣੇ ਹੀ ਨਾਗਰਿਕਾਂ ਵਿਰੁੱਧ ਘਾਤਕ ਹਥਿਆਰਾਂ ਦੀ ਵਰਤੋਂ, ਜੇ ਕਰਨੀ ਵੀ ਪਵੇ, ਤਾਂ ਆਖ਼ਿਰੀ ਉਪਾਅ ਹੋਣਾ ਚਾਹੀਦਾ ਹੈ।

ਉਥਲ-ਪੁਥਲ ਵਾਲੇ ਸਮਿਆਂ ਨੂੰ ਦੇਖਦਿਆਂ, ਜਦ ਸਾਰੇ ਸੰਸਾਰ ਵਿੱਚ ਤਣਾਅ ਪੈਦਾ ਹੋ ਰਿਹਾ ਹੈ ਅਤੇ ਰਾਸ਼ਟਰ ਵਪਾਰਕ ਰੋਕਾਂ ਲਾਗੂ ਕਰ ਕੇ ਵਿਸ਼ਵੀਕਰਨ ਤੋਂ ਮੂੰਹ ਮੋੜ ਰਹੇ ਹਨ, ਸਾਨੂੰ ਇਸ ਤੰਤਰ ਵਿੱਚ ਆਪਣਾ ਮੁਕਾਮ ਲੱਭਣ ਦੀ ਲੋੜ ਹੈ। ਕਿਤੇ ਅਜਿਹਾ ਨਾ ਹੋਵੇ ਕਿ ਇਹ ਘਟਨਾਕ੍ਰਮ ਸਾਡੇ ਉਤੇ ਭਾਰੂ ਪੈ ਜਾਵੇ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਭੁਪਿੰਦਰ ਸਿੰਘ ਪਦਮ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਜਸਵੀਰ ਸਿੰਘ ਤੱਖਰ
(19) ਸੁਖਵਿੰਦਰ ਭੇਲਾ
(20) ਰਵਿੰਦਰ ਪਾਲ
(21) ਅਟਾਰਨੀ ਤਨਵੀਰ ਜੋਸ਼ੀ
(22) ਰੋਜ਼ੀ ਕਮਲ ਕੌਰ
(23) ਦਵਿੰਦਰ ਸਿੰਘ ਪਾਬਲਾ

# ਅਮਰੀਕਾ ਵਿੱਚ ਸ਼ਟਡਾਊਣ ਕਿਉਂ ਹੁੰਦਾ ਹੈ

ਵਾਸ਼ਿੰਗਟਨ ਡੀਸੀ ਵਿੱਚ ਅੱਧੀ ਰਾਤ ਹੋ ਗਈ ਅਤੇ ਅਮਰੀਕੀ ਸੰਘੀ ਸਰਕਾਰ ਦਾ ਸ਼ਟਡਾਊਨ ਅਧਿਕਾਰਤ ਤੌਰ 'ਤੇ ਸ਼ੁਰੂ ਹੋ ਗਿਆ ਹੈ। ਇਸ ਨਾਲ ਹੁਣ ਲੱਖਾਂ ਕਾਮੇ ਬਿਨ੍ਹਾਂ ਤਨਖਾਹ ਵਾਲੀ ਛੁੱਟੀ 'ਤੇ ਰਹਿਣਗੇ ਅਤੇ ਬਹੁਤ ਸਾਰੇ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਰੋਕ ਦਿੱਤਾ ਜਾਵੇਗਾ। ਇਹ ਸ਼ਟਡਾਊਨ ਰਿਪਬਲਿਕਨ-ਨਿਯੰਤਰਿਤ ਸੈਨੇਟ ਵੱਲੋਂ ਸਰਕਾਰੀ ਖਰਚ ਬਿੱਲ ਪਾਸ ਕਰਨ ਵਿੱਚ ਅਸਫ਼ਲ ਰਹਿਣ ਤੋਂ ਕੁਝ ਘੰਟਿਆਂ ਬਾਅਦ ਸ਼ੁਰੂ ਹੋਇਆ ਹੈ। ਇਹ 2018 ਤੋਂ ਬਾਅਦ ਪਹਿਲਾ ਸਰਕਾਰੀ ਸ਼ਟਡਾਊਨ ਹੈ ਅਤੇ ਇਸ ਵਿੱਚ ਗੈਰ-ਜ਼ਰੂਰੀ ਕਰਮਚਾਰੀਆਂ ਨੂੰ ਬਗ਼ੈਰ ਤਨਖਾਹ ਦੀ ਛੁੱਟੀ 'ਤੇ ਰੱਖਿਆ ਜਾਵੇਗਾ।

### ਸ਼ਟਡਾਊਨ ਕੀ ਹੈ?

ਅਮਰੀਕੀ ਸਰਕਾਰ ਨੂੰ ਚਲਾਉਣ ਲਈ ਹਰ ਸਾਲ ਇੱਕ ਬਜਟ ਪਾਸ ਕਰਨਾ ਪੈਂਦਾ ਹੈ। ਜੇਕਰ ਸੈਨੇਟ ਅਤੇ ਹਾਊਸ ਫੰਡਿੰਗ ਬਿੱਲ 'ਤੇ ਅਸਹਿਮਤ ਹੁੰਦੇ ਹਨ, ਤਾਂ ਸਰਕਾਰੀ ਏਜੰਸੀਆਂ ਦੇ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਜਾ ਸਕਦੀਆਂ। ਨਤੀਜੇ ਵਜੋਂ, 'ਗੈਰ-ਜ਼ਰੂਰੀ' ਸੇਵਾਵਾਂ ਅਤੇ ਦਫ਼ਤਰ ਬੰਦ ਹੋ ਜਾਂਦੇ ਹਨ। ਇਸੇ ਨੂੰ ਫੈਡਰਲ



ਸ਼ਟਡਾਊਨ ਕਿਹਾ ਜਾਂਦਾ ਹੈ।

### ਸਮੱਸਿਆ ਕੀ ਹੈ ਅਤੇ ਹਾਲਾਤ ਇੱਥੇ ਕਿਵੇਂ ਪਹੁੰਚੇ?

ਰਿਪਬਲਿਕਨ ਸਰਕਾਰ ਨੂੰ ਬਿਨ੍ਹਾਂ ਕਿਸੇ ਹੋਰ ਪਹਿਲਕਦਮੀ ਦੇ ਫੰਡ ਰਿਲੀਜ਼ ਕਰਨ ਵਾਲਾ ਬਿੱਲ ਪਾਸ ਕਰਨ ਲਈ ਜ਼ੋਰ ਪਾ ਰਹੇ ਹਨ, ਜਿਸਨੂੰ ਕਲੀਨ ਸੀਆਰ ਜਾਂ ਨਿਰੰਤਰ ਮਤਾ ਕਿਹਾ ਜਾਂਦਾ ਹੈ। ਪਰ ਉਨ੍ਹਾਂ ਕੋਲ ਸੈਨੇਟ ਵਿੱਚ ਸਿਰਫ਼ 53 ਸੀਟਾਂ ਹਨ ਅਤੇ ਅਜਿਹਾ ਬਿੱਲ ਪਾਸ ਕਰਨ ਲਈ ਉਨ੍ਹਾਂ ਨੂੰ 60 ਵੋਟਾਂ ਦੀ ਲੋੜ ਹੁੰਦੀ ਹੈ। ਇਸ ਲਈ, ਉਨ੍ਹਾਂ ਨੂੰ ਡੈਮੋਕਰੇਟਸ ਦੀ ਲੋੜ ਹੈ ਅਤੇ ਡੈਮੋਕਰੇਟ ਇਹ ਜਾਣਦੇ ਹਨ। ਉਹ ਸਿਹਤ ਸੰਭਾਲ ਵਿੱਚ ਆਪਣੇ ਨੀਤੀਗਤ ਟੀਚਿਆਂ ਨੂੰ ਅੱਗੇ ਵਧਾਉਣ ਲਈ ਇਸ ਦਾ ਲਾਭ ਉਠਾ ਰਹੇ ਹਨ। ਉਨ੍ਹਾਂ ਦੇ ਟੀਚਿਆਂ ਵਿੱਚ ਦੋ ਪੱਖ ਸ਼ਾਮਲ ਹਨ। ਇਹ ਯਕੀਨੀ ਬਣਾਉਣਾ ਕਿ ਘੱਟ ਆਮਦਨ ਵਾਲੇ ਲੋਕਾਂ ਲਈ ਸਿਹਤ ਬੀਮੇ ਲਈ ਸਬਸਿਡੀਆਂ ਦੀ ਮਿਆਦ ਖ਼ਤਮ ਨਾ ਹੋਵੇ।

ਡੈਮੋਕ੍ਰੇਟਸ ਨੇ ਟਰੰਪ ਵੱਲੋਂ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਅਤੇ ਰਾਸ਼ਟਰੀ ਸਿਹਤ ਸੰਸਥਾਵਾਂ ਨੂੰ ਦਿੱਤੀਆਂ ਜਾਣ ਵਾਲੀਆਂ ਕਟੌਤੀਆਂ ਬਾਰੇ ਵੀ ਚਿੰਤਾਵਾਂ ਜ਼ਾਹਰ ਕੀਤੀਆਂ ਹਨ। ਰਿਪਬਲਿਕਨ ਪੱਖ ਤੋਂ ਟਰੰਪ ਪ੍ਰਸ਼ਾਸਨ ਦੇ ਅਧਿਕਾਰੀ ਕੋਈ ਵੀ ਠੋਸ ਰਿਆਇਤਾਂ ਦੇਣ ਲਈ ਤਿਆਰ ਨਹੀਂ ਹਨ।

### ਸਰਕਾਰ ਦੇ ਕਿਹੜੇ ਹਿੱਸੇ ਬੰਦ ਹੋਣਗੇ?

ਸ਼ਟਡਾਊਨ ਦੌਰਾਨ ਸਰਹੱਦੀ ਸੁਰੱਖਿਆ, ਹਸਪਤਾਲ ਵਿੱਚ ਡਾਕਟਰੀ ਦੇਖਭਾਲ, ਕਾਨੂੰਨ ਲਾਗੂ ਕਰਨ ਵਾਲੇ ਅਤੇ ਹਵਾਈ ਆਵਾਜਾਈ ਨਿਯੰਤਰਣ ਦੇ ਕੰਮ ਕਰਦੇ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ। ਜਦੋਂ ਕਿ ਸਮਾਜਿਕ ਸੁਰੱਖਿਆ ਅਤੇ ਮੈਡੀਕੇਅਰ ਚੈੱਕ ਅਜੇ ਵੀ ਜਾਰੀ ਰਹਿਣਗੇ, ਲਾਭ ਪਾਤਰਾਂ ਦੀ ਤਸਦੀਕ ਕਰਨ ਅਤੇ ਕਾਰਡ ਜਾਰੀ ਕਰਨ ਦਾ ਕੰਮ ਬੰਦ ਹੋ ਸਕਦਾ ਹੈ। ਆਮ ਤੌਰ 'ਤੇ ਸ਼ਟਡਾਊਨ ਦੌਰਾਨ, ਜ਼ਰੂਰੀ ਕਰਮਚਾਰੀ ਆਮ ਵਾਂਗ ਕੰਮ ਕਰਦੇ ਰਹਿੰਦੇ ਹਨ, ਉਨ੍ਹਾਂ ਵਿੱਚੋਂ ਕੁਝ ਨੂੰ ਫਿਲਹਾਲ ਤਨਖਾਹ ਨਹੀਂ ਮਿਲਦੀ। ਪਰ ਗੈਰ-ਜ਼ਰੂਰੀ ਸਮਝੇ ਜਾਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਅਸਥਾਈ ਤੌਰ 'ਤੇ ਬਗ਼ੈਰ ਤਨਖਾਹ ਵਾਲੀ ਛੁੱਟੀ 'ਤੇ ਰੱਖਿਆ ਜਾਂਦਾ ਹੈ। ਬੀਤੇ ਸਮਿਆਂ ਵਿੱਚ, ਇਨ੍ਹਾਂ ਕਰਮਚਾਰੀਆਂ ਨੂੰ ਬਾਅਦ ਵਿੱਚ ਤਨਖਾਹ ਦਿੱਤੀ ਜਾਂਦੀ ਰਹੀ ਹੈ। ਇਸਦਾ ਮਤਲਬ ਹੈ ਕਿ ਭੋਜਨ ਸਹਾਇਤਾ ਪ੍ਰੋਗਰਾਮ, ਸੰਘੀ ਫੰਡ ਪ੍ਰਾਪਤ ਪ੍ਰੀ-ਸਕੂਲ, ਵਿਦਿਆਰਥੀ ਕਰਜ਼ੇ ਜਾਰੀ ਕਰਨਾ, ਭੋਜਨ ਨਿਰੀਖਣ ਅਤੇ ਰਾਸ਼ਟਰੀ ਪਾਰਕਾਂ ਵਿੱਚ ਕਾਰਜਾਂ ਵਰਗੀਆਂ ਸੇਵਾਵਾਂ ਵਿੱਚ ਕਟੌਤੀ ਜਾਂ ਬੰਦ ਹੋਣ ਦੀ ਉਮੀਦ ਹੈ।

### ਪਿਛਲੇ ਸ਼ਟਡਾਊਨ ਕਿੰਨੇ ਲੰਬੇ ਚੱਲੇ ਸਨ?

ਅਮਰੀਕਾ ਵਿੱਚ ਸਰਕਾਰੀ ਸ਼ਟਡਾਊਨ ਆਮ ਹੁੰਦਾ ਜਾ ਰਿਹਾ ਹੈ, ਡੌਨਲਡ ਟਰੰਪ ਦੇ ਪਹਿਲੇ ਰਾਸ਼ਟਰਪਤੀ ਕਾਰਜਕਾਲ ਵਿੱਚ ਅਜਿਹੇ ਤਿੰਨ ਮਾਮਲੇ ਸਾਹਮਣੇ ਆਏ ਹਨ। ਇਸ ਵਿੱਚ ਅਮਰੀਕੀ ਇਤਿਹਾਸ ਦਾ ਸਭ ਤੋਂ ਲੰਬਾ ਸ਼ਟਡਾਊਨ ਵੀ ਸ਼ਾਮਲ ਹੈ, ਜੋ 35 ਦਿਨਾਂ ਤੱਕ ਚੱਲਿਆ ਸੀ। ਟਰੰਪ ਤੋਂ ਪਹਿਲਾਂ ਬਿਲ ਕਲਿੰਟਨ ਦੇ ਰਾਸ਼ਟਰਪਤੀ ਦੌਰ ਦਾ ਰਿਕਾਰਡ ਸੀ। ਜਦੋਂ 1995 ਵਿੱਚ ਕਲਿੰਟਨ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੇ ਆਖ਼ਰੀ ਦਿਨ੍ਹਾਂ ਵਿੱਚ ਸਨ ਤਾਂ 21 ਦਿਨਾਂ ਦਾ ਫੈਡਰਲ ਸ਼ਟਡਾਊਨ ਰਿਹਾ ਸੀ। ਰਿਪਬਲਿਕਨਾਂ ਨੇ ਕਲਿੰਟਨ ਦੇ ਪਹਿਲੇ ਕਾਰਜਕਾਲ ਦੇ ਅੱਧ ਵਿੱਚ ਹਾਊਸ ਅਤੇ ਸੈਨੇਟ ਦੋਵਾਂ ਦਾ ਕੰਟਰੋਲ ਲੈ ਲਿਆ ਸੀ ਅਤੇ ਉਹ ਇੱਕ ਅਜਿਹਾ ਬਜਟ ਪਾਸ ਕਰਨਾ ਚਾਹੁੰਦੇ ਸਨ ਜੋ, ਹੋਰ ਚੀਜ਼ਾਂ ਦੇ ਨਾਲ, ਮੈਡੀਕੇਅਰ ਲਈ ਖਰਚ ਨੂੰ ਸੀਮਤ ਕਰ ਸਕੇ। ਇਸੇ ਤਰ੍ਹਾਂ, ਬਰਾਕ ਬਾਮਾ ਨੇ 2013 ਵਿੱਚ ਤਤਕਾਲੀ ਰਾਸ਼ਟਰਪਤੀ ਦੇ ਪ੍ਰਸਤਾਵਿਤ ਸਿਹਤ ਸੰਭਾਲ ਕਾਨੂੰਨ ਨੂੰ ਲੈ ਕੇ 16 ਦਿਨਾਂ ਦਾ ਸ਼ਟਡਾਊਨ ਦਾ ਸਾਹਮਣਾ ਕੀਤਾ ਸੀ। ਰਿਪਬਲਿਕਨ ਰਾਸ਼ਟਰਪਤੀ ਰੌਨਾਲਡ ਰੀਗਨ ਨੇ ਆਪਣੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਸਭ ਤੋਂ ਵੱਧ ਸ਼ਟਡਾਊਨ ਦੇਖੇ। 1980 ਦੇ ਦਹਾਕੇ ਵਿੱਚ ਉਨ੍ਹਾਂ ਦੇ ਦੋ ਕਾਰਜਕਾਲਾਂ ਦੌਰਾਨ ਅੱਠ ਸ਼ਟਡਾਊਨ ਦਰਜ ਕੀਤੇ ਗਏ। ਹਾਲਾਂਕਿ, ਇਹ ਸਾਰੇ ਮੁਕਾਬਲਤਨ ਛੋਟੇ ਸਨ, ਸਭ ਤੋਂ ਲੰਬਾ ਫੰਡਿੰਗ ਸ਼ਟਡਾਊਨ ਵੀ ਮਹਿਜ਼ ਤਿੰਨ ਦਿਨਾਂ ਤੱਕ ਰਿਹਾ ਸੀ।

### ਦੋਵੇਂ ਧਿਰਾਂ ਕੀ ਚਾਹੁੰਦੀਆਂ ਹਨ?

ਜੇ ਦੋਵਾਂ ਧਿਰਾਂ ਦੀ ਮੰਗ ਦੀ ਗੱਲ ਕੀਤੀ ਜਾਵੇ ਤਾਂ ਰਿਪਬਲਿਕਨ ਮੌਜੂਦਾ ਖਰਚ ਪੱਧਰਾਂ ਦਾ ਥੋੜ੍ਹੇ ਸਮੇਂ ਲਈ ਵਿਸਥਾਰ ਚਾਹੁੰਦੇ ਹਨ। ਉਹ ਇਸ ਗੱਲ ਤੋਂ ਖੁਸ਼ ਹਨ ਕਿ ਚੀਜ਼ਾਂ ਕਿਵੇਂ ਚੱਲ ਰਹੀਆਂ ਹਨ, ਖ਼ਾਸ ਕਰਕੇ ਜਦੋਂ ਤੋਂ ਟਰੰਪ ਪ੍ਰਸ਼ਾਸਨ ਕਾਂਗਰਸ ਦੇ ਬਜਟ-ਸੈਟਰਾਂ ਦੀ ਮਦਦ ਤੋਂ ਬਿਨ੍ਹਾਂ, ਆਪਣੇ ਆਪ ਖਰਚਿਆਂ ਵਿੱਚ ਕਟੌਤੀਆਂ ਲਾਗੂ ਕਰ ਰਿਹਾ ਹੈ। ਦੂਜੇ ਪਾਸੇ ਡੈਮੋਕਰੇਟ ਚਾਹੁੰਦੇ ਹਨ ਕਿ ਇਹ ਪ੍ਰਥਾ ਖ਼ਤਮ ਹੋਵੇ।

ਉਹ ਸੋਚਦੇ ਹਨ ਕਿ ਜੇਕਰ ਟਰੰਪ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦੇਣਗੇ ਤਾਂ ਖਰਚ-ਪੱਧਰ ਦੇ ਸਮਝੌਤਿਆਂ 'ਤੇ ਗੱਲਬਾਤ ਕਰਨ ਦਾ ਕੀ ਮਤਲਬ ਹੈ? ਉਹ ਘੱਟ ਆਮਦਨ ਵਾਲੇ ਵਿਅਕਤੀਆਂ ਲਈ ਸਰਕਾਰੀ ਸਿਹਤ-ਬੀਮਾ ਸਬਸਿਡੀਆਂ ਨੂੰ ਨਵਿਆਉਣ ਲਈ ਇੱਕ ਪੱਕਾ ਸਮਝੌਤਾ ਵੀ ਚਾਹੁੰਦੇ ਹਨ ਕਿਉਂਕਿ ਇਹ ਸਬਸਿਡੀਆਂ ਸਾਲ ਦੇ ਅੰਤ ਵਿੱਚ ਖ਼ਤਮ ਹੋ ਜਾਂਦੀਆਂ ਹਨ। ਪਰ ਰਿਪਬਲਿਕਨ ਹੁਣ ਤੱਕ ਅਜਿਹਾ ਕਰਨ ਤੋਂ ਝਿਜਕਦੇ ਰਹੇ ਹਨ। ਇਹ ਦੋਵੇਂ ਧਿਰਾਂ ਦੇ ਗੱਲਬਾਤ ਦੇ ਸਟੈਂਡ ਹਨ, ਪਰ ਸਰਕਾਰੀ ਸ਼ਟਡਾਊਨ ਲੜਾਈਆਂ ਨੀਤੀ ਤੋਂ ਵੱਧ ਹਨ ਅਤੇ ਇਸ ਦੇ ਸਿਆਸੀ ਅਰਥ ਵੱਧ ਹਨ। ਰਿਪਬਲਿਕਨ ਸੋਚਦੇ ਹਨ ਕਿ ਉਨ੍ਹਾਂ ਕੋਲ ਸਿਆਸੀ ਆਧਾਰ ਉੱਚਾ ਹੈ। ਟਰੰਪ ਅਤੇ ਰਿਪਬਲਿਕਨ ਕਾਂਗਰਸ ਦੇ ਆਗੂ ਦੋਵੇਂ ਪਹਿਲਾਂ ਤੋਂ ਹੀ ਦਾਅਵਾ ਕਰ ਰਹੇ ਹਨ ਕਿ ਉਹ ਹੀ ਸਹੀ ਹਨ।

### ਵੱਡੇ ਪੱਧਰ 'ਤੇ ਛਾਂਟੀ ਦੀ ਧਮਕੀ

ਰਾਸ਼ਟਰਪਤੀ ਡੌਨਲਡ ਟਰੰਪ ਨੂੰ ਜਦੋਂ ਇੱਕ ਪੱਤਰਕਾਰ ਨੇ ਪੁੱਛਿਆ ਕਿ ਜੇਕਰ ਸਰਕਾਰੀ ਸ਼ਟਡਾਊਨ ਨੂੰ ਟਾਲਿਆ ਨਹੀਂ ਜਾਂਦਾ ਹੈ ਤਾਂ ਉਹ ਕਿੰਨੇ ਸੰਘੀ ਕਰਮਚਾਰੀਆਂ ਨੂੰ ਛਾਂਟਣ ਦੀ ਯੋਜਨਾ ਬਣਾ ਰਹੇ ਹਨ। ਉਨ੍ਹਾਂ ਦਾ ਜਵਾਬ ਸੀ, "ਖੈਰ, ਅਸੀਂ ਬਹੁਤ ਕੁਝ ਕਰ ਸਕਦੇ ਹਾਂ।" ਟਰੰਪ ਨੇ ਡੈਮੋਕ੍ਰੇਟਸ ਨੂੰ ਮੁਲਜ਼ਮ ਠਹਿਰਾਉਂਦੇ ਹੋਏ ਦਾਅਵਾ ਕੀਤਾ ਕਿ ਉਹ ਚਾਹੁੰਦੇ ਹਨ ਕਿ ਹੋਰ ਲੋਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ।

ਵ੍ਹਾਈਟ ਹਾਊਸ ਦੇ ਬਜਟ ਮੁਖੀ ਰਸ ਵੌਟ ਨੇ ਹਾਲ ਹੀ ਵਿੱਚ ਇੱਕ ਮੈਮੋਰੈਂਡਮ ਜਾਰੀ ਕੀਤਾ ਜਿਸ ਵਿੱਚ ਦੱਸਿਆ ਗਿਆ ਸੀ ਕਿ ਟਰੰਪ ਪ੍ਰਸ਼ਾਸਨ ਸੰਘੀ ਖਰਚਿਆਂ ਅਤੇ ਰੁਜ਼ਗਾਰ ਸੂਚੀਆਂ ਵਿੱਚ ਨਵੀਂ, ਲੰਬੇ ਸਮੇਂ ਦੀ ਕਟੌਤੀ ਕਰਨ ਲਈ ਸ਼ਟਡਾਊਨ ਦੀ ਵਰਤੋਂ ਕਿਵੇਂ ਕਰੇਗਾ। ਬੰਦ ਦੌਰਾਨ 'ਗੈਰ-ਜ਼ਰੂਰੀ' ਸਮਝੇ ਜਾਣ ਵਾਲੇ ਅਹੁਦੇ ਅਤੇ ਸਰਕਾਰੀ ਪ੍ਰੋਗਰਾਮ ਸਥਾਈ ਤੌਰ 'ਤੇ ਬੰਦ ਕਰ ਦਿੱਤੇ ਜਾਣਗੇ।

ਪਰ ਡੈਮੋਕ੍ਰੇਟਿਕ ਆਗੂ ਇਹ ਮੰਨਦੇ ਨਜ਼ਰ ਆ ਰਹੇ ਹਨ ਕਿ ਧਮਕੀਆਂ ਇੱਕ ਝੂਠੀ ਗੱਲ ਹੈ ਜਾਂ ਗੱਲਬਾਤ ਦੀ ਰਣਨੀਤੀ ਹੈ। ਸੈਨੇਟ ਘੱਟ ਗਿਣਤੀ ਆਗੂ ਚੁਕ ਸ਼ਕੂਮਰ ਨੇ ਇਸਨੂੰ 'ਧਮਕਾਉਣ ਦੀ ਕੋਸ਼ਿਸ਼' ਕਰਾਰ ਦਿੱਤਾ ਹੈ। ਸ਼ਕੂਮਰ ਨੇ ਕਿਹਾ, "ਡੌਨਲਡ ਟਰੰਪ ਪਹਿਲੇ ਦਿਨ ਤੋਂ ਹੀ ਸੰਘੀ ਕਰਮਚਾਰੀਆਂ ਨੂੰ ਕੱਢ ਰਿਹਾ ਹੈ, ਸ਼ਾਸਨ ਕਰਨ ਲਈ ਨਹੀਂ, ਸਗੋਂ ਡਰਾਉਣ ਲਈ।" "ਇਹ ਕੋਈ ਨਵੀਂ ਗੱਲ ਨਹੀਂ ਹੈ ਅਤੇ ਇਸਦਾ ਸਰਕਾਰ ਨੂੰ ਫੰਡ ਦੇਣ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।"





'ਪਰਦੇਸ ਟਾਈਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: 510-938-7771 shaadi@pardestimes.com

### ਲੜਕੀ ਦੀ ਲੋੜ

ਅਮਰੀਕਾ ਦਾ ਜੰਮਪਲ, 27 ਸਾਲਾ, ਕੱਦ 6 ਫੁੱਟ 1 ਇੰਚ, ਸਿੱਖ (ਰਾਮਗੜ੍ਹੀਆ), Bachelor in Biochemistry n Molecular Biology, Masters in Bioinformatics, ਸਾਇੰਟਿਸਟ ਲਈ ਪੜ੍ਹੀ-ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: (510) 774-7006 ਜਾਂ (510) 485-1133

### ਲੜਕੀ ਦੀ ਲੋੜ

27 ਸਾਲਾ ਲੜਕਾ, ਕੱਦ 5 ਫੁੱਟ 7 ਇੰਚ, ਸ਼ਰਾਬ ਸਿਗਰਟਨੋਸ਼ੀ ਰਹਿਤ, Bachelor's in physiotherapy, ਇਸ ਵਕਤ ਲੈਥਰੋਪ (ਕੈਲੇਫੋਰਨੀਆ) ਰਹਿ ਰਿਹਾ ਹੈ। ਗ੍ਰੀਨ ਕਾਰਡ ਹੋਲਡਰ, ਆਪਣਾ ਘਰ, ਲਈ ਪੜ੍ਹੀ-ਲਿਖੀ ਅਤੇ ਚੰਗੇ ਪਰਿਵਾਰਕ ਮਾਹੌਲ ਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 510-434-4263

### ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ 'ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖ਼ੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

### ਵਰ ਦੀ ਲੋੜ

36 ਸਾਲਾ, ਤਲਾਕਸ਼ੁਦਾ, ਚੰਡੀਗੜ੍ਹ ਦੀ ਰਹਿਣ ਵਾਲੀ, (ਨਾਂ ਅਮਨਪ੍ਰੀਤ ਕੌਰ) ਮਾਪੇ ਕੈਲੇਫੋਰਨੀਆ ਰਹਿ ਰਹੇ ਹਨ, ਲਈ ਪੜ੍ਹਿਆ-ਲਿਖਿਆ, ਅਮਰੀਕਾ ਸੈਟਲਡ, ਸਿਗਰਟਨੋਸ਼ੀ ਤੋਂ ਦੂਰ, ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ: ਵਟਸਐਪ 91-79734-381880, +1 (408) 422, 8585 (ਵਟਸਐਪ)


# ਰੋਜ਼ਾਨਾ ਲੱਖਾਂ ਡਾਲਰਾਂ ਦਾ ਘਾਟਾ, ਕਰਮਚਾਰੀਆਂ ਨੂੰ ਵੀ ਵੱਡਾ ਝਟਕਾ

ਨਵੀਂ ਦਿੱਲੀ- ਅਮਰੀਕੀ ਸਰਕਾਰ ਦੇ ਬੰਦ ਕਾਰਨ ਬਹੁਤ ਲੋਕੀ ਪ੍ਰਭਾਵਿਤ ਹੋਏ। ਸਿਹਤ ਬੀਮਾ ਸਬਸਿਡੀਆਂ ਨੂੰ ਲੈ ਕੇ ਰਿਪਬਲਿਕਨਾਂ ਅਤੇ ਡੈਮੋਕ੍ਰੇਟਸ ਵਿਚਕਾਰ ਇੱਕ ਭਿਆਨਕ ਲੜਾਈ ਚੱਲ ਰਹੀ ਹੈ। ਇਸ ਨਾਲ ਲੱਖਾਂ ਸਰਕਾਰੀ ਕਰਮਚਾਰੀ ਬੇਰੁਜ਼ਗਾਰ ਹੋ ਗਏ ਹਨ ਅਤੇ ਪੈਨਸਿਲਵੇਨੀਆ ਦੇ ਲਿਬਰਟੀ ਬੈੱਲ ਤੋਂ ਲੈ ਕੇ ਹਵਾਈ ਦੇ ਪਰਲ ਹਾਰਬਰ ਤੱਕ ਦੇ ਇਤਿਹਾਸਕ ਸਥਾਨ ਬੰਦ ਹੋ ਗਏ ਹਨ। ਡੈਮੋਕ੍ਰੇਟਸ ਦਾ ਤਰਕ ਹੈ ਕਿ ਕਿਫਾਇਤੀ ਦੇਖਭਾਲ ਐਕਟ ਦੀਆਂ ਸਬਸਿਡੀਆਂ ਵਧ ਰਹੇ ਬੀਮਾ ਪ੍ਰੀਮੀਅਮਾਂ ਨੂੰ ਰੋਕਣ ਲਈ




ਜ਼ਰੂਰੀ ਹਨ, ਜਦੋਂ ਕਿ ਰਿਪਬਲਿਕਨ ਉਨ੍ਹਾਂ ਨੂੰ ਇਮੀਗ੍ਰੇਸ਼ਨ ਅਤੇ ਸਿਹਤ ਸੰਭਾਲ ਨਾਲ ਸਬੰਧਤ "ਹੈਂਡਆਉਟ" ਵਜੋਂ ਖਾਰਜ ਕਰਦੇ ਹਨ। ਇਸ ਟਕਰਾਅ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੈਮੋਕ੍ਰੇਟਸ 'ਤੇ ਅਮਰੀਕੀ ਜਨਤਾ ਨੂੰ ਬੰਧਕ ਬਣਾਉਣ ਦਾ ਦੋਸ਼ ਲਗਾਇਆ ਹੈ। ਦੂਜੇ ਪਾਸੇ ਡੈਮੋਕ੍ਰੇਟਸ ਦਾ ਕਹਿਣਾ ਹੈ ਕਿ ਟਰੰਪ ਜਨਤਾ ਨੂੰ ਮੋਹਰੇ ਵਜੋਂ ਵਰਤ ਰਹੇ ਹਨ। ਕੋਈ ਸਮਝੌਤਾ ਨਾ ਹੋਣ ਕਰਕੇ ਸਰਕਾਰੀ ਫੰਡਿੰਗ ਸੁੱਕ ਗਈ ਹੈ ਅਤੇ ਦੇਸ਼ ਇੱਕ ਵਾਰ ਫਿਰ ਬੰਦ ਦੀ ਪਕੜ ਵਿੱਚ ਹੈ।

ਸੰਕਟ ਉਦੋਂ ਸ਼ੁਰੂ ਹੋਇਆ ਜਦੋਂ ਸੈਨੇਟ ਡੈਮੋਕ੍ਰੇਟਸ ਨੇ ਇੱਕ ਛੋਟੀ ਮਿਆਦ ਦੇ ਖਰਚ ਬਿੱਲ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਵਿੱਚ ਕਿਫਾਇਤੀ ਦੇਖਭਾਲ ਐਕਟ ਸਬਸਿਡੀਆਂ ਲਈ ਫੰਡਿੰਗ ਸ਼ਾਮਲ ਨਹੀਂ ਸੀ। ਡੈਮੋਕ੍ਰੇਟਸ ਦਾ ਤਰਕ ਹੈ ਕਿ ਇਨ੍ਹਾਂ ਸਬਸਿਡੀਆਂ ਤੋਂ ਬਿਨਾਂ ਲੱਖਾਂ ਪਰਿਵਾਰਾਂ 'ਤੇ ਉੱਚ ਬੀਮਾ ਪ੍ਰੀਮੀਅਮ ਦਾ ਬੋਝ ਪਵੇਗਾ।

ਦੂਜੇ ਪਾਸੇ ਰਿਪਬਲਿਕਨ ਇਸ ਦਾ ਵਿਰੋਧ ਕਰ ਰਹੇ ਹਨ, ਇਸ ਨੂੰ "ਓਬਾਮਾਕੇਅਰ" ਦਾ ਵਿਸਥਾਰ ਕਹਿ ਰਹੇ ਹਨ। ਟਰੰਪ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਉਹ ਡੈਮੋਕ੍ਰੇਟਸ ਦੀਆਂ ਮੰਗਾਂ ਨੂੰ ਸਵੀਕਾਰ ਨਹੀਂ ਕਰਨਗੇ। ਕੁਝ ਮੱਧਮ ਸੈਨੇਟਰ ਗੱਲਬਾਤ ਕਰਨ ਲਈ ਤਿਆਰ ਹਨ ਪਰ ਦੋਵਾਂ ਧਿਰਾਂ ਵਿਚਕਾਰ ਕੋਈ ਸਹਿਮਤੀ ਨਹੀਂ ਬਣ ਸਕੀ ਹੈ। ਰਾਜਨੀਤਿਕ ਦੋਸ਼ ਵੀ ਤੇਜ਼ ਹੋ ਗਏ ਹਨ। ਟਰੰਪ ਪ੍ਰਸ਼ਾਸਨ ਨੇ ਡੈਮੋਕ੍ਰੇਟਸ 'ਤੇ "ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਸਿਹਤ ਬੀਮੇ ਨੂੰ ਤਰਜੀਹ ਦੇਣ" ਦਾ ਦੋਸ਼ ਲਗਾਇਆ ਹੈ, ਜਿਸ ਦਾਅਵੇ ਨੂੰ ਡੈਮੋਕ੍ਰੇਟਸ ਨੇ ਝੂਠਾ ਕਰਾਰ ਦਿੱਤਾ ਹੈ। ਉਪ-ਰਾਸ਼ਟਰਪਤੀ ਜੇ.ਡੀ। ਵੈਂਸ ਅਤੇ ਸੈਨੇਟ ਡੈਮੋਕ੍ਰੇਟਿਕ ਨੇਤਾ ਚੱਕ ਸ਼ੂਮਰ ਵਿਚਕਾਰ ਬਹਿਸ ਚੱਲ ਰਹੀ ਹੈ। ਕਾਂਗਰਸ ਦੇ ਬਜਟ ਦਫਤਰ ਦੇ ਅਨੁਸਾਰ ਇਸ ਬੰਦ ਕਾਰਨ ਪ੍ਰਤੀ ਦਿਨ ਲਗਪਗ $400 ਮਿ-ਲੀਅਨ ਦਾ ਨੁਕਸਾਨ ਹੋ ਰਿਹਾ ਹੈ। ਲਗਪਗ 750,000 ਸਰਕਾਰੀ ਕਰਮਚਾਰੀ ਬਿਨਾਂ ਤਨਖਾਹ ਵਾਲੀ ਛੁੱਟੀ 'ਤੇ ਹਨ, ਜਦੋਂ ਕਿ ਫੌਜ, ਸਰਹੱਦੀ ਸੁਰੱਖਿਆ ਅਤੇ ਹਵਾਈ ਆਵਾਜਾਈ ਕੰਟਰੋਲਰ ਵਰਗੇ ਜ਼ਰੂਰੀ ਕਰਮਚਾਰੀ ਬਿਨਾਂ ਤਨਖਾਹ ਦੇ ਕੰਮ ਕਰ ਰਹੇ ਹਨ। ਬੰਦ ਸਰਕਾਰੀ ਇਕਰਾਰਨਾਮਿਆਂ, ਪ੍ਰੋਜੈਕਟਾਂ ਅਤੇ ਖਪਤਕਾਰਾਂ ਦੇ ਖਰਚਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜਿਸ ਨਾਲ ਅਰਥਵਿਵਸਥਾ ਨੂੰ ਨੁਕਸਾਨ ਪਹੁੰਚ ਰਿਹਾ ਹੈ। ਲੰਬੇ ਸਮੇਂ ਤੱਕ ਬੰਦ ਰਹਿਣ ਨਾਲ ਨਿਵੇਸ਼ਕਾਂ ਦਾ ਵਿਸ਼ਵਾਸ ਕਮਜ਼ੋਰ ਹੋ ਸਕਦਾ ਹੈ ਅਤੇ ਵਿਕਾਸ ਵਿੱਚ ਰੁਕਾਵਟ ਆ ਸਕਦੀ ਹੈ। ਇਹ ਸੰਕਟ ਕਰਮਚਾਰੀਆਂ ਲਈ ਹੋਰ ਵੀ ਗੰਭੀਰ ਹੈ। ਟਰੰਪ ਨੇ ਸੰਕੇਤ ਦਿੱਤਾ ਹੈ ਕਿ ਛੁੱਟੀਆਂ ਨੂੰ ਸਥਾਈ ਛਾਂਟੀ ਲਈ ਵਰਤਿਆ ਜਾ ਸਕਦਾ ਹੈ, ਜਿਸ ਨਾਲ ਕਰਮਚਾਰੀਆਂ ਦੀ ਚਿੰਤਾ ਵਧ ਸਕਦੀ ਹੈ। ਖਾਸ ਕਰਕੇ ਸਿੱਖਿਆ ਵਿਭਾਗ ਵਰਗੇ ਖੇਤਰਾਂ ਵਿੱਚ ਜਿੱਥੇ ਸਟਾਫਿੰਗ ਪਹਿਲਾਂ ਹੀ ਅੱਧੀ ਕਰ ਦਿੱਤੀ ਗਈ ਹੈ, ਖੁੰਝੀਆਂ ਤਨਖਾਹਾਂ ਪਰਿਵਾਰਾਂ ਦੀ ਰੋਜ਼ੀ-ਰੋਟੀ ਨੂੰ ਖ਼ਤਰੇ ਵਿੱਚ ਪਾ ਰਹੀਆਂ ਹਨ। ਫੌਜ, ਮੈਡੀਕੇਅਰ ਅਤੇ ਮੈਡੀਕੇਡ ਵਰਗੀਆਂ ਜ਼ਰੂਰੀ ਸੇਵਾਵਾਂ ਜਾਰੀ ਹਨ ਪਰ ਬਹੁਤ ਸਾਰੀਆਂ ਨਾਗਰਿਕ ਸੇਵਾਵਾਂ ਵਿੱਚ ਵਿਘਨ ਪਿਆ ਹੈ। ਰਾਸ਼ਟਰੀ ਪਾਰਕ, ਅਜਾਇਬ ਘਰ ਅਤੇ ਸਮਾਰਕ ਬੰਦ ਹਨ, ਜਿਨ੍ਹਾਂ ਵਿੱਚ ਮਿਸੂਰੀ ਵਿੱਚ ਗੇਟਵੇ ਆਰਚ ਅਤੇ ਬੋਸਟਨ ਵਿੱਚ ਜੌਨ ਐਫ. ਕੈਨੇਡੀ ਲਾਇਬ੍ਰੇਰੀ ਸ਼ਾਮਲ ਹੈ।

ਇਹ ਬੰਦ ਨਾ ਸਿਰਫ਼ ਕਰਮਚਾਰੀਆਂ ਲਈ ਸਗੋਂ ਆਮ ਨਾਗਰਿਕਾਂ ਅਤੇ ਸੈਲਾਨੀਆਂ ਲਈ ਵੀ ਮੁਸ਼ਕਲਾਂ ਪੈਦਾ ਕਰ ਰਿਹਾ ਹੈ। ਦੋਵਾਂ ਧਿਰਾਂ ਵਿਚਕਾਰ ਸਮਝੌਤੇ ਦੀ ਕੋਈ ਉਮੀਦ ਨਹੀਂ ਜਾਪਦੀ ਅਤੇ ਇਹ ਡੈੱਡਲਾਕ ਦੇਸ਼ ਲਈ ਮਹਿੰਗਾ ਸਾਬਤ ਹੋ ਰਿਹਾ ਹੈ।

# ਪੰਜਾਬ ਲਈ ਮੁਸੀਬਤ ਬਣਿਆ ਪਰਾਲੀ ਸਾੜਨ ਦਾ ਮਸਲਾ


ਡਾ. ਸ. ਸ. ਛੀਨਾ

ਪਰਾਲੀ ਸੰਭਾਲਣ ਲਈ ਉਦਯੋਗਾਂ ਵਿੱਚ ਪਰਾਲੀ ਦਾ ਮੁੱਲ-ਵਾਧਾ ਸਭ ਤੋਂ ਚੰਗਾ ਬਦਲ ਹੈ ਪਰ ਇਹ ਕਾਰਜ ਕਿਸਾਨ ਨਹੀਂ ਕਰ ਸਕਦਾ; ਹਾਂ, ਸਰਕਾਰ ਦੀ ਸਰਪ੍ਰਸਤੀ ਤਹਿਤ ਉਦਯੋਗਿਕ ਇਕਾਈਆਂ ਨਾਲ ਅਜਿਹਾ ਕੀਤਾ ਜਾ ਸਕਦਾ ਹੈ। ਭਾਰਤ ਵਿੱਚ ਸਭ ਤੋਂ ਵਿਕਸਤ ਖੇਤੀ ਵਾਲਾ ਪ੍ਰਾਂਤ ਪੰਜਾਬ, ਜਿਹੜਾ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਪਹਿਲੇ ਨੰਬਰ ’ਤੇ ਹੁੰਦਾ ਸੀ, ਉਦਯੋਗਾਂ ਵਿੱਚ ਬਹੁਤ ਪਿੱਛੇ ਹੋਣ ਕਰ ਕੇ ਹੁਣ 12ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਮਹਾਰਾਸ਼ਟਰ, ਤਮਿਲਨਾਡੂ, ਗੁਜਰਾਤ ਆਦਿ ਸਿਰਫ ਉਦਯੋਗਾਂ ਕਰ ਕੇ ਅੱਗੇ ਵਧੇ ਹਨ। ਪੰਜਾਬ ਵਿਦੇਸ਼ੀ ਅਤੇ ਦੇਸ਼ ਦੇ ਹੋਰ ਉਦਯੋਗਪਤੀਆਂ ਨੂੰ ਹੋਰ ਸਹੂਲਤਾਂ ਦੀ ਪੇਸ਼ਕਸ਼ ਵੀ ਕਰ ਰਿਹਾ ਹੈ ਪਰ ਕੋਈ ਸਫਲਤਾ ਨਹੀਂ ਮਿਲ ਰਹੀ। ਇਸ ਲਈ ਜੇ ਪ੍ਰਾਈਵੇਟ ਉਦਯੋਗਪਤੀ ਪੂੰਜੀ ਨਹੀਂ ਲਗਾ ਰਹੇ ਤਾਂ ਪੰਜਾਬ ਸਰਕਾਰ ਨੂੰ ਆਪ ਜਾਂ ਜਨਤਕ/ਸਰਕਾਰੀ ਭਾਈਵਾਲੀ ਜਾਂ ਸਹਿਕਾਰਤਾ ਰਾਹੀਂ ਪੂੰਜੀ ਲਗਾਉਣ ਨੂੰ ਹੁਲਾਰਾ ਦੇਣਾ ਚਾਹੀਦਾ ਹੈ।

ਪਰਾਲੀ ਦੀ ਸਮੱਸਿਆ ਮੁੱਖ ਰੂਪ ਵਿੱਚ ਇਸ ਨੂੰ ਸੰਭਾਲਣ ਦੀ ਹੈ ਜਿਸ ਲਈ ਸਰਕਾਰ ਕਿਸਾਨਾਂ ਨੂੰ ਹੈਪੀ ਸੀਡਰ (ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨ), ਬੇਲਰ (ਵੱਡੇ ਟਰੈਕਟਰ ਨਾਲ ਪਰਾਲੀ ਨੂੰ ਇਕੱਠਾ ਕਰ ਕੇ ਗੰਢਾਂ ਬਣਾਉਣੀਆਂ) ਅਤੇ ਪੂਸਾ ਕੈਪਸੂਲ (ਜਿਸ ਨੂੰ ਖੇਤ ਵਿੱਚ ਪਾ ਦਿੱਤਾ ਜਾਂਦਾ ਹੈ ਤੇ ਪਰਾਲੀ ਗਲ ਕੇ ਰੂੜੀ ਬਣ ਜਾਂਦੀ ਹੈ) ਮੁਹੱਈਆ ਕਰਵਾਉਂਦੀ ਹੈ। ਇਸ ਸਭ ਕਾਸੇ ਲਈ ਸਰਕਾਰ ਸਬਸਿਡੀ ਦਿੰਦੀ ਹੈ। ਪਿਛਲੇ 5/6 ਸਾਲਾਂ ਤੋਂ ਸਰਕਾਰ ਸਬਸਿਡੀ ਅਤੇ ਸਿਖਲਾਈ ਵਰਗੀ ਮਦਦ ਵੀ ਦੇ ਰਹੀ ਹੈ। ਇਸ ਤੋਂ ਇਲਾਵਾ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (ਹਵਾ ਦੀ ਗੁਣਵੱਤਾ ਦਾ ਪ੍ਰਬੰਧ ਕਰਨ ਵਾਲੇ ਕਮਿਸ਼ਨ) ਨੇ ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ਪਰਾਲੀ ਦੇ ਪ੍ਰਬੰਧ ਲਈ ਇੰਤਜ਼ਾਮ ਕਰਨ ਦੀਆਂ ਹਦਾਇਤਾਂ ਜ਼ਰੂਰੀ ਕੀਤੀਆਂ ਹਨ। ਪੰਜਾਬ ਦੇ ਪਿੰਡਾਂ ਵਿੱਚ ਕੋਈ 10 ਹਜ਼ਾਰ ਕਰਮਚਾਰੀ ਪਰਾਲੀ ਦੇ ਯੋਗ ਪ੍ਰਬੰਧ ਕਰਨ ਲਈ ਨਿਯੁਕਤ ਕੀਤੇ ਹਨ। ਇਨ੍ਹਾਂ ਤੋਂ ਇਲਾਵਾ ਨੋਡਲ ਅਫਸਰ ਅਤੇ ਫੀਲਡ ਅਫਸਰ ਵੀ ਹਨ।

ਪਰਾਲੀ ਕੋਈ ਕੂੜਾ ਨਹੀਂ, ਜਿਸ ਦੀ ਕੋਈ ਹੋਰ ਵਰਤੋਂ ਨਾ ਹੋ ਸਕਦੀ ਹੋਵੇ, ਸਗੋਂ ਇਸ ਨੂੰ ਦਰਜਨਾਂ ਹੋਰ ਵਸਤੂਆਂ ਵਿੱਚ ਵਟਾ ਕੇ ਬੜੇ ਉੱਚ ਮੁੱਲ ਦਾ ਬਣਾਇਆ ਜਾ ਸਕਦਾ ਹੈ। ਇਨ੍ਹਾਂ ਵਿੱਚ ਕਾਗਜ਼ ਅਤੇ ਗੱਤਾ ਵੀ ਆਉਂਦਾ ਹੈ। ਪਰਾਲੀ ਨੂੰ ਫਿਊਲ ਅਤੇ ਬਾਇਓ-ਗੈਸ ਵਿੱਚ ਵੀ ਬਦਲਿਆ ਜਾ ਸਕਦਾ ਹੈ। ਪਸ਼ੂਆਂ ਦੇ ਚਾਰੇ, ਖਾਦਾਂ ਅਤੇ ਸਰਦੀਆਂ ਵਿੱਚ ਟੋਕੇ ’ਤੇ ਕੁਤਰ ਕੇ ਪਸ਼ੂਆਂ ਦੇ ਕਮਰਿਆਂ ਵਿੱਚ ਠੰਢ ਘਟਾਉਣ ਲਈ ਵੀ ਵਰਤਿਆ ਜਾ ਸਕਦਾ ਹੈ। ਬਾਅਦ ਵਿੱਚ ਇਸ ਦੀ ਉਪਯੋਗੀ ਖਾਦ ਬਣਦੀ ਹੈ। ਇਉਂ ਪਰਾਲੀ ਅਜਿਹੇ ਕੰਮਾਂ ਲਈ ਵਰਤ ਕੇ ਇਸ ਦਾ ਮੁੱਲ-ਵਾਧਾ ਕੀਤਾ ਜਾ ਸਕਦਾ ਹੈ।

ਪਿਛਲੇ ਲੰਮੇ ਸਮੇਂ ਤੋਂ ਪਰਾਲੀ ਦਾ ਮੁੱਦਾ ਹਰ ਸਾਲ ਉੱਠਦਾ ਹੈ। ਇਸ ਲਈ ਲੈਬਾਰਟਰੀਆਂ ਵਿੱਚ ਖੋਜ ਕਰਨੀ ਬਹੁਤ ਜ਼ਰੂਰੀ ਹੈ ਕਿ ਪਰਾਲੀ ਨੂੰ ਕਿਸ ਤਰ੍ਹਾਂ ਛੋਟੇ ਪੈਮਾਨੇ ਦੇ ਉਦਯੋਗਾਂ ਵਿੱਚ ਵਰਤ ਕੇ ਇਸ ਦੇ ਮੁੱਲ ਵਿੱਚ ਵਾਧਾ ਕੀਤਾ ਜਾਵੇ। ਸਤੰਬਰ ਤੋਂ ਲੈ ਕੇ ਮਾਰਚ ਤੱਕ ਖੁੰਬਾਂ ਦੀ ਪੈਦਾਵਾਰ ਦਾ ਸਮਾਂ ਹੈ ਜਿਸ ਲਈ ਪਰਾਲੀ ਦੀ ਬਹੁਤ ਜ਼ਰੂਰਤ ਪੈਂਦੀ ਹੈ। ਖੁੰਬਾਂ ਖਾਣ ਵਾਲੀ ਵਸਤੂ ਹੈ, ਜਿਹੜੀ ਭਾਰਤ ਦੀਆਂ ਮੰਡੀਆਂ ਅਤੇ ਵਿਦੇਸ਼ਾਂ ਵਿੱਚ ਆਸਾਨੀ ਨਾਲ ਬਰਾਮਦ ਹੋ ਸਕਦੀ ਹੈ।



ਇਸ ਮਸਲੇ ਵਿੱਚ ਮੁੱਖ ਸਮੱਸਿਆ ਪਰਾਲੀ ਇਕੱਠੀ ਕਰਨ ਦੀ ਹੈ ਜਿਸ ਨੂੰ ਬੇਲਰ ਨਾਲ ਵੱਡੇ ਟਰੈਕਟਰ ਜੋੜ ਕੇ ਹੁਣ ਆਸਾਨੀ ਨਾਲ ਇਕੱਠਾ ਕੀਤਾ ਜਾ ਸਕਦਾ ਹੈ। ਪੰਜਾਬ ਦੇ ਸਾਬਕਾ ਮੰਤਰੀ ਅਤੇ ਉਦਯੋਗਪਤੀ ਰਾਣਾ ਗੁਰਜੀਤ ਸਿੰਘ ਨੇ ਇਸ ਤਰ੍ਹਾਂ ਇੰਤਜ਼ਾਮ ਕੀਤਾ ਹੈ ਕਿ ਉਹ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਤੋਂ ਇਲਾਵਾ ਕਪੂਰਥਲਾ ਜ਼ਿਲ੍ਹੇ ਤੋਂ ਵੱਡੀ ਪੱਧਰ ’ਤੇ ਪਰਾਲੀ ਇਕੱਠੀ ਕਰ ਰਹੇ ਹਨ ਅਤੇ ਇਸ ਨੂੰ ਆਪਣੀਆਂ ਫੈਕਟਰੀਆਂ ਵਿੱਚ ਕੋਲੇ ਦੀ ਥਾਂ ਬਾਇਲਰਾਂ ਵਿੱਚ ਵਰਤ ਰਹੇ ਹਨ। ਇਉਂ ਕਰ ਕੇ ਉਨ੍ਹਾਂ ਨੂੰ ਕਾਫੀ ਬੱਚਤ ਵੀ ਹੁੰਦੀ ਹੈ ਅਤੇ ਕੋਲੇ ’ਤੇ ਵੱਡੀ ਨਿਰਭਰਤਾ ਵੀ ਘਟਦੀ ਹੈ। ਇਨ੍ਹਾਂ ਬਾਇਲਰਾਂ ਵਿੱਚ ਪਰਾਲੀ ਵਰਤਣ ਨਾਲ ਧੂੰਏ ਦੀ ਕੋਈ ਸਮੱਸਿਆ ਨਹੀਂ ਰਹਿ ਜਾਂਦੀ, ਕਿਉਂ ਜੋ ਬਾਇਲਰਾਂ ਨਾਲ ਆਧੁਨਿਕ ਤਕਨੀਕ ਵਾਲੇ ਫਿਲਟਰ ਫਿੱਟ ਕੀਤੇ ਹੁੰਦੇ ਹਨ ਜਿਨ੍ਹਾਂ ਨਾਲ ਧੂੰਆਂ ਨਹੀਂ ਨਿਕਲਦਾ। ਪੰਜਾਬ ਦੇ ਗੱਤੇ ਦੇ ਬਹੁਤ ਸਾਰੇ ਪਲਾਂਟਾਂ ਵਿੱਚ ਇਸ ਨੂੰ ਕੱਚੇ ਮਾਲ ਦੇ ਤੌਰ ’ਤੇ ਵਰਤਿਆ ਜਾਂਦਾ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਵੱਡੇ ਪਿੰਡ ਸੁਰ ਸਿੰਘ ਵਿੱਚ ਇੱਕ ਉਦਮੀ ਕਰਨਜੀਤ ਸਿੰਘ ਨੇ ਡਿਸਪੋਜ਼ੇਬਲ ਕਰਾਕਰੀ ਬਣਾਉਣ ਦਾ ਪਲਾਂਟ ਲਗਾਇਆ ਹੋਇਆ ਹੈ। ਉਸ ਅਨੁਸਾਰ ਇਸ ਪਲਾਂਟ ਨੂੰ ਜੇ ਵੱਡੇ ਪੈਮਾਨੇ ’ਤੇ ਲਗਾਇਆ ਜਾਵੇ ਤਾਂ ਇਸ ਦਾ ਜ਼ਿਆਦਾ ਲਾਭ ਹੈ ਅਤੇ ਗੱਤੇ ਵਾਂਗ ਡਿਸਪੋਜ਼ੇਬਲ ਕਰਾਕਰੀ ਤੇ ਕਾਗਜ਼ ਵਿੱਚ ਬਦਲਿਆ ਜਾ ਸਕਦਾ ਹੈ ਪਰ ਇਸ ਲਈ ਹੋਰ ਖੋਜ ਤਕਨੀਕਾਂ ਦੀ ਲੋੜ ਹੈ।

ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿੱਚ ਬਹੁਤ ਥੋੜ੍ਹਾ ਸਮਾਂ ਬਚਦਾ ਹੈ। ਉਸ ਸਮੇਂ ਵਿੱਚ ਹੀ ਖੇਤ ਖਾਲੀ ਅਤੇ ਵਾਹੀ ਯੋਗ ਬਣਾਉਣ ਲਈ ਪਰਾਲੀ ਨੂੰ ਛੇਤੀ ਤੋਂ ਛੇਤੀ ਖੇਤ ਵਿੱਚੋਂ ਬਾਹਰ ਕੱਢਣਾ ਜ਼ਰੂਰੀ ਹੈ। ਛੋਟੇ ਕਿਸਾਨਾਂ ਕੋਲੋਂ ਬੇਲਰ ਚਲਾਉਣ ਵਾਲਾ ਟਰੈਕਟਰ ਤਾਂ ਖਰੀਦਿਆ ਨਹੀਂ ਜਾ ਸਕਦਾ, ਇਸ ਦੀ ਸਭ ਤੋਂ ਚੰਗੀ ਵਰਤੋਂ ਤਾਂ ਇਸ ਤੋਂ ਖਾਦ ਬਣਾਉਣੀ ਜਾਂ ਪਸ਼ੂਆਂ ਦੀ ਫੀਡ ਵਿੱਚ ਮਿਲਾਉਣਾ ਹੀ ਹੋ ਸਕਦਾ ਹੈ। ਉਹ ਉਦਯੋਗਪਤੀ ਵਾਲਾ ਕੰਮ ਵੀ ਨਹੀਂ ਕਰ ਸਕਦਾ।

ਜ਼ਾਹਿਰ ਹੈ ਕਿ ਪੰਜਾਬ ਦੇ ਉਦਯੋਗਪਤੀਆਂ ਨੂੰ ਰਾਣਾ ਗੁਰਜੀਤ ਸਿੰਘ ਵਾਂਗ ਅੱਗੇ ਆਉਣਾ ਚਾਹੀਦਾ ਹੈ ਅਤੇ ਨਾ ਸਿਰਫ ਬਾਇਲਰ ਵਿੱਚ ਵਰਤ ਕੇ, ਸਗੋਂ ਇਸ ਤੋਂ ਡਿਸਪੋਜ਼ੇਬਲ ਕਰਾਕਰੀ ਆਦਿ ਵਸਤੂਆਂ ਬਣਾਉਣ ਦੇ ਯੂਨਿਟ ਲਾਉਣੇ ਚਾਹੀਦੇ ਹਨ। ਪੰਜਾਬ ਸਰਕਾਰ ਨੂੰ ਗ੍ਰਾਂਟ ਅਤੇ ਸਬਸਿਡੀ ਦੇ ਰੂਪ ਵਿੱਚ ਉਨ੍ਹਾਂ ਉਦਯੋਗਪਤੀਆਂ ਦੀ ਮਦਦ ਕਰਨੀ ਚਾਹੀਦੀ ਹੈ, ਜਿਹੜੇ ਪਰਾਲੀ ਦੇ ਮੁੱਲ ਵਾਧੇ ਲਈ ਇਕਾਈਆਂ ਲਾ ਰਹੇ ਹਨ। ਬੈਂਕਾਂ ਨੂੰ ਵੀ ਅਜਿਹੀਆਂ ਇਕ-ਾਈਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਪਰਾਲੀ ਨੂੰ ਜੇ ਧਨ ਵਿੱਚ ਬਦਲਿਆ ਜਾ ਸਕਦਾ ਹੈ ਤਾਂ ਸਰਕਾਰ ਨੂੰ ਆਪਣੀਆਂ ਉਦਯੋਗਿਕ ਇਕਾਈਆਂ ਵੀ ਲਾ ਦੇਣੀਆਂ ਚਾਹੀਦੀਆਂ ਹਨ, ਜਾਂ ਜਨਤਕ ਨਿੱਜੀ ਭਾਈਵਾਲੀ ਕਰ ਕੇ ਨਿੱਜੀ ਉਦਯੋਗਪਤੀਆਂ ਨੂੰ ਨਾਲ ਲੈ ਕੇ ਇਹ ਕਾਰਜ ਸ਼ੁਰੂ ਕਰ ਲੈਣਾ ਚਾਹੀਦਾ ਹੈ। ਇਸ ਵਿੱਚ ਮੁੱਖ ਸਮੱਸਿਆ ਪਰਾਲੀ ਇਕੱਠੀ ਕਰਨ ਦੀ ਹੈ। ਇਸ ਲਈ ਇਹ ਕੰਮ ਕਿਸੇ ਵਿਸ਼ੇਸ਼ ਏਜੰਸੀ ਦੇ ਜ਼ਿੰਮੇ ਲਾਉਣਾ ਚਾਹੀਦਾ ਹੈ। ਪਰਾਲੀ ਸਾਰੇ ਪੰਜਾਬ ਵਿੱਚ ਖਿੱਲਰੀ ਪਈ ਹੈ, ਇਸ ਨੂੰ ਇਕੱਠਾ ਕਰਨ ਲਈ ਸੈਂਕੜੇ ਟਰੈਕਟਰਾਂ ਅਤੇ ਬਾਇਲਰਾਂ ਦੀ ਜ਼ਰੂਰਤ ਹੈ। ਇਸੇ ਲਈ ਖਾਸ ਏਜੰਸੀ ਦੀ ਜ਼ਰੂਰਤ ਹੈ ਕਿਉਂ ਜੋ ਇਹ ਕੰਮ ਕੁਝ ਕੁ ਦਿਨਾਂ ਵਿੱਚ ਮੁਕਾਉਣਾ ਜ਼ਰੂਰੀ ਹੁੰਦਾ ਹੈ। ਇਹ ਕੰਮ ਸਹਿਕਾਰੀ ਉਦਯੋਗਿਕ ਇਕਾਈਆਂ ਵੀ ਕਰ ਸਕਦੀਆਂ ਹਨ ਜਿਸ ਵਿੱਚ ਕਿਸਾਨ ਹਿੱਸੇਦਾਰ ਹੋ ਸਕਦੇ ਹਨ। ਸਹਿਕਾਰਤਾ ਨੂੰ ਸਰਕਾਰ ਦੀ ਸਰਪ੍ਰਸਤੀ ਦੀ ਵੱਡੀ ਲੋੜ ਹੈ। ਜਿਵੇਂ ਮਿਲਕਫੈੱਡ ਦੁੱਧ ਦੀਆਂ ਵਸਤੂਆਂ ਦਾ ਬਰਾਮਦ ਕਰ ਰਹੀ ਹੈ, ਉਸ ਤਰ੍ਹਾਂ ਪਰਾਲੀ ਤੋਂ ਬਣਨ ਵਾਲੀਆਂ ਵਸਤੂਆਂ ਦੀ ਸਹਿਕਾਰੀ ਫੈਡਰੇਸ਼ਨ ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ਆਪਣੀਆਂ ਇਕਾਈਆਂ ਬਣਾ ਸਕਦੀ ਹੈ।

ਸਮੁੱਚੀ ਚਰਚਾ ਦੌਰਾਨ ਸਿੱਟਾ ਇਹੀ ਨਿੱਕਲਦਾ ਹੈ ਕਿ ਪਰਾਲੀ ਉਹ ਵਸਤੂ ਹੈ ਜਿਸ ਦੀ ਵਰਤੋਂ ਕਈ ਤਰ੍ਹਾਂ ਨਾਲ ਹੋ ਸਕਦੀ ਹੈ ਪਰ ਇੱਕੋ ਹੀ ਸਮੱਸਿਆ ਇਸ ਨੂੰ ਖੇਤਾਂ ਵਿੱਚੋਂ ਬਾਹਰ ਕੱਢਣ ਦੀ ਹੈ ਜਿਸ ਲਈ ਸਰਕਾਰ ਨੂੰ ਪਬਲਿਕ ਨਿੱਜੀ ਭਾਈਵਾਲੀ ਦੀਆਂ ਇਕਾਈਆਂ ਜਾਂ ਸਹਿਕਾਰੀ ਉਦਯੋਗਿਕ ਇਕਾਈਆਂ ਦੀ ਸਰਪ੍ਰਸਤੀ ਕਰ ਕੇ, ਕੁਝ ਹੀ ਦਿਨਾਂ ਵਿੱਚ ਪਰਾਲੀ ਇਕੱਠਾ ਕਰਵਾਉਣ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਇਸ ਕਾਰਜ ਲਈ ਇੱਕ ਇਕਾਈ ਕਾਮਯਾਬ ਨਹੀਂ ਹੋਣੀ, ਭਾਵੇਂ ਉਹ ਕਿੰਨੇ ਵੀ ਵੱਡੇ ਆਕਾਰ ਦੀ ਹੋਵੇ ਕਿਉਂ ਜੋ ਮੁਹਾਲੀ ਤੋਂ ਪਰਾਲੀ ਇਕੱਠੀ ਕਰ ਕੇ ਅੰਮ੍ਰਿਤਸਰ ਲਿਜਾਣੀ ਕਿਫ਼ਾਇਤੀ ਨਹੀਂ ਹੋਵੇਗੀ ਅਤੇ ਸਮਾਂ ਵੀ ਬਹੁਤ ਲੱਗੇਗਾ। ਇਸ ਲਈ ਵੱਖ-ਵੱਖ ਇਲਾਕਿਆਂ ਵਿੱਚ ਇਕਾਈਆਂ ਲਾਉਣੀਆਂ ਪੈਣਗੀਆਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਇਸ ਦੀ ਵਰਤੋਂ ਦੀਆਂ ਹੋਰ ਸੰਭਾਵਨਾਵਾਂ ਲਈ ਵਿਸ਼ੇਸ਼ ਖੋਜ ਕਰਵਾਉਣੀ ਚਾਹੀਦੀ ਹੈ।

# ਸਾਬਕਾ ਕਾਂਸਟੇਬਲ ਰਾਜਵੀਰ ਜਵੰਦਾ ਕਿਵੇਂ ਪੰਜਾਬੀ ਸੰਗੀਤ ’ਚ ਵੱਡਾ ਨਾਂਅ ਬਣਿਆ

ਮਸ਼ਹੂਰ ਪੰਜਾਬੀ ਗਾਇਕ ਅਤੇ ਅਦਾਕਾਰ ਰਾਜਵੀਰ ਜਵੰਦਾ ਸੰਗੀਤ ਜਗਤ ਵਿੱਚ ਆਪਣਾ ਕਰੀਅਰ ਬਣਾਉਣ ਤੋਂ ਪਹਿਲਾਂ ਅਸਲ ਵਿੱਚ ਪੰਜਾਬ ਪੁਲੀਸ ਨਾਲ ਜੁੜਿਆ ਹੋਇਆ ਸੀ। ਜਵੰਦਾ ਨੇ ਅਕਸਰ ਇੰਟਰਵਿਊਜ਼ ਵਿੱਚ ਜ਼ਿਕਰ ਕੀਤਾ ਹੈ ਕਿ ਉਹ ਕਾਨੂੰਨ ਲਾਗੂ ਕਰਨ ਅਤੇ ਸੰਗੀਤ ਦੋਵਾਂ ਪ੍ਰਤੀ ਭਾਵੁਕ ਸੀ। ਇੱਕ ਅਨੁਸ਼ਾਸਿਤ ਪਿਛੋਕੜ (ਉਸ ਦੇ ਪਿਤਾ ਵੀ ਪੰਜਾਬ ਪੁਲੀਸ ਵਿੱਚ ਸਨ) ਤੋਂ ਆਉਣ ਕਰਕੇ, ਉਹ ਸ਼ੁਰੂ ਵਿੱਚ ਉਸੇ ਰਸਤੇ ’ਤੇ ਚੱਲਿਆ ਪਰ ਫਿਰ ਆਪਣਾ ਸਾਰਾ ਧਿਆਨ ਸੰਗੀਤ ਵੱਲ ਤਬਦੀਲ ਕਰ ਦਿੱਤਾ, ਜੋ ਕਿ ਹਮੇਸ਼ਾ ਉਸ ਦਾ ਅਸਲੀ ਕੰਮ ਰਿਹਾ।



ਇੱਕ ਪੁਲੀਸ ਅਧਿਕਾਰੀ ਵਜੋਂ ਉਸ ਦਾ ਪਿਛੋਕੜ ਅਤੇ ਉਸ ਦੇ ਆਲੇ-ਦੁਆਲੇ ਕਿਸੇ ਤਰ੍ਹਾਂ ਦੇ ਵਿਵਾਦ ਦਾ ਨਾ ਹੋਣਾ, ਉਸ ਦੀ ਸ਼ਖਸੀਅਤ ਵਿੱਚ ਇੱਕ ਦਿਲਚਸਪ ਪਹਿਲੂ ਜੋੜਦਾ ਹੈ, ਜੋ ਉਸ ਨੂੰ ਪੰਜਾਬੀ ਸੰਗੀਤ ਉਦਯੋਗ ਵਿੱਚ ਵੱਖਰਾ ਬਣਾਉਂਦਾ ਹੈ। ਜਵੰਦਾ ‘ਸ਼ੌਕੀਨ’, ‘ਕੰਗਣੀ’, ‘ਲੈਂਡਲਾਰਡ’ ਅਤੇ ‘ਮੁੰਡੇ ਪਿੰਡ ਦੇ’ ਵਰਗੇ ਹਿੱਟ ਗੀਤਾਂ ਲਈ ਮਕਬੂਲ ਹੈ। ਉਸ ਦੀ ਮਜ਼ਬੂਤ ਦਿੱਖ ਅਤੇ ਗਾਇਕੀ ਦੀ ਸ਼ੈਲੀ ਅਕਸਰ ਉਸ ਦੇ ਪੁਲੀਸ ਪਿਛੋਕੜ ਤੋਂ ਉਸ ਦੀ ਅਨੁਸ਼ਾਸਿਤ ਅਤੇ ਸਖ਼ਤ ਸ਼ਖਸੀਅਤ ਨੂੰ ਦਰਸਾਉਂਦੀ ਹੈ।


ਜਵੰਦਾ ਦੇ ਪ੍ਰਸ਼ੰਸਕ ਅਤੇ ਸ਼ੁਭਚਿੰਤਕ ਅਰਦਾਸਾਂ ਕਰ ਰਹੇ ਹਨ ਅਤੇ ਕਿਸੇ ਚੰਗੀ ਖ਼ਬਰ ਦੀ ਉਮੀਦ ਕਰ ਰਹੇ ਹਨ। ਜਵੰਦਾ 27 ਸਤੰਬਰ ਨੂੰ ਬੱਦੀ ਨੇੜੇ ਇੱਕ ਸੜਕ ਹਾਦਸੇ ਵਿਚ ਗੰਭੀਰ ਜ਼ਖ਼ਮੀ ਹੋ ਗਿਆ ਸੀ। ਉਹ ਇਸ ਵੇਲੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਜ਼ੇਰੇ ਇਲਾਜ ਹੈ, ਪਰ ਗਾਇਕ ਦੀ ਹਾਲਤ ਨਾਜ਼ੁਕ ਹੈ। ਉਹ ਸ਼ਿਮਲਾ ਜਾ ਰਿਹਾ ਸੀ। ਉਸ ਨੂੰ ਸਿਰ ਅਤੇ ਰੀੜ੍ਹ ਦੀ ਹੱਡੀ ਵਿੱਚ ਜਾਨਲੇਵਾ ਸੱਟਾਂ ਲੱਗੀਆਂ ਹਨ। ਲੁਧਿਆਣਾ ਵਿੱਚ ਰਾਜਵੀਰ ਜਵੰਦਾ ਦੇ ਪਿੰਡ ਪੌਣਾ ਦੇ ਵਸਨੀਕ ਇਕੱਠੇ ਹੋ ਕੇ ਉਸ ਦੇ ਜਲਦੀ ਸਿਹਤਯਾਬੀ ਹੋਣ ਲਈ ਅਰਦਾਸਾਂ ਕਰ ਰਹੇ ਹਨ।

ਰਾਜਵੀਰ ਦਾ ਸੰਗੀਤਕ ਸਫ਼ਰ ਦੂਰਦਰਸ਼ਨ ’ਤੇ ‘ਮੇਰਾ ਪਿੰਡ-ਮੇਰਾ ਖੇਤ’ ਦੀ ਸ਼ੂਟਿੰਗ ਦੌਰਾਨ ਉਸੇ ਪਿੰਡ ਵਿੱਚ ਸ਼ੁਰੂ ਹੋਇਆ ਸੀ। ਪ੍ਰੋਗਰਾਮ ਦੀ ਮੇਜ਼ਬਾਨੀ ਉਸ ਦੀ ਮਾਂ ਪਰਮਜੀਤ ਕੌਰ, ਜੋ ਉਦੋਂ ਸਰਪੰਚ ਸੀ, ਨੇ ਕੀਤੀ ਸੀ। ਰਾਜਵੀਰ ਨੇ ਸ਼ੋਅ ਲਈ ਦੋ ਲਾਈਨਾਂ ਗਾ ਕੇ ਨਿਰਮਾਤਾਵਾਂ ਨੂੰ ਪ੍ਰਭਾਵਿਤ ਕੀਤਾ, ਜਿਸ ਨਾਲ ਸੰਗੀਤ ਪ੍ਰਤੀ ਉਸ ਦੇ ਜਨੂੰਨ ਦੀ ਸ਼ੁਰੂਆਤ ਹੋਈ। ਰਾਜਵੀਰ ਨੇ ਆਪਣੀ ਸਕੂਲੀ ਪੜ੍ਹਾਈ ਜਗਰਾਉਂ ਦੇ ਸੰਮਤੀ ਵਿਮਲ ਜੈਨ ਸਕੂਲ ਤੋਂ ਪੂਰੀ ਕੀਤੀ ਅਤੇ ਜਗਰਾਉਂ ਦੇ ਡੀਏਵੀ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਬਾਅਦ ਵਿੱਚ ਉਸ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਥੀਏਟਰ ਅਤੇ ਟੈਲੀਵਿਜ਼ਨ ਵਿੱਚ ਐਮਏ ਕੀਤੀ। ਆਪਣੇ ਪਿਤਾ, ਕਰਮ ਸਿੰਘ, ਜੋ ਕਿ ਪੰਜਾਬ ਪੁਲਿਸ ਵਿੱਚ ਸਾਬਕਾ ਸਹਾਇਕ ਸਬ-ਇੰਸਪੈਕਟਰ ਸਨ, ਦੇ ਨਕਸ਼ੇ-ਕਦਮਾਂ ’ਤੇ ਚੱਲਦੇ ਹੋਏ, ਰਾਜਵੀਰ 2011 ਵਿੱਚ ਇੱਕ ਕਾਂਸਟੇਬਲ ਵਜੋਂ ਫੋਰਸ ਵਿੱਚ ਸ਼ਾਮਲ ਹੋਇਆ। ਹਾਲਾਂਕਿ ਸੰਗੀਤ ਪ੍ਰਤੀ ਆਪਣੇ ਪ੍ਰੇਮ ਦੇ ਚਲਦਿਆਂ ਜਵੰਦਾ ਨੇ 2019 ਵਿੱਚ ਆਪਣੇ ਸੰਗੀਤਕ ਕਰੀਅਰ ਨੂੰ ਪੂਰਾ ਸਮਾਂ ਅੱਗੇ ਵਧਾਉਣ ਲਈ ਅਸਤੀਫਾ ਦੇ ਦਿੱਤਾ।

ਬੱਦੀ ਨੇੜੇ ਹਾਦਸੇ ਮੌਕੇ ਰਾਜਵੀਰ ਆਪਣੀ ਹਾਲ ਹੀ ਵਿੱਚ ਖਰੀਦੀ ਗਈ 27 ਲੱਖ ਰੁਪਏ ਦੀ ਭੰਡਾ ਬਾਈਕ ’ਤੇ ਸਵਾਰ ਸੀ, ਜੋ ਉਸ ਦੇ ਇੱਕ ਸੰਗੀਤਕ ਵੀਡੀਓ ਵਿੱਚ ਵੀ ਨਜ਼ਰ ਆਈ ਸੀ। 2014 ਵਿੱਚ ਐਲਬਮ ‘Munda Like Me’ ਨਾਲ ਸ਼ੁਰੂਆਤ ਕਰਨ ਤੋਂ ਬਾਅਦ, ਰਾਜਵੀਰ ਜਵੰਦਾ ਨੇ ਪੰਜਾਬੀ ਸੰਗੀਤ ਉਦਯੋਗ ਵਿੱਚ ਇੱਕ ਮਹੱਤਵਪੂਰਨ ਛਾਪ ਛੱਡੀ ਹੈ। ਉਸ ਨੇ ਮਨਿੰਦਰ ਬੁੱਟਰ ਵਰਗੇ ਕਲਾਕਾਰਾਂ ਅਤੇ ਮੁਕਾਬਲਾ, ਪਟਿਆਲਾ ਸ਼ਾਹੀ ਪੱਗ, ਕੇਸਰੀ ਝੰਡੇ, ਸ਼ੌਕੀਨ, ਲੈਂਡਲਾਰਡ, ਸਰਨੇਮ, ਅਤੇ ਕੰਗਨੀ ਵਰਗੇ ਹਿੱਟ ਗੀਤਾਂ ਨਾਲ ਚੰਗਾ ਨਾਂ ਬਣਾਇਆ।

# ਭਾਰਤ ਤੇ ਚਾਰ ਯੂਰਪੀ ਦੇਸ਼ਾਂ ਵਿਚਕਾਰ ਫ੍ਰੀ ਟਰੇਡ ਐਗਰੀਮੈਂਟ ਲਾਗੂ

ਨਵੀਂ ਦਿੱਲੀ- ਭਾਰਤ ਅਤੇ ਯੂਰਪੀਅਨ ਫ੍ਰੀ ਟ੍ਰੇਡ ਐਸੋਸੀਏਸ਼ਨ (EFTA), ਜੋ ਕਿ ਚਾਰ ਪ੍ਰਮੁੱਖ ਯੂਰਪੀਅਨ ਦੇਸ਼ਾਂ: ਸਵਿਟਜ਼ਰਲੈਂਡ, ਨਾਰਵੇ, ਆਈਸਲੈਂਡ ਅਤੇ ਲੀਚਟਨਸਟਾਈਨ ਦਾ ਸਮੂਹ ਹੈ, ਵਿਚਕਾਰ ਮੁਕਤ ਵਪਾਰ ਸਮਝੌਤਾ (FTA) 1 ਅਕਤੂਬਰ ਨੂੰ ਲਾਗੂ ਹੋਇਆ। ਇਹ ਭਾਰਤ ਦਾ ਇਨ੍ਹਾਂ ਚਾਰ ਦੇਸ਼ਾਂ ਨਾਲ ਪਹਿਲਾ ਾਂਠਓ ਹੈ। ਇਸ ਸਮਝੌਤੇ ਨਾਲ ਇਨ੍ਹਾਂ ਦੇਸ਼ਾਂ ਤੋਂ 15 ਸਾਲਾਂ ਵਿੱਚ 100 ਬਿਲੀਅਨ ਡਾਲਰ (ਲਗਪਗ 8.86 ਲੱਖ ਕਰੋੜ ਰੁਪਏ) ਦਾ ਨਿਵੇਸ਼ ਪੈਦਾ ਹੋਣ ਦੀ ਉਮੀਦ ਹੈ, ਜਿਸ ਨਾਲ ਭਾਰਤ ਵਿੱਚ ਲਗਪਗ 10 ਲੱਖ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਇਹ ਸਮਝੌਤਾ ਭਾਰਤ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਨਾ ਸਿਰਫ਼ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰੇਗਾ ਬਲਕਿ ਭਾਰਤੀ ਨਿਰਯਾਤਕਾਂ ਅਤੇ ਉਦਯੋਗਪਤੀਆਂ ਲਈ ਨਵੇਂ ਰਸਤੇ ਵੀ ਖੋਲ੍ਹੇਗਾ। EFTA ਨੇ ਭਾਰਤ ਦੇ 99.6 ਫੀਸਦ ਬਰਾਮਦ (ਟੈਰਿਫ ਲਾਈਨਾਂ ਦਾ 92 ਫੀਸਦ) 'ਤੇ ਟੈਰਿਫ ਛੋਟ ਦੇਣ ਦਾ ਫੈਸਲਾ ਕੀਤਾ ਹੈ।



### ਭਾਰਤ ਨੂੰ ਕਾਫ਼ੀ ਲਾਭ ਹੋਵੇਗਾ

ਭਾਰਤ ਨੇ ਇਸ ਸਮਝੌਤੇ ਤਹਿਤ 82.7 ਫੀਸਦ ਟੈਰਿਫ ਲਾਈਨਾਂ 'ਤੇ ਓਂਠਓ ਨੂੰ ਰਿਆਇਤਾਂ ਦਿੱਤੀਆਂ ਹਨ। ਹਾਲਾਂਕਿ, ਕੁਝ ਖੇਤਰਾਂ ਨੂੰ ਸੁਰੱਖਿਅਤ ਕੀਤਾ ਗਿਆ ਹੈ, ਜਿਵੇਂ ਕਿ ਫਾਰਮਾਸਿਊਟੀਕਲ, ਮੈਡੀਕਲ ਉਪਕਰਣ, ਡੇਅਰੀ, ਪ੍ਰੋਸੈਸਡ ਭੋਜਨ, ਸੋਇਆ, ਕੋਲਾ ਅਤੇ ਕੁਝ ਖੇਤੀਬਾੜੀ ਉਤਪਾਦ।

ਸੋਨੇ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ, ਕਿਉਂਕਿ EFTA ਤੋਂ ਭਾਰਤ ਦੇ 80 ਫੀਸਦ ਤੋਂ ਵੱਧ ਦਰਾਮਦ ਸੋਨੇ ਦਾ ਹੈ। ਇਸ ਤੋਂ ਇਲਾਵਾ, IT, ਸਿੱਖਿਆ, ਵਪਾਰਕ ਸੇਵਾਵਾਂ ਅਤੇ ਆਡੀਓ-ਵਿਜ਼ੂਅਲ ਸੇਵਾਵਾਂ ਲਈ ਨਵੇਂ ਮੌਕੇ ਖੁੱਲ੍ਹਣਗੇ। ਇਸ ਨਾਲ ਨਰਸਿੰਗ, ਚਾਰਟਰਡ ਅਕਾਊਂਟੈਂਸੀ ਅਤੇ ਆਰਕੀਟੈਕਚਰ ਵਰਗੇ ਖੇਤਰਾਂ ਵਿੱਚ ਭਾਰਤੀ ਪੇਸ਼ੇਵਰਾਂ ਨੂੰ ਵੀ ਲਾਭ ਹੋਵੇਗਾ। ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਇਸ ਇਤਿਹਾਸਕ ਸਮਝੌਤੇ ਦੇ ਲਾਗੂ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ, ਇਸਨੂੰ ਭਾਰਤ ਦੀ ਵਿਦੇਸ਼ ਵਪਾਰ ਨੀਤੀ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਹੁਣ ਯੂਰਪੀਅਨ ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤਿਆਂ ਵਿੱਚ ਮਜ਼ਬੂਤੀ ਅਤੇ ਵਿਸ਼ਵਾਸ ਨਾਲ ਕੰਮ ਕਰ ਰਿਹਾ ਹੈ। ਇਹ ਭਾਰਤੀ ਨਿਰਯਾਤਕਾਂ, ਉਦਯੋਗਾਂ ਅਤੇ ਸੇਵਾ ਪ੍ਰਦਾਤਾਵਾਂ ਲਈ ਬਿਹਤਰ ਮੌਕੇ ਪ੍ਰਦਾਨ ਕਰੇਗਾ, ਅਤੇ ਲੱਖਾਂ ਲੋਕਾਂ ਲਈ ਰੁਜ਼ਗਾਰ ਪੈਦਾ ਕਰੇਗਾ।

# ਅਮਰੀਕਾ 'ਚ ਗੈਰ-ਨਾਗਰਿਕਾਂ ਲਈ ਲਾਇਸੈਂਸ ਦੇ ਨਿਯਮ ਹੋਏ ਸਖ਼ਤ




ਅਮਰੀਕਾ ਦੇ ਆਵਾਜਾਈ ਵਿਭਾਗ ਨੇ ਗੈਰ- ਅਮਰੀਕੀ ਨਾਗਰਿਕਾਂ ਲਈ ਵਪਾਰਕ ਡਰਾਈਵਿੰਗ ਲਾਇਸੈਂਸ ਲੈਣ ਦੇ ਨਿਯਮ ਸਖਤ ਕਰ ਦਿੱਤੇ ਹਨ। ਸ਼ੁੱਕਰਵਾਰ ਨੂੰ ਅਮਰੀਕੀ ਆਵਾਜਾਈ ਸਕੱਤਰ ਸੀਨ ਪੀ ਡਫੀ ਨੇ ਇੱਕ ਐਮਰਜੈਂਸੀ ਕਾਰਵਾਈ ਦਾ ਐਲਾਨ ਕੀਤਾ ਹੈ। ਇਸ ਵਿੱਚ ਗੈਰ-ਨਿਵਾਸੀ ਲਈ ਵਪਾਰਕ ਸਿਖਲਾਈ ਪਰਮਿਟ (CLPs) ਅਤੇ ਵਪਾਰਕ ਡਰਾਈਵਰ ਲਾਇਸੈਂਸ (CDLs) ਲਈ ਯੋਗ ਵਿਅਕਤੀ ਦੇ ਦਾਇਰੇ ਨੂੰ ਪੂਰੀ ਤਰ੍ਹਾਂ ਸੀਮਤ ਕੀਤਾ ਜਾਵੇਗਾ। ਬਿਆਨ ਵਿੱਚ ਕਿਹਾ ਗਿਆ ਹੈ ਕਿ ਨਵੇਂ ਨਿਯਮ ਖ਼ਤਰਨਾਕ ਕਮੀਆਂ ਦਾ ਰਾਹ ਬੰਦ ਕਰਦਾ ਹੈ ਅਤੇ ਸੂਬਿਆਂ ਨੂੰ ਜਵਾਬਦੇਹ ਬਣਾਉਂਦਾ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਕੋਲੋਰਾਡੋ, ਪੈਨਸਿਲਵੇਨੀਆ, ਦੱਖਣੀ ਡਕੋਟਾ, ਟੈਕਸਾਸ, ਅਤੇ ਵਾਸ਼ਿੰਗਟਨ ਨੂੰ ਵੀ ਉਨ੍ਹਾਂ ਸੂਬਿਆਂ ਵਜੋਂ ਦਰਸਾਇਆ ਗਿਆ ਹੈ ਜਿਥੇ ਸੀਡੀਐੱਲ ਜਾਰੀ ਕਰਨ ਦੇ ਤਰੀਕੇ ਸੰਘੀ ਨਿਯਮਾਂ ਦੇ ਅਨੁਕੂਲ ਨਹੀਂ ਹਨ। ਹਲਾਂਕਿ, ਕੈਲੀਫੋਰਨੀਆ ਨੇ ਆਪਣਾ ਬਚਾਅ ਕੀਤਾ ਹੈ ਅਤੇ ਗਵਰਨਰ ਗੈਵਿਨ ਨਿਊਸਮ ਦੇ ਬੁਲਾਰੇ ਨੇ ਡਫੀ ਦੇ ਤਾਜ਼ਾ ਹਮਲੇ ਨੂੰ ਖਾਰਜ ਕੀਤਾ ਹੈ। ਖ਼ਬਰ ਏਜੰਸੀਆਂ ਮੁਤਾਬਕ ਬੁਲਾਰੇ ਡਾਇਨਾ ਕਰੌਫਟਸ-ਪੇਲਾਯੋ ਨੇ ਕਿਹਾ ਕਿ ਕੈਲੀਫੋਰਨੀਆ ਦੇ ਵਪਾਰਕ ਡਰਾਈਵਿੰਗ ਲਾਇਸੈਂਸ ਧਾਰਕਾਂ ਵਿੱਚ ਰਾਸ਼ਟਰੀ ਔਸਤ ਅਤੇ ਟੈਕਸਾਸ ਔਸਤ ਦੋਵਾਂ ਨਾਲੋਂ ਹਾਦਸਿਆਂ ਦੀ ਦਰ ਕਾਫ਼ੀ ਘੱਟ ਹੈ, ਜੋ ਕਿ ਇੱਕੋ ਇੱਕ ਸੂਬਾ ਹੈ ਜਿੱਥੇ ਵਧੇਰੇ ਲਾਇਸੈਂਸਸ਼ੁਦਾ ਵਪਾਰਕ ਡਰਾਈਵਰ ਹਨ।

ਨਵੇਂ ਨਿਯਮ ਮੁਤਾਬਕ ਕੀ ਬਦਲੇਗਾ?

ਨਵੇਂ ਨਿਯਮ ਅਨੁਸਾਕ ਗੈਰ-ਡੋਮਿਸਾਈਲਡ ਸੀਐੱਲਪੀ ਅਤੇ ਸੀਡੀਐੱਲ ਲਈ ਯੋਗ ਵਿਅਕਤੀਆਂ ਦੀ ਸੀਮਾ ਉਹਨਾਂ ਵਿਦੇਸ਼ੀ ਵਿਅਕਤੀਆਂ ਤੱਕ ਰੱਖੀ ਜਾਂਦੀ ਹੈ ਜੋ ਸੰਯੁਕਤ ਰਾਜ ਅਮਰੀਕਾ ਵਿੱਚ ਕਾਨੂੰਨੀ ਦਰਜੇ ਨਾਲ ਕੁਝ ਨਿਯਮਤ ਰੋਜ਼ਗਾਰ-ਅਧਾਰਤ ਅਤੇ ਗੈਰ-ਇਮੀਗ੍ਰੈਂਟ ਸ਼੍ਰੇਣੀਆਂ ਵਿੱਚ ਹਨ। ਗੈਰ-ਨਾਗਰਿਕ ਬਿਨੈਕਾਰ ਤੋਂ ਇਹ ਮੰਗ ਕੀਤੀ ਜਾਵੇਗੀ ਕਿ ਉਹ ਹਰ ਸੀਐੱਲਪੀ/ਸੀਡੀਐੱਲ ਜਾਰੀ ਕਰਨ, ਟਰਾਂਸਫਰ, ਨਵੀਨੀਕਰਨ ਜਾਂ ਅੱਪਗ੍ਰੇਡ ਦੇ ਸਮੇਂ ਮਿਆਦ ਨਾ ਪੁੱਗਿਆ ਹੋਇਆ ਵਿਦੇਸ਼ੀ ਪਾਸਪੋਰਟ ਅਤੇ ਮਿਆਦ ਨਾ ਪੁੱਗਿਆ ਫਾਰਮ I-94 ਜਾਂ I-94A ਦੇਵੇ। ਇਸ ਵਿੱਚ ਕਿਸੇ ਨਿਰਧਾਰਤ ਰੋਜ਼ਗਾਰ ਅਧਾਰਤ ਗੈਰ-ਇਮੀਗ੍ਰੈਂਟ ਸ਼੍ਰੇਣੀ ਜਿਵੇਂ H2-B, H2-A, ਜਾਂ E-2 ਵੀਜ਼ਾ ਦਾ ਵੇਰਵਾ ਹੋਵੇ। ਸਟੇਟ ਡਰਾਈਵਰ ਲਾਇਸੈਂਸਿੰਗ ਏਜੰਸੀਆਂ ਨੂੰ ਘੱਟੋ-ਘੱਟ ਦੋ ਸਾਲਾਂ ਲਈ ਅਰਜ਼ੀ ਵਾਲੇ ਦਸਤਾਵੇਜ਼ਾਂ ਦੀਆਂ ਕਾਪੀਆਂ ਰੱਖਣ ਦੀ ਲੋੜ ਹੈ। ਹਰੇਕ ਨਵੀਨੀਕਰਨ ਸਮੇਂ ਬਿਨੈਕਾਰ ਨੂੰ ਵਿਅਕਤੀਗਤ ਤੌਰ 'ਤੇ ਮੌਜੂਦ ਹੋਣਾ ਜ਼ਰੂਰੀ ਹੈ।

ਅਮਰੀਕੀ ਆਵਾਜਾਈ ਸਕੱਤਰ ਸੀਨ ਪੀ। ਡਫੀ ਨੇ ਕਿਹਾ, "80,000 ਪੌਂਡ ਦੇ ਇੱਕ ਵੱਡੇ ਟਰੱਕ ਨੂੰ ਚਲਾਉਣ ਲਈ ਲਾਇਸੈਂਸ ਖਤਰਨਾਕ ਵਿਦੇਸ਼ੀ ਡਰਾਈਵਰਾਂ ਨੂੰ ਜਾਰੀ ਕੀਤੇ ਜਾ ਰਹੇ ਹਨ ਜੋ ਅਕਸਰ ਗੈਰ-ਕਾਨੂੰਨੀ ਹੁੰਦੇ ਹਨ। ਇਹ ਸੜਕ 'ਤੇ ਹਰੇਕ ਪਰਿਵਾਰ ਦੀ ਸੁਰੱਖਿਆ ਲਈ ਸਿੱਧਾ ਖ਼ਤਰਾ ਹੈ ਅਤੇ ਮੈਂ ਇਸਦਾ ਸਮਰਥਨ ਨਹੀਂ ਕਰਾਂਗਾ।"

"ਅੱਜ ਦੀਆਂ ਕਾਰਵਾਈਆਂ ਅਸੁਰੱਖਿਅਤ ਵਿਦੇਸ਼ੀ ਡਰਾਈਵਰਾਂ ਨੂੰ ਆਪਣੇ ਲਾਇਸੈਂਸ ਨੂੰ ਨਵਿ-ਆਉਣ ਤੋਂ ਰੋਕਣਗੀਆਂ ਅਤੇ ਸੂਬਿਆਂ ਨੂੰ ਗਲਤ ਤਰੀਕੇ ਨਾਲ ਜਾਰੀ ਕੀਤੇ ਲਾਇਸੈਂਸਾਂ ਨੂੰ ਤੁਰੰਤ ਰੱਦ ਕਰਨ ਲਈ ਜਵਾਬਦੇਹ ਬਣਾਉਣਗੀਆਂ।" ਪੰਜਾਬ ਦੇ ਤਰਨਤਾਰਨ ਨਾਲ ਸਬੰਧਿਤ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੇ ਟਰੱਕ ਹਾਦਸੇ ਵਿੱਚ 12 ਅਗਸਤ ਨੂੰ 3 ਲੋਕ ਮਾਰੇ ਗਏ ਸਨ। ਹਰਜਿੰਦਰ ਸਿੰਘ ਮੈਕਸੀਕੋ ਰਾਹੀਂ ਗ਼ੈਰ-ਕਾਨੂੰਨੀ ਢੰਗ ਨਾਲ ਸਾਲ 2018 ਵਿੱਚ ਅਮਰੀਕਾ ਦਾਖ਼ਲ ਹੋਇਆ ਸੀ। ਫਲੋਰੀਡਾ ਹਾਈਵੇਅ ਸੇਫਟੀ ਐਂਡ ਮੋਟਰ ਵ੍ਹੀਕਲਜ਼ ਡਿਪਾਰਟਮੈਂਟ ਵੱਲੋਂ ਜਾਰੀ ਇੱਕ ਬਿਆਨ ਵਿੱਚ ਦੱਸਿਆ ਗਿਆ ਸੀ ਕਿ ਉਸ ਦਾ ਹਾਦਸਾ ਇੱਕ ਮਿੰਨੀ ਵੈਨ ਅਤੇ ਸੈਮੀ-ਟਰੱਕ ਵਿਚਕਾਰ ਹੋਇਆ ਸੀ। "ਜਾਂਚ ਵਿੱਚ ਪਾਇਆ ਗਿਆ ਹੈ ਕਿ ਇਹ ਪ੍ਰਤੱਖ ਹੈ ਕਿ ਸੈਮੀ-ਟਰੱਕ ਦਾ ਡਰਾਈਵਰ ਲਾਪਰਵਾਹੀ ਨਾਲ ਚਲਾ ਰਿਹਾ ਅਤੇ ਅਜਿਹੀ ਥਾਂ ਤੋਂ ਯੂ-ਟਰਨ ਲੈ ਰਿਹਾ ਸੀ ਜਿਸ ਨੂੰ ਸਿਰਫ਼ ਐਮਰਜੈਂਸੀ ਜਾਂ ਪੁਲਿਸ ਦੇ ਵਾਹਨ ਹੀ ਵਰਤ ਸਕਦੇ ਹਨ।" ਇਸ ਹਾਦਸੇ ਮਗਰੋਂ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਡਰਾਈਵਿੰਗ ਲਾਇਸੈਂਸ ਦਿੱਤੇ ਜਾਣ ਦਾ ਮੁੱਦਾ ਚਰਚਾ ਵਿੱਚ ਆਇਆ ਸੀ। ਇਹ ਮਾਮਲਾ ਜਲਦੀ ਹੀ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਅਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਵਿਚਕਾਰ ਇੱਕ ਜਨਤਕ ਤਕਰਾਰ ਵਿੱਚ ਬਦਲ ਗਿਆ ਸੀ।


**ਡਰਾਈਵਰਾਂ ਦੀ ਹੋ ਸਕਦੀ ਹੈ ਘਾਟ**

ਅਮਰੀਕਾ ਦੀਆਂ ਸੜਕਾਂ 'ਤੇ 200,000 ਗੈਰ-ਨਾਗਰਿਕ ਟਰੱਕ ਡਰਾਈਵਰ ਹਨ। ਇਹ ਸਾਰੇ ਵਪਾਰਕ ਡਰਾਈਵਰਾਂ ਦਾ ਲਗਭਗ 5% ਹਨ। ਡਫੀ ਦਾ ਕਹਿਣਾ ਹੈ ਕਿ ਉਹ ਸੋਚਦੇ ਹਨ ਕਿ ਸਾਰਾ ਭਾਰ ਚੁੱਕਣ ਲਈ ਅਮਰੀਕੀ ਡਰਾਈਵਰ ਕਾਫ਼ੀ ਹਨ। ਨਿਊ ਜਰਸੀ ਦੇ ਲਿੰਡਨ ਵਿੱਚ ਡਰਾਈਵਿੰਗ ਅਕੈਡਮੀ ਦੇ ਸੰਸਥਾਪਕ ਜੋਨਾਥਨ ਮਾਰਕ ਕਹਿੰਦੇ ਹਨ ਕਿ ਇਸ ਕਿੱਤੇ ਤੋਂ ਗੈਰ-ਨਾਗਰਿਕ ਡਰਾਈਵਰਾਂ ਨੂੰ ਹਟਾਉਣ ਨਾਲ ਟਰੱਕਿੰਗ ਕੰਪਨੀਆਂ ਨੂੰ ਐਂਟਰੀ-ਲੈਵਲ ਪਰੇਟਰਾਂ ਲਈ ਤਨਖਾਹ ਵਧਾਉਣ ਪੈ ਸਕਦੀ ਹੈ ਅਤੇ ਇਹ ਨੌਕਰੀ ਲੱਭਣ ਵਾਲਿਆਂ ਨੂੰ ਆਕਰਸ਼ਿਤ ਵੀ ਕਰੇਗਾ।" ਪੰਜਾਬ ਦੇ ਰਹਿਣ ਵਾਲੇ ਅਤੇ ਅਮਰੀਕਾ ਵਿੱਚ ਡਰਾਈਵਰੀ ਕਰਦੇ ਹਰਪ੍ਰੀਤ ਸ਼ਰਮਾ ਨੇ ਮੀਡੀਆ ਨੂੰ ਕਿਹਾ ਕਿ ਟਰੰਪ ਪ੍ਰਸਾਸ਼ਨ ਵੱਲੋਂ ਕੀਤੀਆਂ ਜਾ ਰਹੀਆਂ ਸਖਤਾਈਆਂ ਵਿਰੁੱਧ ਟਰੱਕ ਡਰਾਈਵਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ, "ਲਾਈਸੈਂਸ ਦੇਣ ਵਿੱਚ ਸਖਤੀ, ਛਾਪੇਮਾਰੀਆਂ ਅਤੇ ਡਰਾਈਵਰਾਂ ਨੂੰ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਵਿਰੁੱਧ ਰੋਸ ਵੱਧ ਰਿਹਾ ਹੈ ਜਿਸ ਖ਼ਿਲਾਫ਼ ਟਰੱਕ ਚਾਲਕ ਇਕੱਠੇ ਹੋ ਰਹੇ ਹਨ।"

# ਵਲਾਦੀਮੀਰ ਪੂਤਿਨ ਦਸੰਬਰ ਦੇ ਸ਼ੁਰੂ ਵਿੱਚ ਭਾਰਤ ਆਉਣਗੇ

ਨਵੀਂ ਦਿੱਲੀ- ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ 5 ਦਸੰਬਰ ਦੇ ਨੇੜੇ ਤੇੜੇ ਭਾਰਤ ਆਉਣ ਦੀ ਸੰਭਾਵਨਾ ਹੈ ਤੇ ਉਹ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਦੁਵੱਲੇ ਰਣਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਚਰਚਾ ਕਰਨਗੇ। ਇਸ ਹਾਈ-ਪ੍ਰੋਫਾਈਲ ਦੌਰੇ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਪਰ ਹਾਲੇ ਸਪਸ਼ਟ ਨਹੀਂ ਹੈ ਕਿ ਰੂਸੀ ਰਾਸ਼ਟਰਪਤੀ ਇੱਕ ਦਿਨ ਦੀ ਯਾਤਰਾ ਲਈ ਆਉਣਗੇ ਜਾਂ ਉਹ ਦੋ ਦਿਨਾਂ ਲਈ ਭਾਰਤ ਵਿੱਚ ਰਹਿਣਗੇ।

ਪੂਤਿਨ ਦੀ ਯਾਤਰਾ ਤੋਂ ਪਹਿਲਾਂ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਅਗਲੇ ਮਹੀਨੇ ਰਾਸ਼ਟਰਪਤੀ ਦੌਰੇ ਸਬੰਧੀ ਭਾਰਤ ਦੀ ਯਾਤਰਾ ਕਰਨਗੇ। ਰੂਸੀ ਰਾਸ਼ਟਰਪਤੀ ਆਖਰੀ ਵਾਰ 2021 ਵਿੱਚ ਭਾਰਤ ਆਏ ਸਨ। ਪੂਤਿਨ ਦੀ ਯਾਤਰਾ ਦੀਆਂ ਤਰੀਕਾਂ ਬਾਰੇ ਅਜੇ ਤਕ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ।



# ਗੈਰ-ਕਾਨੂੰਨੀ ਪਰਵਾਸ 'ਤੇ ਠੱਲ੍ਹ ਪਾਉਣ ਲਈ ਯੂਕੇ ਦੀ ਡਿਜੀਟਲ ਆਈਡੀ ਯੋਜਨਾ

ਇੰਗਲੈਂਡ (ਯੂਕੇ) ਸਰਕਾਰ ਨੇ ਪੂਰੇ ਦੇਸ਼ ਵਿੱਚ ਇੱਕ ਡਿਜੀਟਲ ਆਈਡੀ ਸਿਸਟਮ ਸ਼ੁਰੂ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਕਿਹਾ ਹੈ ਕਿ ਇਹ ਦੇਸ਼ ਦੀਆਂ 'ਸਰਹੱਦਾਂ ਨੂੰ ਵਧੇਰੇ ਸੁਰੱਖਿਅਤ' ਕਰਨਾ ਯਕੀਨੀ ਬਣਾਏਗਾ। ਆਈਡੀ ਨੂੰ ਰੋਜ਼ਾਨਾ ਆਪਣੇ ਨਾਲ ਨਹੀਂ ਰੱਖਣਾ ਪਵੇਗਾ, ਪਰ ਕੰਮ ਕਰਨ ਦੇ ਚਾਹਵਾਨ ਕਿਸੇ ਵੀ ਵਿਅਕਤੀ ਲਈ ਇਹ ਲਾਜ਼ਮੀ ਹੋਣਗੇ। ਸਰਕਾਰ ਦਾ ਕਹਿਣਾ ਹੈ ਕਿ ਇਹ ਸਕੀਮ 'ਸੰਸਦ ਦੇ ਅੰਤ ਤੱਕ' ਲਾਗੂ ਕਰ ਦਿੱਤੀ ਜਾਵੇਗੀ, ਯਾਨੀ ਅਗਲੀਆਂ ਆਮ ਚੋਣਾਂ ਤੋਂ ਪਹਿਲਾਂ, ਜੋ ਕਿ ਕਾਨੂੰਨ ਮੁਤਾਬਕ ਅਗਸਤ 2029 ਤੋਂ ਪਹਿਲਾਂ ਹੋਣੀਆਂ ਚਾਹੀਦੀਆਂ ਹਨ।

**ਸਰਕਾਰ ਡਿਜੀਟਲ ਆਈਡੀ ਕਿਉਂ ਲਿਆ ਰਹੀ ਹੈ?**

ਡਿਜੀਟਲ ਆਈਡੀ ਦੀ ਵਰਤੋਂ ਕਿਸੇ ਵਿਅਕਤੀ ਦੇ ਯੂਕੇ ਵਿੱਚ ਰਹਿਣ ਅਤੇ ਕੰਮ ਕਰਨ ਦੇ ਅਧਿਕਾਰ ਨੂੰ ਸਾਬਤ ਕਰਨ ਲਈ ਕੀਤੀ ਜਾਇਆ ਕਰੇਗੀ। ਇਹ ਇੱਕ ਐਪ-ਅਧਾਰਿਤ ਸਿਸਟਮ ਦਾ ਰੂਪ ਲੈਣਗੀਆਂ, ਜੋ ਕਿ ਐੱਨਐੱਚਐੱਸ ਐਪ ਜਾਂ ਡਿਜੀਟਲ ਬੈਂਕ ਕਾਰਡਾਂ ਵਾਂਗ ਹੀ ਸਮਾਰਟਫ਼ੋਨਾਂ 'ਚ ਸਟੋਰ ਕੀਤੀ ਜਾਵੇਗੇ। ਆਈਡੀ ਵਿੱਚ ਧਾਰਕਾਂ ਦੀ ਰਿਹਾਇਸ਼, ਨਾਮ, ਜਨਮ ਮਿਤੀ, ਕੌਮੀਅਤ ਅਤੇ ਇੱਕ ਫ਼ੋਟੋ ਬਾਰੇ ਜਾਣਕਾਰੀ ਸ਼ਾਮਲ ਕੀਤੀ ਜਾਵੇਗੀ। ਇਸ ਸਕੀਮ ਦਾ ਐਲਾਨ ਕਰਦੇ ਹੋਏ, ਕੀਅਰ ਨੇ ਕਿਹਾ, "ਜੇਕਰ ਤੁਹਾਡੇ ਕੋਲ ਡਿਜੀਟਲ ਆਈਡੀ ਨਹੀਂ ਹੈ ਤਾਂ ਤੁਸੀਂ ਯੂਨਾਈਟਿਡ ਕਿੰਗਡਮ ਵਿੱਚ ਕੰਮ ਨਹੀਂ ਕਰ ਸਕੋਗੇ।" ਸਰਕਾਰ ਦਾ ਕਹਿਣਾ ਹੈ ਕਿ ਇਹ ਸਕੀਮ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਤਿਆਰ ਕੀਤੀ ਗਈ ਹੈ, ਜਿਸ ਨਾਲ ਬਿਨ੍ਹਾਂ ਲੋੜੀਂਦੇ ਕਾਨੂੰਨੀ ਦਰਜੇ ਦੇ ਲੋਕਾਂ ਲਈ ਨੌਕਰੀਆਂ ਲੱਭਣਾ ਔਖਾ ਹੋ ਜਾਂਦਾ ਹੈ। ਮੰਤਰੀਆਂ ਦਾ ਤਰਕ ਹੈ ਕਿ ਇਹ ਪਰਵਾਸੀਆਂ ਲਈ ਗ਼ੈਰ-ਕਾਨੂੰਨੀ ਤੌਰ 'ਤੇ ਯੂਕੇ ਵਿੱਚ ਦਾਖਲ ਹੋਣ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ। ਮਾਲਕ ਹੁਣ ਨੈਸ਼ਨਲ ਇੰਸ਼ੋਰੈਂਸ ਨੰਬਰ, ਜੋ ਕਿ ਵਰਤਮਾਨ ਵਿੱਚ ਕੰਮ ਕਰਨ ਦੇ ਅਧਿਕਾਰ ਦੇ ਸਬੂਤ ਵਜੋਂ ਵਰਤਿਆ ਜਾਂਦਾ ਹੈ ਜਾਂ ਕਾਗਜ਼-ਅਧਾਰਿਤ ਚੈੱਕਾਂ 'ਤੇ ਭਰੋਸਾ ਨਹੀਂ ਕਰ ਸਕਣਗੇ। ਇਸ ਸਮੇਂ, ਕਿਸੇ ਹੋਰ ਦਾ ਰਾਸ਼ਟਰੀ ਬੀਮਾ ਨੰਬਰ ਉਧਾਰ ਲੈਣਾ, ਚੋਰੀ ਕਰਨਾ ਜਾਂ ਵਰਤਣਾ ਕਾਫ਼ੀ ਸੌਖਾ ਹੈ ਅਤੇ ਇਹ ਸ਼ੈਡੋ ਅਰਥਵਿਵਸਥਾ ਵਿੱਚ ਸਮੱਸਿਆ ਦਾ ਇੱਕ ਹਿੱਸਾ ਹੈ। ਮੌਜੂਦਾ ਢਾਂਚੇ ਵਿੱਚ ਕਈ ਲੋਕ ਰਾਸ਼ਟਰੀ ਬੀਮਾ ਨੰਬਰ ਸਾਂਝਾ ਕਰਦੇ ਹਨ। ਕਿਉਂਕਿ ਇੱਕ ਤਸਵੀਰ ਬਦਲਣ ਨਾਲ ਹੀ ਅਜਿਹਾ ਹੋ ਸਕਦਾ ਹੈ। ਨਵੇਂ ਡਿਜੀਟਲ ਆਈਡੀ ਸਿਸਟਮ ਨਾਲ ਸਿਧਾਂਤਕ ਤੌਰ 'ਤੇ ਉਸ ਪ੍ਰਣਾਲੀ ਦੀ ਦੁਰਵਰਤੋਂ ਕਰਨਾ ਔਖਾ ਹੋ ਜਾਵੇਗਾ।

**ਸਕੀਮ ਨੂੰ ਲੈ ਕੇ ਦਲੀਲਾਂ**

ਕੰਜ਼ਰਵੇਟਿਵ ਆਗੂ ਕੇਮੀ ਬੈਡੇਨੋਚ ਨੇ ਕਿਹਾ ਕਿ ਦਲੀਲਾਂ ਡਿਜੀਟਲ ਆਈਡੀ ਦੇ ਹੱਕ ਵਿੱਚ ਵੀ ਹਨ ਅਤੇ ਵਿਰੋਧ ਵਿੱਚ ਵੀ ਅਜਿਹੀ ਸਥਿਤੀ ਵਿੱਚ, ਇਸਨੂੰ ਲਾਜ਼ਮੀ ਬਣਾਉਣ ਲਈ 'ਇੱਕ ਢੁਕਵੀਂ ਰਾਸ਼ਟਰੀ ਬਹਿਸ ਦੀ ਲੋੜ ਹੈ'। ਐਕਸ 'ਤੇ ਇੱਕ ਪੋਸਟ ਵਿੱਚ ਉਨ੍ਹਾਂ ਕਿਹਾ, "ਕੀ ਅਸੀਂ ਸੱਚਮੁੱਚ ਲੇਬਰ ਇੱਕ ਮਹਿੰਗਾ ਰਾਸ਼ਟਰੀ ਪ੍ਰੋਗਰਾਮ ਲਾਗੂ ਕਰਨ 'ਤੇ ਭਰੋਸਾ ਕਰ ਸਕਦੇ ਹਾਂ ਜੋ ਸਾਡੇ ਸਾਰਿਆਂ ਦੇ ਜੀਵਨ ਨੂੰ ਪ੍ਰਭਾਵਤ ਕਰੇਗਾ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਲੋਕਾਂ 'ਤੇ ਵਾਧੂ ਬੋਝ ਪਾਵੇਗਾ? ਮੈਨੂੰ ਇਸ 'ਤੇ ਸ਼ੱਕ ਹੈ।" ਲਿਬਰਲ ਡੈਮੋਕਰੇਟਸ ਦੇ ਸ਼ੈਡੋ ਅਟਾਰਨੀ ਜਨਰਲ ਬੇਨ ਮੈਗੁਆਇਰ ਨੇ ਦੱਸਿਆ ਕਿ ਪਾਰਟੀ ਇਹ ਸਮਝਣ ਲਈ ਜੱਦੋ-ਜਹਿਦ ਕਰ ਰਹੀ ਹੈ ਕਿ ਇਸ ਨੀਤੀ ਦਾ ਗ਼ੈਰ-ਕਾਨੂੰਨੀ ਪਰਵਾਸ 'ਤੇ ਕਿਵੇਂ ਸਾਰਥਕ ਪ੍ਰਭਾਵ ਪਵੇਗਾ।

**ਕੀ ਡਿਜੀਟਲ ਆਈਡੀ ਲਾਜ਼ਮੀ ਹੋਵੇਗੀ?**

ਡਿਜੀਟਲ ਆਈਡੀ ਯੂਕੇ ਦੇ ਸਾਰੇ ਨਾਗਰਿਕਾਂ ਅਤੇ ਕਾਨੂੰਨੀ ਨਿਵਾਸੀਆਂ ਲਈ ਉਪਲਬਧ ਹੋਵੇਗੀ ਅਤੇ ਕੰਮ ਕਰਨ ਵਾਲਿਆਂ ਲਈ ਲਾਜ਼ਮੀ ਹੋਵੇਗੀ। ਹਾਲਾਂਕਿ, ਵਿਦਿਆਰਥੀਆਂ, ਪੈਨਸ਼ਨਰਾਂ ਜਾਂ ਹੋਰ ਜੋ ਕੰਮ ਨਹੀਂ ਚਾਹੁੰਦੇ, ਉਨ੍ਹਾਂ ਲਈ ਡਿਜੀਟਲ ਆਈਡੀ ਹੋਣਾ ਇੱਕ ਬਦਲ ਹੋਵੇਗਾ। ਅਧਿਕਾਰੀ ਇਸ ਗੱਲ 'ਤੇ ਵੀ ਜ਼ੋਰ ਦਿੰਦੇ ਹਨ ਕਿ ਇਹ ਇੱਕ ਰਵਾਇਤੀ ਪਛਾਣ ਪੱਤਰ ਵਾਂਗ ਕੰਮ ਨਹੀਂ ਕਰੇਗਾ, ਲੋਕਾਂ ਨੂੰ ਇਸਨੂੰ ਜਨਤਕ ਤੌਰ 'ਤੇ ਲੈ ਕੇ ਜਾਣ ਦੀ ਲੋੜ ਨਹੀਂ ਹੋਵੇਗੀ। ਮੰਤਰੀਆਂ ਨੇ ਸਿਹਤ ਸੰਭਾਲ ਜਾਂ ਭਲਾਈ ਸਕੀਮਾਂ ਦੇ ਭੁਗਤਾਨਾਂ ਤੱਕ ਪਹੁੰਚ ਲਈ ਆਈਡੀ ਦੀ ਲੋੜ ਨੂੰ ਰੱਦ ਕੀਤਾ ਹੈ। ਹਾਲਾਂਕਿ, ਇਸ ਸਿਸਟਮ ਨੂੰ ਕੁਝ ਸਰਕਾਰੀ ਸੇਵਾਵਾਂ ਨਾਲ ਜੋੜਨ, ਐਪਲੀਕੇਸ਼ਨਾਂ ਨੂੰ ਸਰਲ ਬਣਾਉਣ ਅਤੇ ਧੋਖਾਧੜੀ ਨੂੰ ਘਟਾਉਣ ਲਈ ਤਿਆਰ ਕੀਤਾ ਜਾ ਰਿਹਾ ਹੈ। ਸਰਕਾਰ ਨੇ ਕਿਹਾ ਕਿ ਸਮੇਂ ਦੇ ਨਾਲ, ਡਿਜੀਟਲ ਆਈਡੀ ਡਰਾਈਵਿੰਗ ਲਾਇਸੈਂਸ, ਬੱਚਿਆਂ ਦੀ ਦੇਖਭਾਲ ਅਤੇ ਭਲਾਈ ਵਰਗੀਆਂ ਸੇਵਾਵਾਂ ਲਈ ਅਰਜ਼ੀ ਦੇਣਾ ਆਸਾਨ ਬਣਾ ਦੇਣਗੇ। ਇਸਨੇ ਕਿਹਾ ਕਿ ਇਹ ਟੈਕਸ ਰਿਕਾਰਡਾਂ ਤੱਕ ਪਹੁੰਚ ਨੂੰ ਵੀ ਸਰਲ ਬਣਾ ਦੇਵੇਗਾ। ਸਰਕਾਰ ਨੇ ਵਾਅਦਾ ਕੀਤਾ ਹੈ ਕਿ ਇਹ ਸਿਸਟਮ ਜਲਦ ਚਾਲੂ ਹੋਵੇਗਾ ਅਤੇ ਉਨ੍ਹਾਂ ਲਈ ਕੰਮ ਕਰੇਗਾ ਜਿਨ੍ਹਾਂ ਕੋਲ ਸਮਾਰਟਫ਼ੋਨ, ਪਾਸਪੋਰਟ ਜਾਂ ਭਰੋਸੇਯੋਗ ਇੰਟਰਨੈਟ ਤੱਕ ਪਹੁੰਚ ਨਹੀਂ ਹੈ। ਇਸ ਸਾਲ ਦੇ ਅੰਤ ਵਿੱਚ ਸ਼ੁਰੂ ਹੋਣ ਵਾਲੇ ਇੱਕ ਜਨਤਕ ਸਲਾਹ-ਮਸ਼ਵਰੇ ਵਿੱਚ ਬਜ਼ੁਰਗ ਲੋਕਾਂ ਜਾਂ ਬੇਘਰ ਲੋਕਾਂ ਦੇ ਸਮੂਹਾਂ ਲਈ ਬਦਲ ਦੀ ਭਾਲ ਕਰਨਾ ਸ਼ਾਮਲ ਹੋਵੇਗਾ। ਸੰਭਾਵੀ ਤੌਰ 'ਤੇ ਭੌਤਿਕ ਦਸਤਾਵੇਜ਼ ਜਾਂ ਆਹਮੋ-ਸਾਹਮਣੇ ਸਹਾਇਤਾ ਮੁਹੱਈਆ ਕਰਵਾਉਣਾ ਸ਼ਾਮਲ ਹੈ।

**ਹੋਰ ਕਿਹੜੇ ਦੇਸ਼ਾਂ ਕੋਲ ਪਹਿਲਾਂ ਹੀ ਪਛਾਣ ਪੱਤਰ ਹਨ**

ਯੂਕੇ ਸਰਕਾਰ ਨੇ ਕਿਹਾ ਹੈ ਕਿ ਉਹ ਐਸਟੋਨੀਆ, ਆਸਟ੍ਰੇਲੀਆ, ਡੈਨਮਾਰਕ ਅਤੇ ਭਾਰਤ ਸਣੇ ਦੁਨੀਆ ਭਰ ਵਿੱਚ ਵਰਤੇ ਜਾਣ ਵਾਲੇ ਡਿਜੀਟਲ ਆਈਡੀ ਪ੍ਰਣਾਲੀਆਂ ਦੇ 'ਸਭ ਤੋਂ ਬਹਿਤਰੀਨ ਪਹਿਲੂਆਂ ਨੂੰ' ਲਵੇਗੀ। ਇਨ੍ਹਾਂ ਵਿੱਚੋਂ ਹਰੇਕ ਦੇਸ਼ ਦੀ ਆਪਣੀ ਵਿਲੱਖਣ ਪ੍ਰਣਾਲੀ ਹੈ, ਪਰ ਸਾਰੇ ਇਸਨੂੰ ਲੋਕਾਂ ਲਈ ਕੁਝ ਸਰਕਾਰੀ ਜਾਂ ਬੈਂਕਿੰਗ ਸੇਵਾਵਾਂ ਤੱਕ ਪਹੁੰਚ ਕਰਨ ਵੇਲੇ ਆਪਣੇ ਆਪ ਨੂੰ ਸਾਬਤ ਕਰਨ ਦੇ ਤਰੀਕੇ ਜਾਂ ਸ਼ਨਾਖ਼ਤ ਵਜੋਂ ਵਰਤਦੇ ਹਨ। ਐਸਟੋਨੀਆ ਨੇ 2002 ਵਿੱਚ ਆਪਣਾ ਲਾਜ਼ਮੀ ਡਿਜੀਟਲ ਆਈਡੀ ਸਿਸਟਮ ਪੇਸ਼ ਕੀਤਾ ਸੀ ਅਤੇ ਲੋਕ ਇਸਦੀ ਵਰਤੋਂ ਮੈਡੀਕਲ ਰਿਕਾਰਡਾਂ, ਵੋਟਿੰਗ, ਬੈਂਕਿੰਗ ਅਤੇ ਡਿਜੀਟਲ ਦਸਤਖਤਾਂ ਤੱਕ ਪਹੁੰਚ ਕਰਨ ਲਈ ਕਰਦੇ ਹਨ। ਇਹ ਮੁੱਖ ਤੌਰ 'ਤੇ ਲੋਕਾਂ ਦੇ ਸਮਾਰਟਫ਼ੋਨ 'ਤੇ ਆਈਡੀ ਕਾਰਡ ਦੇ ਡਿਜੀਟਲ ਸੰਸਕਰਣ ਵਜੋਂ ਸਟੋਰ ਕੀਤਾ ਜਾਂਦਾ ਹੈ। ਆਸਟ੍ਰੇਲੀਆ ਅਤੇ ਡੈਨਮਾਰਕ ਕੋਲ ਡਿਜੀਟਲ ਆਈਡੀ ਐਪਸ ਹਨ ਜਿਨ੍ਹਾਂ ਨੂੰ ਲੋਕ ਡਾਊਨਲੋਡ ਕਰ ਸਕਦੇ ਹਨ ਅਤੇ ਸਰਕਾਰੀ ਅਤੇ ਨਿੱਜੀ ਸੇਵਾਵਾਂ ਵਿੱਚ ਲੌਗਇਨ ਕਰਨ ਲਈ ਵਰਤ ਸਕਦੇ ਹਨ। ਭਾਰਤ ਵਿੱਚ ਇੱਕ ਅਜਿਹਾ ਸਿਸਟਮ ਹੈ ਜਿਸ ਰਾਹੀਂ ਲੋਕ ਰਿਹਾਇਸ਼ ਅਤੇ ਪਛਾਣ ਦੇ ਸਬੂਤ ਵਜੋਂ ਵਰਤਣ ਲਈ ਇੱਕ ਵਿਲੱਖਣ 12-ਅੰਕਾਂ ਦਾ ਯੂਨੀਕ ਨੰਬਰ ਪ੍ਰਾਪਤ ਕਰ ਸਕਦੇ ਹਨ।


ਕਈ ਹੋਰ ਦੇਸ਼ ਵੀ ਕਿਸੇ ਨਾ ਕਿਸੇ ਕਿਸਮ ਦੀ ਡਿਜੀਟਲ ਆਈਡੀ ਦੀ ਵਰਤੋਂ ਕਰਦੇ ਹਨ, ਜਿਸ ਵਿੱਚ ਸਿੰਗਾਪੁਰ, ਗ੍ਰੀਸ, ਫਰਾਂਸ, ਬੋਸਨੀਆ ਅਤੇ ਹਰਜ਼ੇਗੋਵਿਨਾ, ਸੰਯੁਕਤ ਅਰਬ ਅਮੀਰਾਤ, ਚੀਨ, ਕੋਸਟਾ ਰੀਕਾ, ਦੱਖਣੀ ਕੋਰੀਆ ਅਤੇ ਅਫ਼ਗਾਨਿਸਤਾਨ ਸ਼ਾਮਲ ਹਨ।

ਟੋਨੀ ਬਲੇਅਰ ਦੀ ਲੇਬਰ ਸਰਕਾਰ ਨੇ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਸਵੈ-ਇੱਛਤ ਆਈਡੀ ਕਾਰਡਾਂ ਲਈ ਕਾਨੂੰਨ ਬਣਾਇਆ ਸੀ। ਹਾਲਾਂਕਿ, ਇਸ ਯੋਜਨਾ ਨੂੰ 2011 ਵਿੱਚ ਕੰਜ਼ਰਵੇਟਿਵ-ਅਗਵਾਈ ਵਾਲੇ ਗੱਠਜੋੜ ਵੱਲੋਂ ਰੱਦ ਕਰ ਦਿੱਤਾ ਗਿਆ ਸੀ, ਜਿਸ ਦੀ ਦਲੀਲ ਸੀ ਕਿ ਇਹ ਬਹੁਤ ਮਹਿੰਗਾ ਅਤੇ ਦਖਲਅੰਦਾਜ਼ੀ ਵਾਲਾ ਸੀ। ਯੂਕੇ ਕੋਲ ਸਿਰਫ਼ ਜੰਗ ਦੇ ਸਮੇਂ ਦੌਰਾਨ ਹੀ ਲਾਜ਼ਮੀ ਆਈਡੀ ਕਾਰਡ ਸਨ। ਹਾਲਾਂਕਿ ਇਹ ਦੂਜੀ ਵਿਸ਼ਵ ਜੰਗ ਤੋਂ ਬਾਅਦ ਕਈ ਸਾਲਾਂ ਤੱਕ ਲਾਗੂ ਰਹੇ, ਪਰ ਵਿੰਸਟਨ ਚਰਚਿਲ ਦੀ ਸਰਕਾਰ ਨੇ 1952 ਵਿੱਚ ਲਾਗਤਾਂ ਅਤੇ ਪੁਲਿਸ ਦੀ ਵਰਤੋਂ ਦੀ ਆਲੋਚਨਾ ਤੋਂ ਬਾਅਦ ਇਨ੍ਹਾਂ ਨੂੰ ਰੱਦ ਕਰ ਦਿੱਤਾ ਸੀ।

ਸਿਵਲ ਲਿਬਰਟੀਜ਼ ਗਰੁੱਪਾਂ ਦਾ ਤਰਕ ਹੈ ਕਿ ਇੱਕ ਸੀਮਤ ਡਿਜੀਟਲ ਆਈਡੀ ਵੀ ਇੱਕ ਹੋਰ ਘੁਸਪੈਠ ਕਰਨ ਵਾਲੇ ਸਿਸਟਮ ਲਈ ਰਾਹ ਪੱਧਰਾ ਕਰ ਸਕਦੀ ਹੈ, ਜਿਸ ਨਾਲ ਨਿੱਜਤਾ, ਡਾਟਾ ਸੁਰੱਖਿਆ ਅਤੇ ਸਰਕਾਰੀ ਪਹੁੰਚ ਬਾਰੇ ਚਿੰਤਾਵਾਂ ਪੈਦਾ ਹੁੰਦੀਆਂ ਹਨ। ਬਿਗ ਬ੍ਰਦਰ ਵਾਚ ਨੇ ਸੱਤ ਹੋਰ ਸੰਗਠਨਾਂ ਦੇ ਨਾਲ ਮਿਲਕੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਇਸ ਯੋਜਨਾ ਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ। ਇਹ ਸੰਗਠਨਾ ਕਹਿੰਦੇ ਹੋਏ ਕਿ ਇਹ 'ਅਣਅਧਿਕਾਰਤ ਪਰਵਾਸੀਆਂ ਨੂੰ ਹੋਰ ਸ਼ੈਡੋ ਵਿੱਚ ਧੱਕ ਦੇਵੇਗਾ'। ਯੂਕੇ ਸੰਸਦ ਦੀ ਵੈੱਬਸਾਈਟ 'ਤੇ ਦਸ ਲੱਖ ਤੋਂ ਵੱਧ ਲੋਕਾਂ ਨੇ ਡਿਜੀਟਲ ਆਈਡੀ ਕਾਰਡ ਪੇਸ਼ ਕਰਨ ਵਿਰੁੱਧ ਇੱਕ ਪਟੀਸ਼ਨ 'ਤੇ ਦਸਤਖ਼ਤ ਕੀਤੇ ਹਨ।

ਜ਼ਿਕਰਯੋਗ ਹੈ ਕਿ ਜਿਨ੍ਹਾਂ ਪਟੀਸ਼ਨਾਂ 'ਤੇ 100,000 ਤੋਂ ਵੱਧ ਦਸਤਖਤ ਹੁੰਦੇ ਹਨ, ਉਨ੍ਹਾਂ 'ਤੇ ਸੰਸਦ ਵਿੱਚ ਬਹਿਸ ਲਈ ਵਿਚਾਰ ਕੀਤਾ ਜਾਂਦਾ ਹੈ। ਹੋਰ ਪ੍ਰਮੁੱਖ ਆਲੋਚਕਾਂ ਵਿੱਚ ਸਾਬਕਾ ਕੰਜ਼ਰਵੇਟਿਵ ਕੈਬਨਿਟ ਮੰਤਰੀ ਡੇਵਿਡ ਡੇਵਿਸ ਸ਼ਾਮਲ ਹਨ। ਜਿਨ੍ਹਾਂ ਨੇ 2000 ਦੇ ਦਹਾਕੇ ਵਿੱਚ ਲੇਬਰ ਦੀ ਆਈਡੀ ਕਾਰਡ ਸਕੀਮ ਦੇ ਵਿਰੁੱਧ ਮੁਹਿੰਮ ਚਲਾਈ ਸੀ। ਉਨ੍ਹਾਂ ਨੇ ਕਿਹਾ ਕਿ ਕੋਈ ਵੀ ਸਿਸਟਮ ਅਸਫ਼ਲਤਾ ਤੋਂ ਮੁਕਤ ਨਹੀਂ ਹੈ ਅਤੇ ਚੇਤਾਵਨੀ ਦਿੱਤੀ ਕਿ ਸਰਕਾਰਾਂ ਅਤੇ ਤਕਨੀਕੀ ਕੰਪਨੀਆਂ ਲੋਕਾਂ ਦੇ ਡਾਟਾ ਦੀ ਸੁਰੱਖਿਆ ਕਰਨ ਵਿੱਚ ਵਾਰ-ਵਾਰ ਅਸਫਲ ਰਹੀਆਂ ਹਨ।





# ਭਾਰਤ ਤੋਂ ਕੀ ਚਾਹੁੰਦਾ ਹੈ ਅਮਰੀਕਾ

ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰ-ਪਤੀ ਬਣਨ ਤੋਂ ਬਾਅਦ ਵਿਸ਼ਵ ਦੀ ਰਾਜਨੀਤੀ ਵਿਚ ਉਥਲ-ਪੁਥਲ ਵਧ ਗਈ ਹੈ। ਇਕ ਸਮੇਂ ਜੋ ਅਮਰੀਕਾ ਅੱਤਵਾਦ ਨੂੰ ਪਨਾਹ ਦੇਣ ਵਾਲੇ ਪਾਕਿਸਤਾਨ ਖ਼ਿਲਾਫ਼ ਸਖ਼ਤ ਕਾਰਵਾਈ ਕਰਦਾ ਸੀ, ਅੱਜ ਉਹ ਉਸ ਦੀ ਪਿੱਠ ਥਪਥਪਾ ਰਿਹਾ ਹੈ। ਆਪਣੇ ਪਿਛਲੇ ਕਾਰਜਕਾਲ ਵਿਚ ਟਰੰਪ ਨੇ ਪਾਕਿਸਤਾਨ ਨੂੰ ਅੱਤਵਾਦੀਆਂ ਨੂੰ ਸ਼ਰਨ ਦੇਣ ਅਤੇ ਅਮਰੀਕਾ ਨੂੰ ਧੋਖਾ ਦੇਣ ਵਾਲਾ ਕਿਹਾ ਸੀ, ਪਰ ਹੁਣ ਉਹ ਉਸ ਦੀ ਪੈਰਵੀ ਕਰ ਰਹੇ ਹਨ ਅਤੇ ਭਾਰਤ ਦੀ ਨਾ ਸਿਰਫ਼ ਅਣਦੇਖੀ ਕਰ ਰਹੇ ਹਨ, ਸਗੋਂ ਉਸ ਦੇ ਹਿੱਤਾਂ ਖ਼ਿਲਾਫ਼ ਕੰਮ ਵੀ ਕਰ ਰਹੇ ਹਨ। ਟਰੰਪ ਨੇ 'ਆਪ੍ਰੇਸ਼ਨ ਸਿੰਧੂਰ' ਤੋਂ ਬਾਅਦ ਭਾਰਤ ਵਿਰੋਧੀ ਰਵੱਈਆ ਅਪਣਾਇਆ ਹੋਇਆ ਹੈ।

ਪਹਿਲਾਂ, ਉਨ੍ਹਾਂ ਨੇ ਪਾਕਿਸਤਾਨ ਖ਼ਿਲਾਫ਼ ਭਾਰਤ ਦੀ ਫ਼ੌਜੀ ਕਾਰਵਾਈ ’ਤੇ ਕਿਹਾ ਸੀ ਕਿ ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਯੁੱਧ ਰੋਕਣ ਦਾ ਕੰਮ ਕੀਤਾ ਅਤੇ ਫਿਰ ਭਾਰਤ ਦੇ ਹਿੱਤਾਂ ਖ਼ਿਲਾਫ਼ ਕੰਮ ਕਰਨ ਵਿਚ ਜੁਟ ਗਏ।

ਭਾਰਤ ਨੇ ਪਹਿਲਗਾਮ ਦੇ ਜਿਸ ਅੱਤਵਾਦੀ ਹਮਲੇ ਦੇ ਜਵਾਬ ਵਿਚ ਪਾਕਿਸਤਾਨ ਖ਼ਿਲਾਫ਼ ਫ਼ੌਜੀ ਕਾਰਵਾਈ ਕੀਤੀ ਸੀ, ਉਸ ਵਿਚ 26 ਲੋਕਾਂ ਨੂੰ ਉਨ੍ਹਾਂ ਦੇ ਮਜ਼ਹਬ ਪੁੱਛ ਕੇ ਮਾਰਨਾ ਸਿਰਫ਼ ਇਕ ਕਾਇਰਾਨਾ ਅੱਤਵਾਦੀ ਹਮਲਾ ਹੀ ਨਹੀਂ ਸੀ, ਸਗੋਂ ਇਹ ਭਾਰਤ ਨੂੰ ਅਸ਼ਾਂਤੀ ਵਿਚ ਝੋਕਣ ਦੀ ਇਕ ਵੱਡੀ ਸਾਜ਼ਿਸ਼ ਸੀ। ਇਸ ਅੱਤਵਾਦੀ ਹਮਲੇ ਦੇ ਇਕ ਹਫ਼ਤੇ ਦੇ ਅੰਦਰ ਟਰੰਪ ਪਰਿਵਾਰ ਦੀ ਕੰਪਨੀ ਨੇ ਪਾਕਿਸਤਾਨ ਨਾਲ ਕ੍ਰਿਪਟੋ ਕਰੰਸੀ ਦਾ ਸਮਝੌਤਾ ਕੀਤਾ। ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਉਨ੍ਹਾਂ ਨੇ ਪਾਕਿਸਤਾਨੀ ਫ਼ੌਜ ਦੇ ਮੁਖੀ ਆਸਿਮ ਮੁਨੀਰ ਨੂੰ ਅਮਰੀਕਾ ਬੁਲਾ ਕੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ। ਉਹ ਇਹ ਭੁੱਲ ਗਏ ਕਿ ਪਾਕਿਸਤਾਨੀ ਫ਼ੌਜ ਨੇ 9/11 ਹਮਲੇ ਦੀ ਸਾਜ਼ਿਸ਼ ਘੜਨ ਵਾਲੇ ਅਲਕਾਇਦਾ ਦੇ ਸਰਗਨਾ ਸਾਮਾ-ਬਿਨ-ਲਾਦੇਨ ਨੂੰ ਸ਼ਰਨ ਦਿੱਤੀ ਸੀ।

ਉਨ੍ਹਾਂ ਨੇ ਇਹ ਵੀ ਭੁੱਲਿਆ ਕਿ ਪਾਕਿਸਤਾਨ ਨੇ ਕਿਵੇਂ ਅਫ਼ਗਾਨਿਸਤਾਨ ਵਿਚ ਅਮਰੀਕੀ ਫ਼ੌਜਾਂ ਖ਼ਿਲਾਫ਼ ਕੰਮ ਕੀਤਾ ਅਤੇ ਉਸ ਤੋਂ ਪੈਸੇ ਲੈ ਕੇ ਤਾਲਿਬਾਨ ਦੀ ਮਦਦ ਕੀਤੀ। ਪਿਛਲੇ ਦਿਨਾਂ ਵਿਚ ਟਰੰਪ ਨੇ ਆਸਿਮ ਮੁਨੀਰ ਦੇ ਨਾਲ-ਨਾਲ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਵੀ ਆ -ਭਗਤ ਕੀਤੀ। ਉਨ੍ਹਾਂ ਨੇ ਦੋਵਾਂ ਨੂੰ “ਗ੍ਰੇਟ” ਕਿਹਾ ਅਤੇ ਉਹ ਵੀ ਇਨ੍ਹਾਂ ਖ਼ਬਰਾਂ ਦੌਰਾਨ ਕਿ ਪਾਕਿਸਤਾਨੀ ਫ਼ੌਜ ਨੇ ਆਪਣੇ ਨਿਰਦੋਸ਼-ਨਿਹੱਥੇ ਲੋਕਾਂ ’ਤੇ ਬੰਬ ਵਰ੍ਹਾਏ।

ਟਰੰਪ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਦੇ ਸਾਹਮਣੇ ਹੋਰ ਕਿਸੇ ਦੇਸ਼ ਨੂੰ ਕੁਝ ਨਹੀਂ ਸਮਝ ਰਹੇ ਹਨ। ਉਨ੍ਹਾਂ ਦਾ ਰਵੱਈਆ ਇਹ ਦੱਸਦਾ ਹੈ ਕਿ ਉਹ ਅਮਰੀਕਾ ਦੇ ਸਾਹਮਣੇ ਹੋਰ ਕਿਸੇ ਦੇਸ਼ ਨੂੰ ਮਜ਼ਬੂਤ ਹੁੰਦਾ ਹੋਇਆ ਦੇਖਣਾ ਨਹੀਂ ਚਾਹੁੰਦੇ। ਉਹ ਚੀਨ ਖ਼ਿਲਾਫ਼ ਇਸ ਲਈ ਹਮਲਾਵਰ ਹਨ, ਕਿਉਂਕਿ ਉਹ ਕਈ ਦੇਸ਼ਾਂ ਨੂੰ ਆਪਣੇ ਪ੍ਰਭਾਵ ਵਿਚ ਲੈ ਚੁੱਕਾ ਹੈ ਅਤੇ ਅਮਰੀਕਾ ਖ਼ਿਲਾਫ਼ ਇਕ ਧੁਰਾ ਬਣ ਗਿਆ ਹੈ।

ਕਿਉਂਕਿ ਭਾਰਤ ਦਾ ਵੀ ਪਿਛਲੇ ਕੁਝ ਸਾਲਾਂ ਵਿਚ ਅੰਤਰਰਾਸ਼ਟਰੀ ਕੱਦ ਵਧਿਆ ਹੈ, ਇਸ ਲਈ ਟਰੰਪ ਇਸ ਨੂੰ ਵੀ ਇਕ ਚੁਣੌਤੀ ਦੇ ਤੌਰ ’ਤੇ ਦੇਖ ਰਹੇ ਹਨ। ਅਜਿਹਾ ਲੱਗਦਾ ਹੈ ਕਿ ਚੀਨ ਤੋਂ ਬਾਅਦ ਭਾਰਤ ਦਾ ਉਭਾਰ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਆਲਮੀ ਆਗੂ ਵਾਲਾ ਅਕਸ ਅਤੇ ਭਾਰਤ ਨੂੰ ਆਤਮ-ਨਿਰਭਰ ਬਣਾਉਣ ਦੀ ਉਨ੍ਹਾਂ ਦੀ ਮੁਹਿੰਮ ਟਰੰਪ ਅਤੇ ਅਮਰੀਕੀ ਡੀਪ ਸਟੇਟ ਲਈ ਚਿੰਤਾ ਦਾ ਵਿਸ਼ਾ ਬਣ ਗਈ ਹੈ।

ਅਮਰੀਕੀ ਡੀਪ ਸਟੇਟ ਲਈ ਇਹ ਜ਼ਰੂਰੀ ਨਹੀਂ ਕਿ ਉਸ ਦੇ ਰਾਸ਼ਟਰਪਤੀ ਦੀ ਸੋਚ ਉਸ ਨਾਲ ਮੇਲ ਖਾਂਦੀ ਹੋਵੇ। ਉਹ ਆਪਣੇ ਏਜੰਡੇ ਮੁਤਾਬਕ ਕੰਮ ਕਰਦਾ ਰਹਿੰਦਾ ਹੈ। ਉਹ ਜਿਸ ਵੀ ਦੇਸ਼ ਦੀ ਤਰੱਕੀ ਨੂੰ ਆਪਣੇ ਲਈ ਚੁਣੌਤੀ ਮੰਨਦਾ ਹੈ, ਉਸ ਦੇ ਸਾਹਮਣੇ ਮੁਸ਼ਕਲਾਂ ਖੜ੍ਹੀਆਂ ਕਰਦਾ ਹੈ। ਕਈ ਵਾਰ ਇਸ ਦੀ ਸ਼ੁਰੂਆਤ ਉਸ ਦੇ ਗੁਆਂਢੀ ਦੇਸ਼ਾਂ ਵਿਚ ਉਲਟ ਮਾਹੌਲ ਬਣਾ ਕੇ ਕੀਤੀ ਜਾਂਦੀ ਹੈ। ਇਸ ਦੀ ਅਣਦੇਖੀ ਨਾ ਕੀਤੀ ਜਾਵੇ ਕਿ ਭਾਰਤ ਦੇ ਗੁਆਂਢ ਵਿਚ ਪਹਿਲਾਂ ਬੰਗਲਾਦੇਸ਼ ਨੂੰ ਅਸਥਿਰ ਕੀਤਾ ਗਿਆ ਅਤੇ ਨਵੀਂ ਦਿੱਲੀ ਨਾਲ ਦੋਸਤਾਨਾ ਸਬੰਧ ਰੱਖਣ ਵਾਲੀ ਸ਼ੇਖ਼ ਹਸੀਨਾ ਨੂੰ ਸੱਤਾ ਤੋਂ ਬਾਹਰ ਕੀਤਾ ਗਿਆ ਅਤੇ ਫਿਰ ਨੇਪਾਲ ਵਿਚ ਵੀ ਅਸ਼ਾਂਤੀ ਪੈਦਾ ਕੀਤੀ ਗਈ। ਦੋਹਾਂ ਦੇਸ਼ਾਂ ਦੇ ਘਟਨਾਕ੍ਰਮ ਦੇ ਪਿੱਛੇ ਵਿਦੇਸ਼ੀ ਤਾਕਤਾਂ ਦਾ ਹੱਥ ਦੇਖਿਆ ਗਿਆ।

ਅਜਿਹੇ ਵਿਚ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਵਿਦੇਸ਼ੀ ਤਾਕਤਾਂ ਆਪਣੇ ਮਾੜੇ ਮਨਸੂਬੇ ਪੂਰੇ ਕਰਨ ਲਈ ਭਾਰਤ ਵਿਚ ਵੀ ਸਰਗਰਮ ਹੋਣਗੀਆਂ ਅਤੇ ਦੇਸ਼ ਦੀ ਤਰੱਕੀ ਵਿਚ ਰੁਕਾਵਟਾਂ ਖੜ੍ਹੀਆਂ ਕਰਨ ਦਾ ਯਤਨ ਕਰਨਗੀਆਂ। ਉਨ੍ਹਾਂ ਦੇ ਮਨਸੂਬਿਆਂ ’ਤੇ ਪਾਣੀ ਫੇਰਨ ਲਈ ਹਰ ਭਾਰਤੀ ਨੂੰ ਆਪੋ-ਆਪਣਾ ਬਣਦਾ ਯੋਗਦਾਨ ਦੇਣਾ ਹੋਵੇਗਾ।

ਇਹ ਵੀ ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਆਪਣੇ ਅਮਰੀਕਾ ਦੌਰੇ ਦੌਰਾਨ ਬੰਗਲਾਦੇਸ਼ ਦੇ ਅੰਤਰਿਮ ਸ਼ਾਸਕ ਮੁਹੰਮਦ ਯੂਨਸ ਨੇ ਭਾਰਤ ਵਿਚ ਭਵਿੱਖੀ ਅਮਰੀਕੀ ਰਾਜਦੂਤ ਸੇਰਜਿਓ ਗੋਰ ਨਾਲ ਮੁਲਾਕਾਤ ਦੌਰਾਨ ਸਾਰਕ ਨੂੰ ਸਰਗਰਮ ਕਰਨ ਦੀ ਜ਼ਰੂਰਤ ਦੱਸੀ ਅਤੇ ਭਾਰਤ ਨੂੰ ਚਿੜਾਉਣ ਵਾਲੇ ਬਿਆਨ ਦਿੱਤੇ। ਉਹ ਤਾਂ ਆਪਣੇ ਇੱਥੇ ਦੇ ਘੱਟ-ਗਿਣਤੀ ਭਾਈਚਾਰਿਆਂ ’ਤੇ ਹੋ ਰਹੇ ਅੱਤਿਆਚਾਰਾਂ ਦੀ ਅਣਦੇਖੀ ਕਰ ਹੀ ਰਹੇ ਹਨ, ਅਮਰੀਕਾ ਵੀ ਇਨ੍ਹਾਂ ਅੱਤਿਆਚਾਰਾਂ ਨੂੰ ਰੋਕਣ ਲਈ ਕੁਝ ਨਹੀਂ ਕਰ ਰਿਹਾ। ਯੂਨਸ ਉਸ ਪਾਕਿਸਤਾਨ ਨਾਲ ਵੀ ਦੋਸਤੀ ਵਧਾ ਰਹੇ ਹਨ ਜਿਸ ਨੇ ਇਕ ਸਮੇਂ ਬੰਗਲਾਦੇਸ਼ ਵਿਚ ਕਹਿਰ ਢਾਹਿਆ ਸੀ।

ਟਰੰਪ ਦਾ ਰਵੱਈਆ ਇਸ ਲਈ ਭਾਰਤ ਦੀ ਚਿੰਤਾ ਵਧਾਉਣ ਵਾਲਾ ਹੈ ਕਿਉਂਕਿ ਉਨ੍ਹਾਂ ਨੇ ਭਾਰਤੀ ਵਸਤਾਂ ’ਤੇ 50 ਪ੍ਰਤੀਸ਼ਤ ਟੈਰਿਫ ਲਗਾਉਣ ਤੋਂ ਬਾਅਦ ਉਸ ਐਚ-1 ਬੀ ਵੀਜ਼ਾ ਫੀਸ ਵਿਚ ਅਣਕਿਆਸਾ ਵਾਧਾ ਕਰ ਦਿੱਤਾ ਜਿਸ ਦੇ ਸਭ ਤੋਂ ਵੱਧ ਲਾਭਪਾਤਰੀ ਭਾਰਤੀ ਪੇਸ਼ੇਵਰ ਹਨ।

ਇਸ ਤੋਂ ਇਲਾਵਾ, ਟਰੰਪ ਨੇ ਈਰਾਨ ਦੇ ਚਾਬਹਾਰ ਬੰਦਰਗਾਹ ਵਿਚ ਭਾਰਤ ਲਈ ਮੁਸੀਬਤ ਖੜ੍ਹੀ ਕਰਨ ਦਾ ਵੀ ਕੰਮ ਕੀਤਾ। ਮੌਜੂਦਾ ਸਥਿਤੀਆਂ ਵਿਚ ਭਾਰਤ ਨੂੰ ਉਦੋਂ ਤੱਕ ਟਰੰਪ ਤੋਂ ਚੌਕਸ ਰਹਿਣਾ ਹੋਵੇਗਾ, ਜਦ ਤੱਕ ਉਹ ਆਪਣਾ ਰਵੱਈਆ ਨਹੀਂ ਬਦਲਦੇ। ਸ਼ਾਇਦ ਪ੍ਰਧਾਨ ਮੰਤਰੀ ਮੋਦੀ ਇਹ ਸਮਝ ਗਏ ਹਨ ਕਿ ਇਸ ਉਥਲ-ਪੁਥਲ ਭਰੇ ਦੌਰ ਵਿਚ ਭਾਰਤ ਨੂੰ ਆਪਣੇ ਬਲਬੂਤੇ ਹੀ ਅੱਗੇ ਵਧਣਾ ਹੋਵੇਗਾ।

ਇਸ ਲਈ ਉਹ ਦੂਜੇ ਦੇਸ਼ਾਂ ’ਤੇ ਨਿਰਭਰਤਾ ਨੂੰ ਸਭ ਤੋਂ ਵੱਡੀ ਸਮੱਸਿਆ ਕਹਿ ਰਹੇ ਹਨ ਅਤੇ ਸਵਦੇਸ਼ੀ ਅਤੇ ਆਤਮ-ਨਿਰਭਰਤਾ ’ਤੇ ਲਗਾਤਾਰ ਜ਼ੋਰ ਦੇ ਰਹੇ ਹਨ। ਇਸ ਦੇ ਨਾਲ ਹੀ ਉਹ ਇਸ ਦੇ ਲਈ ਕੋਸ਼ਿਸ਼ਾਂ ਕਰ ਰਹੇ ਹਨ ਕਿ ਭਾਰਤ 2047 ਤੱਕ ਵਿਕਸਤ ਰਾਸ਼ਟਰ ਬਣੇ। ਨੇਪਾਲ ਦੀਆਂ ਘਟਨਾਵਾਂ ਤੋਂ ਬਾਅਦ ਕੁਝ ਵਿਰੋਧੀ ਪਾਰਟੀਆਂ ਭਾਰਤ ਵਿਚ ਵੀ ਅਜਿਹੀਆਂ ਸਥਿਤੀਆਂ ਪੈਦਾ ਹੋਣ ਦੀ ਸ਼ੰਕਾ ਜਤਾ ਰਹੀਆਂ ਹਨ। ਇਹ ਉਨ੍ਹਾਂ ਦੀ ਸੌੜੀ ਤੇ ਮਾੜੀ ਸੋਚਣੀ ਦਾ ਹੀ ਪ੍ਰਗਟਾਵਾ ਮਾਤਰ ਹੈ।

ਵੋਟ ਚੋਰੀ ਨੂੰ ਤੂਲ ਦੇ ਰਹੇ ਰਾਹੁਲ ਗਾਂਧੀ ਨੇ ਹਾਲ ਹੀ ਵਿਚ ਕਿਹਾ ਸੀ ਕਿ ਭਾਰਤ ਦੇ ਜੈਨ-ਜੀ ਸੰਵਿਧਾਨ ਦੀ ਰੱਖਿਆ ਕਰਨਗੇ। ਪਿਛਲੇ ਦਿਨਾਂ ਵਿਚ ਲੇਹ ਵਿਚ ਜੋ ਹਿੰਸਾ ਹੋਈ, ਉਸ ਨੇ ਇਸ ਲਈ ਹੈਰਾਨ ਕੀਤਾ ਕਿਉਂਕਿ ਲੱਦਾਖ ਲਈ ਜਿਨ੍ਹਾਂ ਮੰਗਾਂ ਨੂੰ ਲੈ ਕੇ ਸੋਨਮ ਵਾਂਗਚੁੱਕ ਅੰਦੋਲਨ ਕਰ ਰਹੇ ਸਨ, ਉਨ੍ਹਾਂ ’ਤੇ ਗ੍ਰਹਿ ਮੰਤਰੀ ਨਾਲ ਗੱਲਬਾਤ ਹੋਣੀ ਨਿਸ਼ਚਤ ਹੋ ਗਈ ਸੀ।

ਇਸ ਹਿੰਸਾ ਨੂੰ ਨੇਪਾਲ ਦੀ ਜੈਨ-ਜੀ ਵਰਗੀ ਹਿੰਸਾ ਦੱਸਣ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਇਹ ਨੌਜਵਾਨਾਂ ਦੇ ਗੁੱਸੇ ਦਾ ਨਤੀਜਾ ਸੀ। ਅਜਿਹੀਆਂ ਗੱਲਾਂ ਭਾਰਤ ਵਿਚ ਅਸਥਿਰਤਾ ਪੈਦਾ ਕਰਨ ਦੀ ਕੋਸ਼ਿਸ਼ ਕਰਨ ਵਾਲੀਆਂ ਤਾਕਤਾਂ ਦੀ ਹਿਮਾਕਤ ਵਧਾਉਣ ਅਤੇ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਦੇ ਯਤਨਾਂ ’ਚ ਅੜਿੱਕਾ ਪਾਉਣ ਵਾਲੀਆਂ ਹਨ।

ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਭਾਰਤ ਅੱਜ ਅਮਰੀਕਾ ਸਮੇਤ ਹੋਰ ਅੰਤਰਰਾਸ਼ਟਰੀ ਚੁਣੌਤੀਆਂ ਦਾ ਸਾਹਮਣਾ ਇਸ ਲਈ ਕਰ ਪਾ ਰਿਹਾ ਹੈ ਕਿਉਂਕਿ ਇਸ ਦੀ ਆਰਥਿਕਤਾ ਮਜ਼ਬੂਤ ਹੋਈ ਹੈ। ਦੇਸ਼ ਦੇ ਰਾਜਨੀਤਕ ਵਰਗ ਨੂੰ ਤਾਂ ਇਸ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਭਾਰਤੀ ਅਰਥਚਾਰਾ ਹੋਰ ਵੀ ਮਜ਼ਬੂਤ ਹੋਵੇ ਅਤੇ ਦੇਸ਼ ਹਕੀਕੀ ਤੌਰ ’ਤੇ ਆਤਮ-ਨਿਰਭਰ ਬਣੇ।

ਭਾਰਤ ਨੂੰ ਬਾਹਰਲੀਆਂ ਤਾਕਤਾਂ ਦੇ ਨਾਲ-ਨਾਲ ਅੰਦਰੂਨੀ ਤਾਕਤਾਂ ਤੋਂ ਵੀ ਸਾਵਧਾਨ ਰਹਿਣਾ ਹੋਵੇਗਾ। ਇਸ ਚੌਕਸੀ ਦਾ ਸਬੂਤ ਜਨਤਾ ਦੇ ਨਾਲ-ਨਾਲ ਵਿਰੋਧੀ ਪਾਰਟੀਆਂ ਨੂੰ ਵੀ ਦੇਣਾ ਹੋਵੇਗਾ, ਕਿਉਂਕਿ ਜੇਕਰ ਕਿਸੇ ਉਕਸਾਵੇ ਜਾਂ ਸਾਜ਼ਿਸ਼ ਕਾਰਨ ਦੇਸ਼ ਵਿਚ ਬਦਅਮਨੀ ਫੈਲਦੀ ਹੈ ਤਾਂ ਭਾਰਤ ਅਜਿਹੇ ਸਮੇਂ ਆਪਣੇ ਰਾਹ ਤੋਂ ਭਟਕ ਜਾਵੇਗਾ ਜਦੋਂ ਉਹ ਵਿਕਸਤ ਰਾਸ਼ਟਰ ਬਣਨ ਦੀ ਦਿਸ਼ਾ ਵਿਚ ਅੱਗੇ ਵਧ ਰਿਹਾ ਹੈ ਅਤੇ ਵਿਸ਼ਵ ਉਸ ਵੱਲ ਦੇਖ ਰਿਹਾ ਹੈ।

# ਤਰੱਕੀ ਨੇ ਖਾਧੇ ਸਾਂਝੇ ਪਰਿਵਾਰਾਂ

ਮਨੁੱਖੀ ਜੀਵਨ ਦੇ ਤਿੰਨ ਪੜਾਅ ਹਨ। ਪੁਰਾਤਨ ਸਮੇਂ ਵਿੱਚ ਸੰਯੁਕਤ ਪਰਿਵਾਰਾਂ ਵਿੱਚ ਪ੍ਰੋੜ ਵਿਅਕਤੀ (ਬਜ਼ੁਰਗ) ਪਤੀ/ਪਤਨੀ ਉਨ੍ਹਾਂ ਦੇ ਬੱਚੇ, ਤਾਏ/ਤਾਈਆਂ ਇਨ੍ਹਾਂ ਦੇ ਬੱਚੇ, ਚਾਚੇ/ਚਾਚੀਆਂ ਇਨ੍ਹਾਂ ਦੇ ਬੱਚੇ, ਪੋਤੇ/ਪੋਤੀਆਂ, ਪੜਪੋਤੇ/ ਪੜਪੋਤੀਆਂ ਆਦਿ ਹੁੰਦੇ ਸਨ। ਭਾਵ ਚਾਰ ਪੀੜ੍ਹੀਆਂ, ਪਰਿਵਾਰ ਦੀਆਂ ਚਾਰ ਇਕਾਈਆਂ ਇੱਕੋ ਛੱਤ ਹੇਠ ਰਹਿੰਦੇ ਸਨ। ਅਜਿਹੇ ਪਰਿਵਾਰਾਂ ਨੂੰ ਸਾਂਝੇ ਪਰਿਵਾਰ ਕਿਹਾ ਜਾਂਦਾ ਹੈ। ਸੰਯੁਕਤ ਪਰਿਵਾਰਾਂ ਦੀ ਹੋਂਦ ਦਾ ਸਮਾਂ ਸਮਾਜ ਦਾ ਸੁਨਹਿਰੀ ਸਮਾਂ ਸੀ, ਕਿਉਂਕਿ ਸੰਯੁਕਤ ਪਰਿਵਾਰ ਦੀ ਬਣਤਰ ਇੱਕ ਮਿੰਨੀ ਸੰਸਥਾ ਵਾਂਗ ਹੁੰਦੀ ਸੀ, ਜਿਸ ਵਿੱਚ ਪੰਦਰਾਂ-ਵੀਹ ਪਰਿਵਾਰਕ ਮੈਂਬਰ ਮਿਲ ਕੇ ਰਹਿੰਦੇ ਸਨ।

ਪਰਿਵਾਰ ਵਿੱਚ ਵੱਡਾ ਬਜ਼ੁਰਗ ਲਾਣੇਦਾਰ ਜਾਂ ਚੌਧਰੀ ਦੀ ਜ਼ਿੰਮੇਵਾਰੀ ਨਿਭਾਉਂਦਾ ਸੀ। ਉਸ ਦੇ ਪਹਿਰਾਵੇ ਦੇ ਨਾਲ ਬਾਪੂ ਦਾ ਖੂੰਡਾ ਸਮਾਜਿਕ ਚਿੰਨ੍ਹ ਹੁੰਦਾ ਸੀ। ਵੱਡੀ ਬੇਬੇ ਨੂੰ ਪਰਿਵਾਰ ਵਿੱਚ ਜ਼ਿੰਮੇਵਾਰੀ ਵਾਲਾ ਸਨਮਾਨਯੋਗ ਸਥਾਨ ਪ੍ਰਾਪਤ ਹੁੰਦਾ ਸੀ। ਬਾਕੀ ਮੈਂਬਰ ਇਨ੍ਹਾਂ ਦੋਹਾਂ ਦਾ ਮਾਣ ਸਤਿਕਾਰ ਕਰਦੇ ਸਨ। ਇਨ੍ਹਾਂ ਦੀ ਗੱਲ ਮੰਨਦੇ ਸਨ। ਸੰਯੁਕਤ ਪਰਿਵਾਰਾਂ ਵਿੱਚ ਜ਼ਾਬਤੇ ਅਤੇ ਸਲੀਕੇ ’ਚ ਰਹਿਣ ਦਾ ਬੋਲਬਾਲਾ ਹੁੰਦਾ ਸੀ। ਪਰਿਵਾਰ ਵਿੱਚ ਰਿਸ਼ਤਿਆਂ ਦਾ ਮਾਣ ਸਤਿਕਾਰ ਅਤੇ ਰਿਸ਼ਤਿਆਂ ਦਾ ਨਿੱਘ ਸਹੀ ਰੂਪ ਵਿੱਚ ਵੇਖਣ ਨੂੰ ਮਿਲਦਾ



ਸੀ। ਰਿਸ਼ਤੇ ਕੁਦਰਤਵਾਦੀ ਸਨ, ਪਦਾਰਥਵਾਦੀ ਨਹੀਂ ਸਨ। ਸੰਯੁਕਤ ਪਰਿਵਾਰਾਂ ਵਿੱਚ ਬੱਚੇ ਦਾਦਾ/ਦਾਦੀ ਦੀ ਦੇਖ-ਰੇਖ ਹੇਠ ਅਤੇ ਬਾਕੀ ਪਰਿਵਾਰਕ ਮੈਂਬਰਾਂ ਦੇ ਪਿਆਰ ਅਤੇ ਅਪਣੱਤ ਨਾਲ ਵਧਦੇ-ਫੁਲਦੇ ਸਨ। ‘ਮੂਲ ਨਾਲੋਂ ਵਿਆਜ ਪਿਆਰਾ’ ਕਹਾਵਤ ਅਨੁਸਾਰ ਬੱਚਿਆਂ ਦਾ ਪਾਲਣ ਦਾਦਾ/ਦਾਦੀ ਲਾਡ ਪਿਆਰ ਨਾਲ ਕਰਦੇ ਸਨ। ਬੱਚੇ ਬਜ਼ੁਰਗਾਂ ਦੀ ਗੋਦ ਅਤੇ ਲੋਰੀਆਂ ਦਾ ਨਿੱਘ ਮਾਣਦੇ ਸਨ। ਕੁਦਰਤੀ ਸਿੱਖਿਆ, ਚੰਗੀਆਂ ਆਦਤਾਂ, ਨੈਤਿਕ ਕਦਰਾਂ-ਕੀਮਤਾਂ, ਭਾਈਚਾਰਕ ਸਾਂਝ, ਸਹਿਣਸ਼ੀਲਤਾ, ਸੱਭਿਆਚਾਰ, ਸਬਰ ਸੰਤੋਖ, ਸੰਜਮ ਅਤੇ ਜੀਵਨ ਜਾਚ ਦੀਆਂ ਗਤੀਵਿਧੀਆਂ ਆਪਣੇ ਵੱਡਿਆਂ ਤੋਂ ਸੰਯੁਕਤ ਪਰਿਵਾਰਾਂ ਵਿੱਚੋਂ ਸਿੱਖਦੇ ਸਨ। ਸੰਯੁਕਤ ਪਰਿਵਾਰ ਬੱਚਿਆਂ ਤੇ ਨੌਜਵਾਨਾਂ ਲਈ ਗ਼ੈਰ-ਰਸਮੀ ਸਿੱਖਿਆ ਪ੍ਰਾਪਤ ਕਰਨ ਦੇ ਸਕੂਲ ਹੀ ਹੁੰਦੇ ਸਨ। ਸੰਯੁਕਤ ਪਰਿਵਾਰਾਂ ਦੀ ਹੋਂਦ ਸਮੇਂ ਪਰਿਵਾਰਾਂ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਪਸ਼ੂ-ਪਾਲਣ ਹੁੰਦਾ ਸੀ। ਸਕੂਲ ਸਿੱਖਿਆ ਦਾ ਬਹੁਤਾ ਫੈਲਾਅ ਨਹੀਂ ਸੀ। ਪਰਿਵਾਰਕ ਮੈਂਬਰ ਕਿਰਤ ਕਰ ਕੇ ਇੱਕ ਦੂਜੇ ਦੇ ਕੰਮਾਂ-ਕਾਰਾਂ ਵਿਚ ਹੱਥ ਵਟਾਉਂਦੇ ਸਨ। ਹਾਲ਼ੀ ਪਾਲ਼ੀ ਆਪੋ ਆਪਣਾ ਕੰਮ ਕਰਦੇ ਸਨ। ਸਬਰ, ਸੰਤੋਖ ਤੇ ਸੰਜਮ ਨਾਲ ਕਿਰਤ ਕਰ ਕੇ ਪਰਿਵਾਰ ਨੂੰ ਆਰਥਿਕ ਤੌਰ ’ਤੇ ਤਕੜਾ ਕਰਦੇ ਸਨ। ਸਾਂਝੀ ਰਸੋਈ ਵਿੱਚ ਔਰਤਾਂ ਰਲਮਿਲ ਕੇ ਭੋਜਨ ਤਿਆਰ ਕਰਦੀਆਂ ਸਨ। ਵੱਡੀ ਬੇਬੇ ਭੋਜਨ ਪਰੋਸ ਕੇ ਦਿੰਦੀ ਤੇ ਕਿਸੇ ਵੀ ਪਰਿਵਾਰਕ ਮੈਂਬਰ ਨਾਲ ਭੇਦ ਭਾਵ ਨਹੀਂ ਰੱਖਿਆ ਜਾਂਦਾ ਸੀ। ਸੰਯੁਕਤ ਪਰਿਵਾਰਾਂ ਵਿੱਚ ਬਜ਼ੁਰਗਾਂ ਦੀ ਸੰਗਤ ਵਿੱਚ ਬੱਚਿਆਂ ਦਾ ਹੁੰਦਾ ਪਾਲਣ-ਪੋਸ਼ਣ ਉਨ੍ਹਾਂ ਦੇ ਜੀਵਨ ਵਿੱਚ ਇੱਕ ਚੰਗੀ ਰੰਗਤ ਲੈ ਕੇ ਆਉਂਦਾ ਸੀ। ਅੱਜ ਸੰਯੁਕਤ ਪਰਿਵਾਰ ਟੁੱਟ ਚੁੱਕੇ ਹਨ। ਪਦਾਰਥਵਾਦੀ ਯੁੱਗ, ਲੋੜਾਂ ਦੀ ਬਹੁਤਾਤ ਆਉਣ ਕਾਰਨ ਇਕਹਿਰੇ ਪਰਿਵਾਰ ਹੋਂਦ ਵਿੱਚ ਆ ਚੁੱਕੇ ਹਨ। ਪਰਿਵਾਰ ਸੁੰਗੜ ਰਹੇ ਹਨ। ਇਕਹਿਰੇ ਪਰਿਵਾਰਾਂ ਵਿੱਚ ਵੀ ਟੁੱਟਣ ਦਾ ਖ਼ਤਰਾ ਮੰਡਰਾ ਰਿਹਾ ਹੈ। ਬੱਚੇ ਕੱਚੀ ਉਮਰ ਵਿੱਚ ਵਿਦੇਸ਼ ਵਿੱਚ ਜਾ ਰਹੇ ਹਨ। ਬਜ਼ੁਰਗ ਮਾਤਾ-ਪਿਤਾ ਇੱਧਰ ਇਕਲਾਪਾ ਭੋਗ ਰਹੇ ਹਨ। ਪਰਿਵਾਰਾਂ ਵਿੱਚ ਵੀ ਬਜ਼ੁਰਗਾਂ ਨੂੰ ਬੋਝ ਸਮਝਿਆ ਜਾਣ ਲੱਗ ਪਿਆ ਹੈ। ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ ਵਿੱਚ ਧਕੇਲਿਆ ਜਾ ਰਿਹਾ ਹੈ। ਸੰਵੇਦਨਸ਼ੀਲਤਾ ਘਟ ਗਈ ਹੈ। ਸਮੇਂ ਦੀ ਤਬਦੀਲੀ ਕਾਰਨ ਬਹੁਤ ਕੁਝ ਬਦਲ ਚੁੱਕਾ ਹੈ। ਸੰਯੁਕਤ ਪਰਿਵਾਰਾਂ ਦੀ ਹੋਂਦ ਦੇ ਸਮੇਂ ਨੂੰ ਯਾਦ ਕਰ ਕੇ ਬਜ਼ੁਰਗ ਆਪਸ ਵਿੱਚ ਗੱਲਬਾਤ ਕਰਕੇ ਸਕੂਨ ਪ੍ਰਾਪਤ ਕਰਦੇ ਹਨ। ਭਲੇ ਸਮੇਂ ਦੀਆਂ ਭਲੀਆਂ ਯਾਦਾਂ ਨੂੰ ਯਾਦ ਕਰ ਕੇ ਰਹਿੰਦਾ ਸਮਾਂ ਬਤੀਤ ਕਰ ਰਹੇ ਹਨ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC California Tax Education Council Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com



# ਭਾਰਤ ਵਿਚ ਬਹੁਤ ਤੇਜੀ ਨਾਲ ਵੱਧ ਰਹੇ ਨੇ ਸਾਈਬਰ ਅਪਰਾਧ

ਨਵੀਂ ਦਿੱਲੀ- ਸਾਈਬਰ ਅਪਰਾਧੀਆਂ ’ਤੇ ਲਗਾਮ ਲਾਉਣ ਦੀਆਂ ਕੋਸ਼ਿਸ਼ਾਂ ਕਾਮਯਾਬ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ ਹਨ। ਸਰਕਾਰ ਤੇ ਸੁਰੱਖਿਆ ਏਜੰਸੀਆਂ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਸਾਈਬਰ ਅਪਰਾਧਾਂ ਵਿਚ 2022 ਦੀ ਤੁਲਨਾ ਵਿਚ 31.2 ਫ਼ੀਸਦੀ ਦਾ ਉਛਾਲ ਆਇਆ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੀ 2023 ਦੀ ਰਿਪੋਰਟ ਵਿਚ ਇਹ ਤੱਥ ਉਜਾਗਰ ਹੋਇਆ ਹੈ। ਔਰਤਾਂ ਵਿਰੁੱਧ ਅਪਰਾਧਾਂ ਵਿਚ ਮਾਮੂਲੀ 0.7 ਫ਼ੀਸਦੀ ਦਾ ਵਾਧਾ ਹੋਇਆ ਹੈ। 2023 ਵਿਚ ਮਨੀਪੁਰ ਵਿਚ ਜਾਤੀ ਹਿੰਸਾ ਦਾ ਅਸਰ ਅਨਸੂਚਿਤ ਜਨਜਾਤੀ ਵਿਰੁੱਧ ਅਪਰਾਧਾਂ ਵਿਚ ਦੇਖਣ ਨੂੰ ਮਿਲਿਆ ਹੈ, ਇਸ ਵਿਚ 28.8 ਫ਼ੀਸਦੀ ਦਾ ਵਾਧਾ ਹੋਇਆ ਹੈ। ਅਨੁਸੂਚਿਤ ਜਾਤੀ ਵਿਰੁੱਧ ਅਪਰਾਧਾਂ ਵਿਚ 0.4 ਫ਼ੀਸਦੀ ਦਾ ਵਾਧਾ ਹੋਇਆ ਹੈ ਜੋ 57,789 ਦਰਜ ਕੀਤੇ ਗਏ। ਇਨ੍ਹਾਂ ਵਿਚ ਸਭ ਤੋਂ ਵੱਧ 15,130 ਮਾਮਲੇ ਉੱਤਰ ਪ੍ਰਦੇਸ਼ ਅਤੇ 8,449 ਮਾਮਲੇ ਰਾਜਸਥਾਨ ਵਿਚ ਦਰਜ ਕੀਤੇ ਗਏ। ਬੱਚਿਆਂ ਵਿਰੁੱਧ ਅਪਰਾਧਾਂ ਵਿਚ ਵੀ 9.2 ਫ਼ੀਸਦੀ ਦਾ ਵਾਧਾ ਹੋਇਆ ਹੈ ਜਦਕਿ ਕਤਲ ਅਤੇ ਸੀਨੀਅਰ ਨਾਗਰਿਕਾਂ ਵਿਰੁੱਧ ਅਪਰਾਧਾਂ ਵਿਚ ਮਾਮੂਲੀ ਕਮੀ ਦੇਖੀ ਗਈ ਹੈ।



ਐੱਨਸੀਆਰਬੀ ਮੁਤਾਬਕ, 2022 ਵਿਚ ਪੂਰੇ ਦੇਸ਼ ਵਿਚ ਸਾਈਬਰ ਅਪਰਾਧ ਨਾਲ ਜੁੜੇ 65,893 ਮਾਮਲੇ ਦਰਜ ਕੀਤੇ ਗਏ ਸਨ। 2023 ਵਿਚ ਇਨ੍ਹਾਂ ਦੀ ਗਿਣਤੀ ਵੱਧ ਕੇ 86,420 ਹੋ ਗਈ। ਇਨ੍ਹਾਂ ਵਿਚ ਲਗਪਗ 70 ਫ਼ੀਸਦੀ (59,526) ਮਾਮਲੇ ਧੋਖਾਧੜੀ ਦੇ ਸਨ। ਇਸ ਨਾਲ ਦੇਸ਼ ਵਿਚ ਸਾਈਬਰ ਅਪਰਾਧ ਦੇ ਵੱਧਦੇ ਦਾਇਰੇ ਅਤੇ ਅਪਰਾਧੀਆਂ ਦੇ ਵਧਦੇ ਹੌਂਸਲੇ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸੇ ਤਰ੍ਹਾਂ 2023 ਵਿਚ ਔਰਤਾਂ ਵਿਰੁੱਧ ਅਪਰਾਧਾਂ ਦੇ 4,48,211 ਮਾਮਲੇ ਦਰਜ ਕੀਤੇ ਗਏ ਜਦਕਿ 2022 ਵਿਚ 4,45,256 ਅਤੇ 2021 ਵਿਚ 4,28,278 ਮਾਮਲੇ ਦਰਜ ਹੋਏ ਸਨ। 2023 ਵਿਚ ਸਭ ਤੋਂ ਵੱਧ ਅਪਰਾਧ ਪਤੀ ਜਾਂ ਰਿਸ਼ਤੇਦਾਰਾਂ ਵੱਲੋਂ ਜ਼ੁਲਮ (1.33 ਲੱਖ ਮਾਮਲੇ, 29.8 ਫ਼ੀਸਦੀ) ਦੇ ਸਨ। ਇਸ ਤੋਂ ਬਾਅਦ ਔਰਤਾਂ ਦੇ ਅਗਵਾ (88,605 ਮਾਮਲੇ, 19.8 ਫ਼ੀਸਦੀ) ਅਤੇ ਕੁਆਰ ਭੰਗ ਕਰਨ ਦੇ ਇਰਾਦੇ ਨਾਲ ਹਮਲੇ (83,891 ਮਾਮਲੇ, 18.7 ਫ਼ੀਸਦੀ) ਦੇ ਸਨ। ਹਾਲਾਂਕਿ ਔਰਤਾਂ ਵਿਰੁੱਧ ਅਪਰਾਧ ਦੀ ਦਰ ਬਦਲੀ ਨਹੀਂ ਅਤੇ ਇਹ 66.2 ਪ੍ਰਤੀ ਲੱਖ ਰਹੀ। ਬੱਚਿਆਂ ਵਿਰੁੱਧ ਵਧਦਾ ਅਪਰਾਧ ਵੀ ਚਿੰਤਾਜਨਕ ਹੈ। ਰਿਪੋਰਟ ਮੁਤਾਬਕ 2022 ਵਿਚ ਬੱਚਿਆਂ ਵਿਰੁੱਧ ਅਪਰਾਧ ਦੀ ਦਰ 36.6 (ਪ੍ਰਤੀ ਇਕ ਲੱਖ ਬੱਚੇ ਵਿਚੋਂ) ਸੀ, ਜੋ 2023 ਵਿਚ ਵੱਧ ਕੇ 39.9 ਹੋ ਗਈ। ਬੱਚਿਆਂ ਵਿਰੁੱਧ ਅਪਰਾਧ ਵਿਚ ਸਭ ਤੋਂ ਵੱਧ ਮਾਮਲੇ ਅਗਵਾ (45 ਫ਼ੀਸਦੀ) ਅਤੇ ਜਿਨਸੀ ਅਪਰਾਧਾਂ (38.2 ਫ਼ੀਸਦੀ) ਨਾਲ ਜੁੜੇ ਸਨ। ਸੀਨੀਅਰ ਨਾਗਰਿਕਾਂ ਵਿਰੁੱਧ ਅਪਰਾਧ ਦੇ ਮਾਮਲਿਆਂ ਵਿਚ 2.3 ਫ਼ੀਸਦੀ ਦੀ ਗਿਰਾਵਟ ਆਈ ਹੈ ਅਤੇ ਇਨ੍ਹਾਂ ਦੀ ਗਿਣਤੀ 27,886 ਦਰਜ ਕੀਤੀ ਗਈ। ਉੱਥੇ, 2023 ਵਿਚ 1.16 ਲੱਖ ਤੋਂ ਵੱਧ ਅਗਵਾ ਦੇ ਮਾਮਲੇ ਦਰਜ ਕੀਤੇ ਗਏ, ਇਨ੍ਹਾਂ ਵਿਚੋਂ 18,000 ਮਾਮਲੇ ਭੱਜਣ-ਭਜਾਉਣ ਦੇ ਸਨ। ਅਗਵਾ ਦੇ ਮਾਮਲਿਆਂ ਵਿਚ 2022 ਦੇ ਮੁਕਾਬਲੇ 5.5 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ।


### ਆਤਮਹੱਤਿਆ ਦੇ ਮਾਮਲੇ ਵਧੇ, ਬਿਮਾਰੀ ਪ੍ਰਮੁੱਖ ਕਾਰਨ

ਐੱਨ ਸੀ ਆਰ ਬੀ ਮੁਤਾਬਕ, ਆਤਮਹੱਤਿਆ ਦੇ ਮਾਮਲਿਆਂ ਵਿਚ ਮਾਮੂਲੀ (0.3 ਫ਼ੀਸਦੀ) ਵਾਧਾ ਦੇਖਣ ਨੂੰ ਮਿਲਿਆ। ਬਿਮਾਰੀ ਇਸ ਦੇ ਪ੍ਰਮੁੱਖ ਕਾਰਨ ਦੇ ਰੂਪ ਵਿਚ ਸਾਹਮਣੇ ਆਇਆ ਹੈ। ਆਤਮਹ-ੱਤਿਆ ਦੇ ਕੁੱਲ 1,71,418 ਮਾਮਲਿਆਂ ਵਿਚ ਸਭ ਤੋਂ ਵੱਧ ਮਾਮਲੇ 22,687 ਮਹਾਰਾਸ਼ਟਰ ਅਤੇ 19,483 ਤਾਮਿਲਨਾਡੂ ਵਿਚ ਦਰਜ ਕੀਤੇ ਗਏ। ਇਸ ਤੋਂ ਬਾਅਦ ਮੱਧ ਪ੍ਰਦੇਸ਼, ਕਰਨਾਟਕ ਅਤੇ ਬੰਗਾਲ ਦਾ ਨੰਬਰ ਆਉਂਦਾ ਹੈ। ਇਨ੍ਹਾਂ ਪੰਜ ਸੂਬਿਆਂ ਵਿਚ ਆਤਮਹੱਤਿਆ ਦੇ 49 ਫ਼ੀਸਦੀ ਮਾਮਲੇ ਦਰਜ ਕੀਤੇ ਗਏ ਜਦਕਿ 17 ਫ਼ੀਸਦੀ ਆਬਾਦੀ ਵਾਲੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਵਿਚ ਆਤਮਹੱਤਿਆ ਦੇ ਮਾਮਲੇ ਮੁਕਾਬਲਤਨ ਘੱਟ (5.3 ਫ਼ੀਸਦੀ) ਪਾਏ ਗਏ। ਇਸੇ ਤਰ੍ਹਾਂ 2023 ਵਿਚ ਦੇਸ਼ ’ਚ ਕੁੱਲ 10,700 ਕਿਸਾਨਾਂ ਦੀ ਆਤਮਹੱਤਿਆ ਦੇ ਮਾਮਲੇ ਦਰਜ ਕੀਤੇ ਗਏ।

### ਅਪਰਾਧ ਦਰ ਵਿਚ ਵਾਧਾ

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪ੍ਰਤੀ ਲੱਖ ਜਨਸੰਖਿਆ ’ਤੇ ਅਪਰਾਧ ਦਰ 2022 ਵਿਚ 422.2 ਤੋਂ ਵੱਧ ਕੇ 2023 ਵਿਚ 448.3 ਹੋ ਗਈ। ਇਸ ਵਿਚ ਆਈਪੀਸੀ ਤਹਿਤ ਅਪਰਾਧ 60.3 ਫ਼ੀਸਦੀ ਅਤੇ ਬਾਕੀ 39.7 ਫ਼ੀਸਦੀ ਵਿਸ਼ੇਸ਼ ਤੇ ਸਥਾਨਕ ਕਾਨੂੰਨਾਂ ਤਹਿਤ ਦਰਜ ਹੋਏ ਹਨ। ਮਹਾਨਗਰਾਂ ਵਿਚ ਅਪਰਾਧ ਦਰ ਦੀ ਗਣਨਾ ਅਸਲ ਜਨਗਣਨਾ 2011 ਦੇ ਆਧਾਰ ’ਤੇ ਕੀਤੀ ਗਈ ਹੈ। ਇਸ ਵਿਚ ਸਧਾਰਨ ਜ਼ਖ਼ਮੀ ਕਰਨ ਦੇ ਮਾਮਲੇ ਕੁੱਲ ਮਾਮਲਿਆਂ ਦੇ 21.3 ਫ਼ੀਸਦੀ ਹਨ। ਇਸ ਤੋਂ ਬਾਅਦ ਦੰਗਿਆਂ ਦੇ 1,707 ਮਾਮਲੇ, ਕੁੱਲ ਐੱਫਆਈਆਰ ਦੇ 13.2 ਫ਼ੀਸਦੀ ਹਨ। ਜਬਰ-ਜਨਾਹ ਦੇ ਮਾਮਲੇ 9.2 ਫ਼ੀਸਦੀ ਹਨ।

# ਡੈਲਟਾ ਏਅਰ ਲਾਈਨਜ਼ ਦੇ ਦੋ ਜਹਾਜ਼ਾਂ ਦੀ ਆਪਸ 'ਚ ਟੱਕਰ



ਨਿਊਯਾਰਕ- ਬੁੱਧਵਾਰ ਰਾਤ ਨੂੰ ਨਿਊਯਾਰਕ ਦੇ ਲਾਗੁਆਰਡੀਆ ਹਵਾਈ ਅੱਡੇ 'ਤੇ ਟੈਕਸੀਵੇਅ 'ਤੇ ਦੋ ਡੈਲਟਾ ਏਅਰਲਾਈਨਜ਼ ਦੇ ਜਹਾਜ਼ ਟਕਰਾ ਗਏ, ਜਿਸ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਡੈਲਟਾ ਦੇ ਬਿਆਨ ਅਨੁਸਾਰ ਵਰਜੀਨੀਆ ਦੇ ਰੋਨੋਕੇ ਲਈ ਉਡਾਣ ਭਰਨ ਦੀ ਤਿਆਰੀ ਕਰ ਰਹੇ ਜਹਾਜ਼ ਦਾ ਖੰਭ ਉੱਤਰੀ ਕੈਰੋਲੀਨਾ ਦੇ ਸ਼ਾਰਲੋਟ ਤੋਂ ਆ ਰਹੇ ਜਹਾਜ਼ ਦੇ ਫਿਊਜ਼ਲੇਜ ਨਾਲ ਟਕਰਾ ਗਿਆ। ਨਿਊਯਾਰਕ ਅਤੇ ਨਿਊ ਜਰਸੀ ਦੇ ਪੋਰਟ ਅਥਾਰਟੀ ਦੇ ਇੱਕ ਬਿਆਨ ਅਨੁਸਾਰ ਇੱਕ ਫਲਾਈਟ ਅਟੈਂਡੈਂਟ ਜ਼ਖਮੀ ਹੋ ਗਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਏਅਰਲਾਈਨ ਨੇ ਕਿਹਾ ਕਿ ਕਿਸੇ ਵੀ ਯਾਤਰੀ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਡੈਲਟਾ ਦੇ ਅਨੁਸਾਰ ਹਵਾਈ ਅੱਡੇ ਦੇ ਬਾਕੀ ਕਾਰਜ ਪ੍ਰਭਾਵਿਤ ਹੋਣ ਦੀ ਉਮੀਦ ਨਹੀਂ ਹੈ। ਡੈਲਟਾ ਦੇ ਬਿਆਨ ਵਿੱਚ ਕਿਹਾ ਗਿਆ ਹੈ, "ਡੈਲਟਾ ਸਾਰੇ ਸਬੰਧਤ ਅਧਿਕਾਰੀਆਂ ਦੇ ਸਹਿਯੋਗ ਨਾਲ ਘਟਨਾ ਦੀ ਸਮੀਖਿਆ ਕਰੇਗਾ ਕਿਉਂਕਿ ਸਾਡੇ ਗਾਹਕਾਂ ਅਤੇ ਜਨਤਾ ਦੀ ਸੁਰੱਖਿਆ ਪਹਿਲਾਂ ਆਉਂਦੀ ਹੈ।

ਅਸੀਂ ਇਸ ਅਨੁਭਵ ਲਈ ਆਪਣੇ ਗਾਹਕਾਂ ਤੋਂ ਮਾਫੀ ਮੰਗਦੇ ਹਾਂ।" ਟੱਕਰ ਵਿੱਚ ਸ਼ਾਮਲ ਡੈਲਟਾ ਕਨੈਕਸ਼ਨ ਜਹਾਜ਼ ਐਂਡੇਵਰ ਏਅਰ ਦੁਆਰਾ ਚਲਾਇਆ ਜਾਂਦਾ ਹੈ।

# ਨੌਕਰੀ ਬਚਾਉਣ ਲਈ ਅਧਿਆਪਕ ਨੇ ਨਵਜੰਮੇ ਬੱਚੇ ਨੂੰ ਜੰਗਲ 'ਚ ਛੱਡਿਆ

ਨਵੀਂ ਦਿੱਲੀ- ਮੱਧ ਪ੍ਰਦੇਸ਼ ਦੇ ਛਿੰਦਵਾੜਾ ਵਿੱਚ ਅਧਿਆਪਕ ਨੇ ਆਪਣੀ ਸਰਕਾਰੀ ਨੌਕਰੀ ਬਚਾਉਣ ਲਈ ਆਪਣੇ ਛੇ ਦਿਨਾਂ ਦੇ ਨਵਜੰਮੇ ਬੱਚੇ ਨੂੰ ਜੰਗਲ ਵਿੱਚ ਪੱਥਰਾਂ ਵਿਚਕਾਰ ਦੱਬ ਦਿੱਤਾ। ਉਸ ਦੀ ਪਤਨੀ ਵੀ ਇਸ ਘਿਨਾਉਣੀ ਸਾਜ਼ਿਸ਼ ਵਿੱਚ ਸ਼ਾਮਲ ਸੀ। ਦੋਸ਼ੀ ਬਬਲੂ ਡੰਡੋਲੀਆ ਸਿਧੌਲੀ ਪਿੰਡ ਦਾ ਰਹਿਣ ਵਾਲਾ ਹੈ ਅਤੇ ਅਮਰਵਾੜਾ ਵਿੱਚ ਇੱਕ ਪ੍ਰਾਇਮਰੀ ਸਕੂਲ ਅਧਿਆਪਕ ਹੈ। ਉਨ੍ਹਾਂ ਦੇ ਪਹਿਲਾਂ ਹੀ ਤਿੰਨ ਬੱਚੇ ਹਨ, ਜਿਨ੍ਹਾਂ ਦੀ ਉਮਰ ਅੱਠ, ਛੇ ਅਤੇ ਚਾਰ ਸਾਲ ਹੈ। ਕਿਹਾ ਜਾ ਰਿਹਾ ਹੈ ਕਿ ਜੋੜੇ ਨੇ ਆਪਣਾ ਤੀਜਾ ਬੱਚਾ ਪਾਲਣ-ਪੋਸ਼ਣ ਲਈ ਕਿਸੇ ਹੋਰ ਨੂੰ ਦੇ ਦਿੱਤਾ। ਬਬਲੂ ਅਤੇ ਉਸ ਦੀ ਪਤਨੀ ਨੇ ਆਪਣੀ ਚੌਥੀ ਪ੍ਰੈਗਨੈਂਸੀ ਨੂੰ ਲੁਕਾਇਆ ਅਤੇ 23 ਸਤੰਬਰ ਨੂੰ ਘਰ ਵਿੱਚ ਬੱਚੇ ਨੂੰ ਜਨਮ ਦਿੱਤਾ।

ਪਤਨੀ ਦੀ ਸਿਹਤ ਵਿਗੜਨ ਤੋਂ ਬਾਅਦ ਉਸ ਨੂੰ ਕਮਿਊਨਿਟੀ ਹੈਲਥ ਸੈਂਟਰ ਵਿੱਚ ਦਾਖਲ ਕਰਵਾਇਆ ਗਿਆ। ਇਲਾਜ ਤੋਂ ਬਾਅਦ ਜੋੜੇ ਨੇ 27 ਸਤੰਬਰ ਨੂੰ ਨਵਜੰਮੇ ਬੱਚੇ ਨੂੰ ਜੰਗਲ ਵਿੱਚ ਛੱਡ ਦਿੱਤਾ। ਨਵਜੰਮਾ ਬੱਚਾ ਰਾਤ ਠੰਡ ਤੇ ਮੀਂਹ ਵਿੱਚ ਉੱਥੇ ਹੀ ਰਿਹਾ।

ਪਿੰਡ ਵਾਸੀਆਂ ਨੇ ਨਵਜੰਮੇ ਬੱਚੇ ਨੂੰ ਲੱਭ ਲਿਆ ਅਤੇ ਪੁਲਿਸ ਨੂੰ ਸੂਚਿਤ ਕੀਤਾ। ਇਨਫੈਕਸ਼ ਦੇ ਖਤਰੇ ਕਾਰਨ ਬੱਚੇ ਨੂੰ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ ਗਿਆ। ਪੁਲਿਸ ਨੇ ਕਤਲ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ, ਜੋੜੇ ਨੂੰ ਗ੍ਰਿਫ਼ਤਾਰ ਕੀਤਾ ਅਤੇ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਹ ਧਿਆਨ ਦੇਣ ਯੋਗ ਹੈ ਕਿ ਮੱਧ ਪ੍ਰਦੇਸ਼ ਵਿੱਚ ਦੋ ਤੋਂ ਵੱਧ ਬੱਚੇ ਹੋਣ 'ਤੇ ਸਰਕਾਰੀ ਨੌਕਰੀ ਤੋਂ ਬਰਖਾਸਤਗੀ ਦੀ ਸਜ਼ਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਦੋਸ਼ੀ ਦੇ ਤੀਜੇ ਬੱਚੇ ਬਾਰੇ ਅਣਜਾਣ ਹਨ ਪਰ ਜੇਕਰ ਸ਼ਿਕਾਇਤ ਮਿਲਦੀ ਹੈ ਤਾਂ ਕਾਰਵਾਈ ਕਰਨਗੇ।

# ਮੋਬਾਈਲ ਗੇਮ ਖੇਡਣ 'ਤੇ ਝਿੜਕਿਆਂ ਤਾਂ ਲੜਕੇ ਨੇ ਕੀਤੀ ਖੁਦਕੁਸ਼ੀ

ਨਵੀਂ ਦਿੱਲੀ- ਉੱਤਰ-ਪੱਛਮੀ ਦਿੱਲੀ ਦੇ ਆਦਰਸ਼ ਨਗਰ ਤੋਂ ਇੱਕ ਦੁਖਦਾਈ ਘਟਨਾ ਸਾਹਮਣੇ ਆਈ ਹੈ। ਇੱਕ ਭਰਾ ਆਪਣੀ ਭੈਣ ਦੀ ਝਿੜਕ ਤੋਂ ਇੰਨਾ ਪਰੇਸ਼ਾਨ ਸੀ ਕਿ ਉਸ ਨੇ ਖੁਦਕੁਸ਼ੀ ਦਾ ਭਿਆਨਕ ਕਦਮ ਚੁੱਕਿਆ।

ਦਰਅਸਲ ਆਦਰਸ਼ ਨਗਰ ਵਿੱਚ ਇੱਕ 15 ਸਾਲਾ ਲੜਕੇ ਨੇ ਕਥਿਤ ਤੌਰ 'ਤੇ ਆਪਣੇ ਘਰ ਵਿੱਚ ਖੁਦਕੁਸ਼ੀ ਕਰ ਲਈ ਕਿਉਂਕਿ ਉਹ ਇਸ ਗੱਲ ਤੋਂ ਪਰੇਸ਼ਾਨ ਸੀ ਕਿ ਉਸ ਦੀ ਭੈਣ ਨੇ ਉਸ ਨੂੰ ਮੋਬਾਈਲ ਗੇਮ ਖੇਡਣ ਲਈ ਝਿੜਕਿਆ ਸੀ।

ਸਥਾਨਕ ਪੁਲਿਸ ਸਟੇਸ਼ਨ ਨੂੰ ਬੁੱਧਵਾਰ ਨੂੰ ਮੌਤ ਦੀ ਜਾਣਕਾਰੀ ਮਿਲੀ। ਡਿਪਟੀ ਕਮਿਸ਼ਨਰ ਆਫ਼ ਪੁਲਿਸ (ਉੱਤਰ-ਪੱਛਮ) ਭੀਸ਼ਮ ਸਿੰਘ ਨੇ ਕਿਹਾ, "ਜਾਂਚ ਦੌਰਾਨ ਇਹ ਖੁਲਾਸਾ ਹੋਇਆ ਕਿ ਆਦਰਸ਼ ਨਾਮਕ ਲੜਕਾ ਜੋ ਕਿ ਆਦਰਸ਼ ਨਗਰ ਦਾ ਰਹਿਣ ਵਾਲਾ ਸੀ, ਨੇ ਆਪਣੀ ਵੱਡੀ ਭੈਣ ਨਾਲ ਝਗੜੇ ਤੋਂ ਬਾਅਦ ਆਪਣੇ ਘਰ ਵਿੱਚ ਇੱਕ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ।"

ਕਥਿਤ ਤੌਰ 'ਤੇ ਲੜਾਈ ਉਦੋਂ ਹੋਈ ਜਦੋਂ ਭੈਣ ਨੇ ਉਸ ਨੂੰ ਮੋਬਾਈਲ ਗੇਮ ਖੇਡਣ ਅਤੇ ਆਪਣੀ ਪੜ੍ਹਾਈ ਵਿੱਚ ਅਣਗਹਿਲੀ ਕਰਨ ਲਈ ਝਿੜਕਿਆ। ਪੁਲਿਸ ਨੇ ਕਿਹਾ ਕਿ ਘਟਨਾ ਦੀ ਜਾਣਕਾਰੀ ਮਿਲਣ 'ਤੇ 9ਵੀਂ ਜਮਾਤ ਦੇ ਵਿਦਿਆਰਥੀ ਆਦਰਸ਼ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਿਸ ਨੇ ਭਾਰਤੀ ਦੰਡਾਵਲੀ (BNSS) ਦੀ ਧਾਰਾ 194 ਤਹਿਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਦੱਸਿਆ ਕਿ ਆਦਰਸ਼ ਦੇ ਪਿਤਾ ਸੋਨੀਪਤ ਦੇ ਕੁੰਡਲੀ ਵਿੱਚ ਸਥਿਤ ਇੱਕ ਕੰਪਨੀ ਵਿੱਚ ਕੰਮ ਕਰਦੇ ਹਨ।

# ਇੰਡੋਨੇਸ਼ੀਆ ਸਕੂਲ ਹਾਦਸਾ, 59 ਵਿਦਿਆਰਥੀਆਂ ਦੀ ਜਾਨ ਗਈ

ਨਵੀਂ ਦਿੱਲੀ- ਇੰਡੋਨੇਸ਼ੀਆਈ ਟਾਪੂ ਜਾਵਾ 'ਤੇ ਇੱਕ ਬੋਰਡਿੰਗ ਸਕੂਲ ਦੀ ਇਮਾਰਤ ਢਹਿ ਜਾਣ ਤੋਂ ਬਾਅਦ 59 ਲੋਕ ਲਾਪਤਾ ਹਨ ਅਤੇ ਬਚਾਅ ਕਰਮਚਾਰੀਆਂ ਨੇ ਮਲਬੇ ਵਿੱਚ ਜੀਵਨ ਦੇ ਕੋਈ ਨਿਸ਼ਾਨ ਨਾ ਮਿਲਣ ਦੀ ਰਿਪੋਰਟ ਦਿੱਤੀ ਹੈ। ਇਹ ਹਾਦਸਾ ਸੋਮਵਾਰ ਨੂੰ ਉਦੋਂ ਵਾਪਰਿਆ ਜਦੋਂ ਵਿਦਿਆਰਥੀ ਦੁਪਹਿਰ ਦੀ ਨਮਾਜ਼ ਲਈ ਇਕੱਠੇ ਹੋਏ ਸਨ, ਜਿਸ ਵਿੱਚ ਘੱਟੋ-ਘੱਟ ਪੰਜ ਦੀ ਮੌਤ ਹੋ ਗਈ। ਚਾਰ ਦਿਨ ਬਾਅਦ ਬਚਾਅ ਕਾਰਜ ਅਜੇ ਵੀ ਜਾਰੀ ਹਨ ਪਰ ਉਮੀਦਾਂ ਘੱਟ ਹਨ। ਸਥਾਨਕ ਨਿਵਾਸੀਆਂ ਨੇ ਪ੍ਰਭਾਵਿਤ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਰੱਖਣ ਦੀ ਪੇਸ਼ਕਸ਼ ਕੀਤੀ ਹੈ। 28 ਸਾਲਾ ਮੌਲਾਨਾ ਬਾਯੂ ਰਿਜ਼ਕੀ ਪ੍ਰਤਾਮਾ ਆਪਣੇ 17 ਸਾਲਾ ਭਰਾ ਦੀ ਦਿਨ-ਰਾਤ ਭਾਲ ਕਰ ਰਿਹਾ ਹੈ। ਉਸ ਨੇ ਕਿਹਾ, "ਮੈਂ ਇੱਥੇ ਚਾਰ ਦਿਨਾਂ ਤੋਂ ਹਾਂ, ਮੈਨੂੰ ਉਮੀਦ ਹੈ ਕਿ ਮੇਰਾ ਭਰਾ ਜ਼ਿੰਦਾ ਮਿਲ ਜਾਵੇਗਾ।"



ਬਚਾਅ ਕਾਰਜ ਬਹੁਤ ਗੁੰਝਲਦਾਰ ਸੀ ਕਿਉਂਕਿ ਮਲਬੇ ਵਿੱਚ ਵਾਈਬ੍ਰੇਸ਼ਨ ਦੂਜੇ ਹਿੱਸਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਰਾਸ਼ਟਰੀ ਖੋਜ ਅਤੇ ਬਚਾਅ ਏਜੰਸੀ ਦੇ ਮੁਖੀ ਮੁਹੰਮਦ ਸਿਆਫੀ ਨੇ ਦੱਸਿਆ ਕਿ ਪੀੜਤਾਂ ਤੱਕ ਪਹੁੰਚਣ ਲਈ ਇੱਕ ਭੂਮੀਗਤ ਸੁਰੰਗ, ਸਿਰਫ 60 ਸੈਂਟੀਮੀਟਰ ਚੌੜੀ ਪੁੱਟੀ ਜਾ ਰਹੀ ਹੈ। ਥਰਮਲ ਡਰੋਨ ਦੀ ਵਰਤੋਂ ਕੀਤੀ ਜਾ ਰਹੀ ਹੈ ਪਰ 72 ਘੰਟੇ ਦੇ "ਸੁਨਹਿਰੀ ਸਮੇਂ" ਦੀ ਸਮਾਪਤੀ ਬਚਾਅ ਦੀਆਂ ਸੰਭਾਵਨਾਵਾਂ ਨੂੰ ਘਟਾ ਰਹੀ ਹੈ।

ਵੀਰਵਾਰ ਨੂੰ ਪਰਿਵਾਰ ਭਾਰੀ ਉਪਕਰਣਾਂ ਦੀ ਵਰਤੋਂ ਲਈ ਸਹਿਮਤ ਹੋ ਗਏ ਪਰ ਸਾਵਧਾਨੀ ਦੀ ਸ਼ਰਤ ਨਾਲ ਇੱਕ ਬਚਾਅ ਏਜੰਸੀ ਦੇ ਅਧਿਕਾਰੀ ਨੇ ਕਿਹਾ ਕਿ ਜੇਕਰ ਲੋਕ ਅਜੇ ਵੀ ਲਾਪਤਾ ਹਨ ਤਾਂ ਇਹ ਕਾਰਵਾਈ ਸੱਤ ਦਿਨਾਂ ਤੋਂ ਵੱਧ ਸਮੇਂ ਤੱਕ ਚੱਲ ਸਕਦੀ ਹੈ। ਦੁਰਘਟਨਾ ਦੀ ਜਾਂਚ ਜਾਰੀ ਹੈ ਪਰ ਮਾਹਰਾਂ ਦਾ ਮੰਨਣਾ ਹੈ ਕਿ ਮਾੜੀ ਉਸਾਰੀ ਕਾਰਨ ਹੋ ਸਕਦਾ ਹੈ। ਸਕੂਲ ਦੀ ਇਮਾਰਤ ਦੇ ਨੀਂਹ ਦੇ ਥੰਮ੍ਹ ਚੌਥੀ ਮੰਜ਼ਿਲ 'ਤੇ ਨਵੀਂ ਉਸਾਰੀ ਦਾ ਭਾਰ ਨਹੀਂ ਸਹਿ ਸਕਦੇ ਸਨ। ਇੰਡੋਨੇਸ਼ੀਆ ਵਿੱਚ ਨਿਰਮਾਣ ਮਿਆਰਾਂ ਦੀ ਘਾਟ ਇੱਕ ਵੱਡੀ ਸਮੱਸਿਆ ਹੈ, ਜਿੱਥੇ ਅੰਸ਼ਕ ਤੌਰ 'ਤੇ ਬਣਾਈਆਂ ਗਈਆਂ ਬਣਤਰਾਂ ਵਿੱਚ ਬਾਅਦ ਦੀਆਂ ਮੰਜ਼ਿਲਾਂ ਜੋੜਨ ਦਾ ਅਭਿਆਸ ਆਮ ਹੈ।

LOWER YOUR INSURANCE RATES NOW
ASK ME HOW
MEHTAB SINGH
209-769-2540
Your Local Insurance Advisor
offering Personalized Service & Competitive rates
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ
AUTO, HOME, BUSINESS, COMMECIAL PROPERTY
MEHTAB (MIKE) SINGH
209-769-2540
INSURENOWWITHMIKE@GMAIL.COM
LIC # 4467263

 Issue- 479, Vol-19, October 6, 2025

## Parbandhak Committee Members
## ਪ੍ਰਬੰਧਕ ਕਮੇਟੀ ਮੈਂਬਰ

Vote for no more than 21 candidates 21 ਉਮੀਦਵਾਰਾਂ ਤੋਂ ਵੱਧ ਨੂੰ ਵੋਟ ਨਾ ਪਾਓ

| **Current Parbandhak Committee Slate Candidates ਮੌਜਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ** | **Sadh Sangat Slate Candidates ਸਾਧ ਸੰਗਤ ਸਲੇਟ ਉਮੀਦਵਾਰ** |
|---|---|
| ○ Bhupindar (Bob) Singh Dhillon ਭੁਪਿੰਦਰ (ਬੌਬ) ਸਿੰਘ ਢਿੱਲੋਂ | ● Bhupinder Singh Cheema ਭੁਪਿੰਦਰ ਸਿੰਘ ਚੀਮਾ |
| ○ Dr. Gurinder Pal Singh ਡਾ. ਗੁਰਿੰਦਰ ਪਾਲ ਸਿੰਘ | ● Harpal Singh Chahal ਹਰਪਾਲ ਸਿੰਘ ਚਾਹਲ |
| ○ Pritam Singh Grewal ਪਰੀਤਮ ਸਿੰਘ ਗਰੇਵਾਲ | ● Kashmir Singh Kalkut ਕਸ਼ਮੀਰ ਸਿੰਘ ਕਾਲਕੱਟ |
| ○ Rajinder Singh Managar ਰਜਿੰਦਰ ਸਿੰਘ ਮੰਗਰ | ● Kulwinder Kaur Cheema ਕੁਲਵਿੰਦਰ ਕੌਰ ਚੀਮਾ |
| ○ Sukhdev Singh Bainiwal ਸੁਖਦੇਵ ਸਿੰਘ ਬੈਨੀਵਾਲ | ● Jagjit Singh ਜਗਜੀਤ ਸਿੰਘ |
| ○ Kirpal Singh Atwal ਕਿਰਪਾਲ ਸਿੰਘ ਅਠਵਾਲ | ● Satnam Singh Dhillon ਸਤਨਾਮ ਸਿੰਘ ਢਿੱਲੋਂ |
| ○ Surjit Singh Bains ਸੁਰਜੀਤ ਸਿੰਘ ਬੈਂਸ | ● Trilochan Singh Sra ਤਰਲੋਚਨ ਸਿੰਘ ਸਰਾ |
| ○ Sohan Singh Dhanota ਸੋਹਣ ਸਿੰਘ ਧਨੋਤਾ | ● Gurmail Singh Khalsa ਗੁਰਮੇਲ ਸਿੰਘ ਖਾਲਸਾ |
| ○ Dr. Harjinder Singh Ladhar ਡਾ. ਹਰਜਿੰਦਰ ਸਿੰਘ ਲੱਧੜ | ● Karnail Singh ਕਰਨੈਲ ਸਿੰਘ |
| ○ Gurpreet Singh ਗੁਰਪਰੀਤ ਸਿੰਘ | ● Dr. Satwinder Singh Bajwa ਡਾ. ਸਤਵਿੰਦਰ ਸਿੰਘ ਬਾਜਵਾ |
| ○ Harparminder Singh Powar ਹਰਪਰਮਿੰਦਰ ਸਿੰਘ ਪਵਾਰ | ● Jatinder Kaur ਜਤਿੰਦਰ ਕੌਰ |
| ○ Narinder Kaur Meharu ਨਰਿੰਦਰ ਕੌਰ ਮਹੇੜੂ | ● Sukhwir Singh Randhawa ਸੁਖਵੀਰ ਸਿੰਘ ਰੰਧਾਵਾ |
| ○ Pritpal Kaur ਪ੍ਰਤਿਪਾਲ ਕੌਰ | ● Amrik Singh Lubana ਅਮਰੀਕ ਸਿੰਘ ਲੁਬਾਨਾ |
| ○ Sharanjit Kaur Bhandal ਸ਼ਰਨਜੀਤ ਕੌਰ ਭੰਡਾਲ | ● Gulbag Singh Lubana ਗੁਲਬਾਗ ਸਿੰਘ ਲੁਬਾਨਾ |
| ○ Dr. Balbir Singh Bains ਡਾ. ਬਲਬੀਰ ਸਿੰਘ ਬੈਂਸ | ● Raghubir Singh Dhillon ਰਘੂਬੀਰ ਸਿੰਘ ਢਿੱਲੋਂ |
| ○ Bahadur Singh Deol ਬਹਾਦਰ ਸਿੰਘ ਦਿਓਲ | ● Baldev Singh Jandu ਬਲਦੇਵ ਸਿੰਘ ਜੰਡੂ |
| ○ Kuldip Singh Shergill ਕੁਲਦੀਪ ਸਿੰਘ ਸ਼ੇਰਗਿੱਲ | ● Joginder Kaur Dhaliwal ਜਗਿੰਦਰ ਕੌਰ ਧਾਲੀਵਾਲ |
| ○ Gurpreet Singh Sethi ਗੁਰਪਰੀਤ ਸਿੰਘ ਸੇਠੀ | ● Kulwant Kaur Chahal ਕੁਲਵੰਤ ਕੌਰ ਚਾਹਲ |
| ○ Harparduman S Sanghera ਹਰਦੁਮਨ (ਬਿੱਲਾ) ਸਿੰਘ ਸੰਘੇੜਾ | ● Kamaljit Singh Cheema ਕਮਲਜੀਤ ਸਿੰਘ ਚੀਮਾ |
| ○ Gurbax Singh Dhillon ਗੁਰਬਖਸ਼ ਸਿੰਘ ਢਿੱਲੋਂ | ● Jagjit Singh Mand ਜਗਜੀਤ ਸਿੰਘ ਮੰਡ |
| ○ Jorawar Singh ਜੋਰਾਵਰ ਸਿੰਘ | ● Jaspal Singh Saini ਜਸਪਾਲ ਸਿੰਘ ਸੈਣੀ |

**Independent Candidate ਅਜ਼ਾਦ ਉਮੀਦਵਾਰ** ○ Arvinder Singh ਅਰਵਿੰਦਰ ਸਿੰਘ

**Change/Amend Article IV(A)(6)(b) from 2 years to 4 years with condition of two consecutive terms, and applies to elected members in this election and onwards.**

ਧਾਰਾ IV(A)(6)(b) ਨੂੰ ਬਦਲੋ / ਸੋਧੋ, 2 ਸਾਲ ਤੋਂ 4 ਸਾਲ ਤੱਕ ਸ਼ਰਤ ਦੇ ਨਾਲ ਲਗਾਤਾਰ ਦੋ ਕਾਰਜਕਾਲਾਂ ਦੀ, ਅਤੇ ਇਹ ਇਸ ਚੋਣ ਅਤੇ ਉਸ ਤੋਂ ਬਾਅਦ ਚੁਣੇ ਗਏ ਮੈਂਬਰਾਂ 'ਤੇ ਲਾਗੂ ਹੋਵੇਗਾ।

○ Yes ਹਾਂ

● No ਨਹੀਂ

Logic and Accuracy [1] (CS 1)

ੴ ਸਤਿਗੁਰ ਪ੍ਰਸਾਦਿ

# Sadh Sangat Slate Vision and Program

**Guru Piari Sadh Sangat Ji,**
Waheguru Ji Ka Khalsa, Waheguru Ji Ki Fateh
Sadh Sangat Slate, being a representative body of the Sadh Sangat is committed to the Chardikala of Khalsa Panth and Sikh Gurdwara – San Jose. We are pleased to share with you our program based on the feedback and wishes of the Sadh Sangat

- ✓ <u>Rights of the Sangat are supreme</u>. Gurdwara Sahib elections will be held **every 2 years** at a fixed time as per the Gurdwara bylaws.
- ✓ Parbandhak committee member can become a member only twice. After 2 terms, a member cannot come to the committee. This is an effort to encourage new faces.
- ✓ The Gurdwara Sahib will be made a purely religious, spiritual and Panthic center instead of a commercial or political platform. Every program will be held according to Gurmat, without any bias.
- ✓ Anti-Panth activities will not be allowed in the Gurdwara Sahib.
- ✓ Financial information (income & expenditure) will be shared with the Sangat every month. An audit will be conducted by an external company every two years
- ✓ We will stop the misuse of Guru's Golak for legal battles on political or management issues.
- ✓ The Guru's Golak will be used only for religious and Panthic purposes. Any kind of donation or political support will be stopped.
- ✓ Youth and women will be encouraged and included in the projects of the Gurdwara Sahib.
- ✓ New age education courses will be provided for students, in which special priority will be given to Technology and AI.
- ✓ Special assistance measures will be taken for senior citizens and newcomers from Punjab.
- ✓ Major decisions will be made with the advice of the Sangat. The atmosphere of dictatorship will be ended.
- ✓ The performance of Khalsa School is going very well. To keep it away from politics, respected school teachers will be kept away from the politics of the Gurdwara Committee.
- ✓ We will reduce the charges for weddings based on family's willingness and affordability.
- ✓ Only one person from the family and close relatives will be able to join the Gurdwara Parbandhak Commitee.
- ✓ No Sikh will be stopped from coming to Gurdwara Sahib. Misuse of legal system against the Sangat will be stopped.

**ਗੁਰੂ ਪਿਆਰੀ ਸਾਧ ਸੰਗਤ ਜੀ**
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕਿ ਫਤਹਿ
ਸਾਧ ਸੰਗਤ ਸਲੇਟ, ਆਮ ਸੰਗਤ ਦੀ ਨੁਮਾਇੰਦਗੀ ਕਰਦੇ ਹੋਏ ਖਾਲਸਾ ਪੰਥ ਅਤੇ ਗੁਰਦਵਾਰਾ ਸਾਹਿਬ ਸੈਨ ਹੋਜ਼ੇ ਦੀ ਚੜ੍ਹਦੀਕਲਾ ਲਈ ਵਚਨਬੱਧ ਹੈ। ਸੰਗਤ ਦੇ ਵਿਚਾਰਾਂ ਅਤੇ ਇੱਛਾ ਅਨੁਸਾਰ ਉਲੀਕੀਆਂ ਗਈਆਂ ਯੋਜਨਾਵਾਂ ਵਿਚੋਂ ਕੁਝ ਮੁੱਖ ਇਸ ਪ੍ਰਕਾਰ ਹਨ

- ✓ <u>ਸੰਗਤ ਦੇ ਅਧਿਕਾਰ ਸਭ ਤੋਂ ਉੱਪਰ ਹਨ।</u> ਗੁਰਦੁਆਰਾ ਸਾਹਿਬ ਦੀਆਂ ਚੋਣਾਂ ਗੁਰਦੁਆਰਾ ਸੰਵਿਧਾਨ ਅਨੁਸਾਰ **ਹਰ 2 ਸਾਲਾਂ ਬਾਅਦ** ਇੱਕ ਨਿਸ਼ਚਿਤ ਸਮੇਂ 'ਤੇ ਹੋਣਗੀਆਂ।
- ✓ ਪ੍ਰਬੰਧਕ ਕਮੇਟੀ ਦਾ ਮੈਂਬਰ ਸਿਰਫ਼ ਦੋ ਵਾਰ ਹੀ ਮੈਂਬਰ ਬਣ ਸਕਦਾ ਹੈ। 2 ਵਾਰ ਤੋਂ ਬਾਅਦ, ਕੋਈ ਮੈਂਬਰ ਕਮੇਟੀ ਵਿੱਚ ਨਹੀਂ ਆ ਸਕਦਾ। ਇਹ ਨਵੇਂ ਚਿਹਰਿਆਂ ਨੂੰ ਉਤਸ਼ਾਹਿਤ ਕਰਨ ਦਾ ਇੱਕ ਯਤਨ ਹੈ।
- ✓ ਗੁਰਦੁਆਰਾ ਸਾਹਿਬ ਨੂੰ ਵਪਾਰਕ ਜਾਂ ਰਾਜਨੀਤਿਕ ਪਲੇਟਫਾਰਮ ਦੀ ਬਜਾਏ ਇੱਕ ਪੂਰੀ ਤਰ੍ਹਾਂ ਧਾਰਮਿਕ, ਅਧਿਆਤਮਿਕ ਅਤੇ ਪੰਥਕ ਕੇਂਦਰ ਬਣਾਇਆ ਜਾਵੇਗਾ। ਹਰ ਪ੍ਰੋਗਰਾਮ ਗੁਰਮਤਿ ਅਨੁਸਾਰ, ਬਿਨਾਂ ਕਿਸੇ ਪੱਖਪਾਤ ਦੇ ਆਯੋਜਿਤ ਕੀਤਾ ਜਾਵੇਗਾ।
- ✓ ਪੰਥ ਵਿਰੋਧੀ ਗਤੀਵਿਧੀਆਂ ਨੂੰ ਗੁਰਦੁਆਰਾ ਸਾਹਿਬ ਵਿੱਚ ਇਜਾਜ਼ਤ ਨਹੀਂ ਹੋਵੇਗੀ।
- ✓ ਵਿੱਤੀ ਜਾਣਕਾਰੀ (ਆਮਦਨ ਅਤੇ ਖਰਚ) ਹਰ ਮਹੀਨੇ ਸੰਗਤ ਨਾਲ ਸਾਂਝੀ ਕੀਤੀ ਜਾਵੇਗੀ। ਹਰ ਦੋ ਸਾਲਾਂ ਬਾਅਦ ਇੱਕ ਬਾਹਰੀ ਕੰਪਨੀ ਦੁਆਰਾ ਆਡਿਟ ਕੀਤਾ ਜਾਵੇਗਾ।
- ✓ ਅਸੀਂ ਰਾਜਨੀਤਿਕ ਜਾਂ ਪ੍ਰਬੰਧਨ ਮੁੱਦਿਆਂ 'ਤੇ ਕਾਨੂੰਨੀ ਲੜਾਈ ਲਈ ਗੁਰੂ ਦੀ ਗੋਲਕ ਦੀ ਦੁਰਵਰਤੋਂ ਨੂੰ ਰੋਕਾਂਗੇ।
- ✓ ਗੁਰੂ ਦੀ ਗੋਲਕ ਸਿਰਫ਼ ਧਾਰਮਿਕ ਅਤੇ ਪੰਥਕ ਕਾਰਜਾਂ ਲਈ ਹੀ ਵਰਤੀ ਜਾਵੇਗੀ। ਕਿਸੇ ਵੀ ਤਰਾਂ ਦੀ ਬੇਲੋੜੀ ਡੋਨੇਸ਼ਨ ਜਾਂ ਰਾਜਸੀ ਮਦਦ ਬੰਦ ਕੀਤੀ ਜਾਵੇਗੀ।
- ✓ ਨੌਜਵਾਨਾਂ ਅਤੇ ਬੀਬੀਆਂ ਨੂੰ ਉਤਸ਼ਾਹਿਤ ਕਰਕੇ ਗੁਰਦੁਆਰਾ ਸਾਹਿਬ ਦੇ ਪ੍ਰੋਜੈਕਟਾਂ ਵਿਚ ਸ਼ਾਮਿਲ ਕੀਤਾ ਜਾਵੇਗਾ।
- ✓ ਵਿਦਿਆਰਥੀਆਂ ਲਈ ਨਵੇਂ ਯੁੱਗ ਦੀ ਸਿੱਖਿਆ ਦੇ ਕੋਰਸ ਮੁਹਈਆ ਕੀਤੇ ਜਾਣਗੇ ਜਿਹਨਾਂ ਵਿੱਚ Technology ਅਤੇ AI ਨੂੰ ਖ਼ਾਸ ਤਰਜੀਹ ਦਿੱਤੀ ਜਾਵੇਗੀ।
- ✓ ਸੀਨੀਅਰ ਸਿਟੀਜ਼ਨ ਅਤੇ ਪੰਜਾਬ ਤੋਂ ਨਵੇਂ ਆਏ ਲੋਕਾਂ ਲਈ ਵਿਸ਼ੇਸ਼ ਮਦਦ ਦੇ ਉਪਰਾਲੇ ਕੀਤੇ ਜਾਣਗੇ।
- ✓ ਸੰਗਤ ਦੀ ਸਲਾਹ ਨਾਲ ਹੀ ਵੱਡੇ ਫੈਸਲੇ ਕੀਤੇ ਜਾਣਗੇ। ਡਿਕਟੇਟਰਸ਼ਿਪ ਵਾਲਾ ਮਹੌਲ ਖ਼ਤਮ ਕੀਤਾ ਜਾਵੇਗਾ।
- ✓ ਖ਼ਾਲਸਾ ਸਕੂਲ ਦੀ ਕਾਰਗੁਜ਼ਾਰੀ ਬਹੁਤ ਵਧੀਆ ਚੱਲ ਰਹੀ ਹੈ। ਇਸਨੂੰ ਸਿਆਸਤ ਤੋਂ ਪਾਸੇ ਰੱਖਣ ਲਈ ਸਤਿਕਾਰਯੋਗ ਸਕੂਲ ਅਧਿਆਪਕਾਂ ਨੂੰ ਗੁਰਦੁਆਰਾ ਕਮੇਟੀ ਦੀ ਰਾਜਨੀਤੀ ਤੋਂ ਦੂਰ ਰੱਖਿਆ ਜਾਵੇਗਾ।
- ✓ ਅਸੀਂ ਪਰਿਵਾਰ ਦੀ ਇੱਛਾ ਅਤੇ ਸਮਰੱਥਾ ਦੇ ਆਧਾਰ 'ਤੇ ਵਿਆਹਾਂ ਦੇ ਖਰਚੇ ਘਟਾਵਾਂਗੇ।
- ✓ ਪਰਿਵਾਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਵਿੱਚੋਂ ਸਿਰਫ਼ ਇੱਕ ਵਿਅਕਤੀ ਹੀ ਪ੍ਰਬੰਧਕ ਕਮੇਟੀ ਵਿੱਚ ਸ਼ਾਮਲ ਹੋ ਸਕੇਗਾ।
- ✓ ਕਿਸੇ ਵੀ ਸਿੱਖ ਨੂੰ ਗੁਰਦੁਆਰਾ ਸਾਹਿਬ ਆਉਣ ਤੋਂ ਨਹੀਂ ਰੋਕਿਆ ਜਾਵੇਗਾ। ਸੰਗਤ ਵਿਰੁੱਧ ਕਾਨੂੰਨੀ ਪ੍ਰਣਾਲੀ ਦੀ ਦੁਰਵਰਤੋਂ ਬੰਦ ਕੀਤੀ ਜਾਵੇਗੀ।


SIKH GURDWARA - SAN JOSE
VOTE OCTOBER 12, 2025
SAN JOSE
GURDWARA SAHIB
ELECTION
"RESTORE TRANSPARENCY • END DIVISION • SERVE ALL FAMILIES"
ਵਾਹਿਗੁਰੂ ਜੀ ਮਿਹਰ ਕਰਨ ਤੇ ਸਾਧ ਸੰਗਤ ਸਲੇਟ ਨੂੰ ਸੇਵਾ ਦਾ ਮੌਕਾ ਦੇਣ ।
SADH SANGAT SLATE
BHUPINDER SINGH CHEEMA
HARPAL SINGH CHAHAL
KASHMIR SINGH KALKAT
KULWINDER KAUR CHEEMA
JAGJEET SINGH
SATNAM SINGH DHILLON
TRILOCHAN SINGH SRA
GURMAIL SINGH KHALSA
KARNAIL SINGH
DR. SATWINDER SINGH BAJWA
JATINDER KAUR
SUKHWIR SINGH RANDHAWA
AMRIK SINGH LUBANA
GULBAG SINGH LUBANA
RABHUBIR SINGH DHILLON
BALDEV SINGH JANDU
JOGINDER KAUR DHALIWAL
KULWANT KAUR CHAHAL
KAMALJEET SINGH CHEEMA
JAGJIT SINGH MAND
JASPAL SINGH SAINI
VOTE OCTOBER 12, 2025 • SHARE WITH FAMILY
"QUESTIONS? CALL US!"
BHUPINDER SINGH CHEEMA 408-203-8054
HARPAL SINGH CHAHAL 408-981-2842
JAGJEET SINGH 408-223-9900

## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545




## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138



## Gurpiar Sidhu



Home Buying & Selling System

209-598-7776

Lic. 01815083

ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ

ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

PRIMESTAR REAL ESTATE
A Realtor you can trust... Blindly

Office- 2030 E. Louise Ave. Lathrop, CA 95330



## 21 Century

### Inderjit Singh

BROKER-REAL ESTATE



(1) ਘਰ/ਬਿਜਨਸ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
(2) ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ।
(3) ਬਹੁਤ ਹੀ ਚੰਗੇ ਰੇਟ 'ਤੇ ਘਰਾਂ ਲਈ ਲੋਨ ਕਰਵਾ ਕੇ ਦੇਣ ਦਾ ਵਾਅਦਾ ਕਰਦੇ ਹਾਂ।

Office : 425-775-8525
Cell : 425-425-4055
Fax : 425-670-3500

MLS email: inderjit.singh@centuary21.com

19020 33rd Ave West, Suite 300, Lynnwood, WA 98036

# TASTE OF INDIA

specialist- Gurh Dee Barfee, Gurh Diyaan Jalebian

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

**SUKHWINDER BHELLA**
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# CALIFORNIA IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377



# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ, ਹਰ ਐਤਵਾਰ ਨੂੰ Buffet ਲੱਗਦਾ ਹੈ।

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ

ਮੱਛੀ ਦੇ ਪਕੌੜੇ ਬਣਾਉਣ ਦੇ ਮਾਹਿਰ, ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ
ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਾਂ।

100-1000 ਬੰਦਿਆਂ ਤੱਕ ਪਾਰਟੀ ਲਈ ਪ੍ਰਬੰਧ

ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net




# ਮਹੀਨੇ ‘ਚ 3-4 ਵਾਰ ਪੀਓ ਘੀਏ (ਲੌਕੀ) ਦਾ ਜੂਸ

ਅੱਜ ਦੀ ਤੇਜ਼ ਰਫ਼ਤਾਰ ਤੇ ਅਨਿਯਮਿਤ ਜੀਵਨ ਸ਼ੈਲੀ ਵਿੱਚ, ਗੈਰ-ਸਿਹਤਮੰਦ ਖਾਣਾ ਬਿਮਾਰੀ ਦਾ ਇੱਕ ਵੱਡਾ ਕਾਰਨ ਬਣ ਗਿਆ ਹੈ। ਅਸੀਂ ਅਕਸਰ ਸਮਾਂ ਬਚਾਉਣ ਜਾਂ ਸਹੂਲਤ ਲਈ ਪ੍ਰੋਸੈਸਡ, ਤਲੇ ਹੋਏ ਜਾਂ ਬਾਹਰਲੇ ਭੋਜਨ ਨੂੰ ਜ਼ਿਆਦਾ ਖਾਂਦੇ ਹਾਂ। ਪਰ ਕੀ ਤੁਸੀਂ ਜਾਣਦੇ ਹੋ ਕਿ ਗੈਰ-ਸਿਹਤਮੰਦ ਖਾਣ ਦਾ ਸਾਡੀ ਸਿਹਤ 'ਤੇ ਸਿੱਧਾ ਅਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ ਅਤੇ ਇਸ ਨਾਲ ਪੇਟ ਦੀਆਂ ਸਮੱਸਿਆਵਾਂ, ਭਾਰ ਵਧਣਾ ਅਤੇ ਪੋਸ਼ਣ ਸੰਬੰਧੀ ਕਮੀਆਂ ਸਮੇਤ ਕਈ ਬਿਮਾਰੀਆਂ ਹੋ ਸਕਦੀਆਂ ਹਨ। ਇਸ ਲਈ, ਸਿਹਤਮੰਦ ਰਹਿਣ ਲਈ ਇੱਕ ਚੰਗੀ ਖ਼ੁਰਾਕ ਜ਼ਰੂਰੀ ਹੈ।

ਅੱਜ ਅਸੀਂ ਤੁਹਾਨੂੰ ਇੱਕ ਅਜਿਹੀ ਹੀ ਸ਼ਾਨਦਾਰ ਅਤੇ ਪੌਸ਼ਟਿਕ ਸਬਜ਼ੀ ਬਾਰੇ ਦੱਸ ਰਹੇ ਹਾਂ, ਜਿਸਨੂੰ ਆਮ ਤੌਰ 'ਤੇ ਲੌਕੀ ਕਿਹਾ ਜਾਂਦਾ ਹੈ। ਇਸਨੂੰ ਨਾ ਸਿਰਫ਼ ਸਬਜ਼ੀ ਦੇ ਰੂਪ ਵਿੱਚ ਖਾਧਾ ਜਾ ਸਕਦਾ ਹੈ, ਸਗੋਂ ਪੌਸ਼ਟਿਕ ਰਾਇਤਾ, ਸੁਆਦੀ ਹਲਵਾ ਅਤੇ ਸੁਆਦੀ ਕੋਫਤੇ ਦੇ ਰੂਪ ਵਿੱਚ ਵੀ



ਖਾਧਾ ਜਾ ਸਕਦਾ ਹੈ। ਹਾਲਾਂਕਿ, ਇਸਦਾ ਜੂਸ ਵੀ ਬਣਾਇਆ ਜਾਂਦਾ ਹੈ, ਅਤੇ ਇਹ ਜੂਸ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਹੈ।

ਲੌਕੀ ਵਿੱਚ 90 ਪ੍ਰਤੀਸ਼ਤ ਤੋਂ ਵੱਧ ਪਾਣੀ ਹੁੰਦਾ ਹੈ। ਇਸ ਲਈ, ਇਸਨੂੰ ਗਰਮੀਆਂ ਦੀ ਇੱਕ ਹਾਈਡ੍ਰੇਟਿੰਗ ਸਬਜ਼ੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਵਿਟਾਮਿਨ ਸੀ, ਕੇ, ਏ, ਅਤੇ ਬੀ ਨਾਲ ਭਰਪੂਰ ਹੁੰਦਾ ਹੈ, ਨਾਲ ਹੀ ਕੈਲਸ਼ੀਅਮ, ਮੈਗਨੀਸ਼ੀਅਮ, ਜ਼ਿੰਕ, ਆਇਰਨ ਅਤੇ ਫਾਈਬਰ ਵਰਗੇ ਕਈ ਪੌਸ਼ਟਿਕ ਤੱਤ ਵੀ ਹੁੰਦੇ ਹਨ। ਇਸ ਵਿੱਚ ਐਂਟੀਆਕਸੀਡੈਂਟ ਵੀ ਹੁੰਦੇ ਹਨ ਜੋ ਸਰੀਰ ਨੂੰ ਫ੍ਰੀ ਰੈਡੀਕਲਸ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ। ਇਸ ਤੋਂ ਇਲਾਵਾ ਪਾਚਨ, ਹਾਈਡਰੇਸ਼ਨ, ਭਾਰ ਘਟਾਉਣ ਅਤੇ ਸਿਹਤ ਲਈ ਲਾਭਦਾਇਕ ਹੈ। ਜੇਕਰ ਤੁਸੀਂ ਇਸ ਜੂਸ ਨੂੰ ਰੋਜ਼ਾਨਾ ਖਾਲੀ ਪੇਟ 15 ਦਿਨਾਂ ਤੱਕ ਲਗਾਤਾਰ ਪੀਂਦੇ ਹੋ, ਤਾਂ ਤੁਸੀਂ ਆਪਣੀ ਸਿਹਤ ਵਿੱਚ ਮਹੱਤਵਪੂਰਨ ਬਦਲਾਅ ਵੇਖੋਗੇ।

ਲੌਕੀ ਦੇ ਜੂਸ ਦਾ ਮੁੱਖ ਤੇ ਸਭ ਤੋਂ ਮਹੱਤਵਪੂਰਨ ਫਾਇਦਾ ਇਸਦਾ ਪਾਚਨ ਹੈ। ਇਸ ਜੂਸ ਵਿੱਚ ਕੈਲੋਰੀ ਬਹੁਤ ਘੱਟ ਹੁੰਦੀ ਹੈ ਅਤੇ ਘੁਲਣਸ਼ੀਲ ਅਤੇ ਅਘੁਲਣਸ਼ੀਲ ਫਾਈਬਰ ਹੁੰਦਾ ਹੈ। ਫਾਈਬਰ ਤੁਹਾਨੂੰ ਲੰਬੇ ਸਮੇਂ ਤੱਕ ਭਰਿਆ ਰੱਖਦਾ ਹੈ, ਜ਼ਿਆਦਾ ਖਾਣ ਤੋਂ ਰੋਕਦਾ ਹੈ। ਫਾਈਬਰ ਦੀ ਮੌਜੂਦਗੀ ਦੇ ਕਾਰਨ, ਇਹ ਜੂਸ ਆਸਾਨੀ ਨਾਲ ਪੇਟ ਨੂੰ ਸਾਫ਼ ਕਰਦਾ ਹੈ।

ਖਾਲੀ ਪੇਟ ਲੌਕੀ ਦਾ ਜੂਸ ਪੀਣ ਨਾਲ ਕਬਜ਼, ਗੈਸ ਅਤੇ ਐਸਿਡਿਟੀ ਵਰਗੀਆਂ ਪਾਚਨ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਇਹ ਪੇਟ ਦੀ ਪਰਤ ਨੂੰ ਸ਼ਾਂਤ ਕਰਦਾ ਹੈ ਅਤੇ ਵਾਧੂ ਐਸਿਡ ਨੂੰ ਬੇਅਸਰ ਕਰਦਾ ਹੈ। ਇਹ ਜੂਸ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ, ਪੇਟ ਸਾਫ਼ ਕਰਦਾ ਹੈ ਅਤੇ ਪਾਚਨ ਕਿਰਿਆ ਨੂੰ ਬਿਹਤਰ ਬਣਾਉਂਦਾ ਹੈ।

**ਭਾਰ ਘਟਾਉਣਾ**

ਅੱਜ ਦੀ ਜੀਵਨ ਸ਼ੈਲੀ ਵਿੱਚ ਭਾਰ ਵਧਣਾ ਇੱਕ ਵੱਡੀ ਚੁਣੌਤੀ ਹੈ। ਜੇਕਰ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ ਤਾਂ ਹਰ ਰੋਜ਼ ਸਵੇਰੇ ਖਾਲੀ ਪੇਟ ਕੱਦੂ ਦਾ ਜੂਸ ਪੀਣਾ ਇੱਕ ਗੇਮ-ਚੇਂਜਰ ਹੋ ਸਕਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਹੀ ਦੱਸਿਆ ਹੈ, ਕੱਦੂ ਦੇ ਜੂਸ ਵਿੱਚ ਕੈਲੋਰੀ ਬਹੁਤ ਘੱਟ ਹੁੰਦੀ ਹੈ ਅਤੇ ਫਾਈਬਰ ਦੀ ਮਾਤਰਾ ਵਧੇਰੇ ਹੁੰਦੀ ਹੈ। ਇਸਨੂੰ ਖਾਣ ਨਾਲ ਤੁਸੀਂ ਲੰਬੇ ਸਮੇਂ ਤੱਕ ਭਰੇ ਰਹਿੰਦੇ ਹੋ, ਜੋ ਤੁਹਾਨੂੰ ਘੱਟ ਖਾਣ ਵਿੱਚ ਮਦਦ ਕਰਦਾ ਹੈ।

ਕੱਦੂ ਦਾ ਜੂਸ ਸਰੀਰ ਦੇ ਮੈਟਾਬੋਲਿਜ਼ਮ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ, ਜੋ ਬਦਲੇ ਵਿੱਚ ਚਰਬੀ ਨੂੰ ਤੇਜ਼ੀ ਨਾਲ ਸਾੜਨ ਵਿੱਚ ਮਦਦ ਕਰਦਾ ਹੈ। ਇਹ ਜੂਸ ਢਿੱਡ ਦੇ ਆਲੇ ਦੁਆਲੇ ਇਕੱਠੀ ਹੋਈ ਚਰਬੀ ਨੂੰ ਘਟਾਉਣ ਵਿੱਚ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਹੈ। ਇਸ ਜੂਸ ਨੂੰ ਰੋਜ਼ਾਨਾ ਪੀਣ ਨਾਲ ਵਾਧੂ ਚਰਬੀ ਹੌਲੀ-ਹੌਲੀ ਘੱਟ ਜਾਵੇਗੀ, ਅਤੇ ਤੁਸੀਂ 15 ਦਿਨਾਂ ਦੇ ਅੰਦਰ ਫਰਕ ਵੇਖੋਗੇ।

**ਚਿਹਰੇ 'ਤੇ ਬੇਦਾਗ ਚਮਕ**

ਇਸ ਜੂਸ ਨਾਲ ਸਿਰਫ਼ ਸਿਹਤ ਲਈ ਸਗੋਂ ਚਮੜੀ ਲਈ ਵੀ ਚੰਗਾ ਹੈ, ਕਿਉਂਕਿ ਚਮੜੀ ਦੀ ਸਿਹਤ ਸਾਡੀ ਅੰਦਰੂਨੀ ਸਿਹਤ ਨੂੰ ਦਰਸਾਉਂਦੀ ਹੈ। ਕੱਦੂ ਦਾ ਜੂਸ ਤੁਹਾਡੀ ਚਮੜੀ 'ਤੇ ਵੀ ਸਕਾਰਾਤਮਕ ਪ੍ਰਭਾਵ ਪਾਉਂਦਾ ਹੈ। ਕੱਦੂ ਵਿੱਚ 90 ਪ੍ਰਤੀਸ਼ਤ ਤੋਂ ਵੱਧ ਪਾਣੀ ਹੁੰਦਾ ਹੈ। ਇਸਦਾ ਜੂਸ ਖਾਲੀ ਪੇਟ ਪੀਣ ਨਾਲ ਡੀਹਾਈਡਰੇਸ਼ਨ ਨੂੰ ਰੋਕਿਆ ਜਾਂਦਾ ਹੈ। ਢੁਕਵੀਂ ਹਾਈਡਰੇਸ਼ਨ ਚਮੜੀ ਦੀ ਲਚਕਤਾ ਅਤੇ ਸਿਹਤਮੰਦ ਦਿੱਖ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ। ਜਦੋਂ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਂਦੇ ਹਨ ਅਤੇ ਪਾਚਨ ਕਿਰਿਆ ਵਿੱਚ ਸੁਧਾਰ ਹੁੰਦਾ ਹੈ, ਤਾਂ ਇਸਦਾ ਪ੍ਰਭਾਵ ਸਿੱਧਾ ਤੁਹਾਡੀ ਚਮੜੀ 'ਤੇ ਦਿਖਾਈ ਦਿੰਦਾ ਹੈ। ਇਹ ਜੂਸ ਚਮੜੀ ਨੂੰ ਅੰਦਰੋਂ ਸਾਫ਼ ਕਰਦਾ ਹੈ ਜਿਸ ਨਾਲ ਇਹ ਚਮਕਦਾਰ ਹੋ ਜਾਂਦੀ ਹੈ। ਇਹ ਮੁਹਾਸਿਆਂ ਤੇ ਹੋਰ ਚਮੜੀ ਦੀਆਂ ਸਮੱਸਿਆਵਾਂ ਨੂੰ ਘਟਾਉਣ ਵਿੱਚ ਵੀ ਮਦਦ ਕਰਦਾ ਹੈ। ਇਸ ਵਿੱਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਫ੍ਰੀ ਰੈਡੀਕਲਸ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ ਜੋ ਬੁਢਾਪੇ ਦੇ ਸੰਕੇਤਾਂ ਨੂੰ ਹੌਲੀ ਕਰਨ ਅਤੇ ਜਵਾਨ ਚਮੜੀ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ।

**ਲੌਕੀ ਦਾ ਜੂਸ ਬਣਾਉਂਦੇ ਸਮੇਂ ਇਨ੍ਹਾਂ ਗੱਲਾਂ ਦਾ ਧਿਆਨ ਰੱਖੋ:**

* ਹਮੇਸ਼ਾ ਤਾਜ਼ੀ ਲੌਕੀ ਦੀ ਵਰਤੋਂ ਕਰੋ।
* ਲੌਕੀ ਨੂੰ ਕੱਟਣ ਤੋਂ ਪਹਿਲਾਂ ਇਸਨੂੰ ਜ਼ਰੂਰ ਚੈੱਕ ਕਰੋ। ਜੇਕਰ ਇਸਦਾ ਸੁਆਦ ਕੌੜਾ ਹੈ, ਤਾਂ ਜੂਸ ਨਾ ਪੀਓ ਕਿਉਂਕਿ ਇਸ ਜੂਸ ਵਿੱਚ ਕੁਝ ਨੁਕਸਾਨਦੇਹ ਮਿਸ਼ਰਣ ਹੁੰਦੇ ਹਨ।
* ਜੂਸ ਵਿੱਚ ਨਮਕ, ਖੰਡ ਜਾਂ ਜ਼ਿਆਦਾ ਮਸਾਲੇ ਨਾ ਪਾਓ। ਤੁਸੀਂ ਸੁਆਦ ਲਈ ਥੋੜ੍ਹਾ ਜਿਹਾ ਅਦਰਕ, ਪੁਦੀਨਾ ਜਾਂ ਨਿੰਬੂ ਦਾ ਰਸ ਪਾ ਸਕਦੇ ਹੋ।
* ਸਵੇਰੇ ਖਾਲੀ ਪੇਟ ਜੂਸ ਪੀਣਾ ਸਭ ਤੋਂ ਵਧੀਆ ਹੈ।
* ਜੇਕਰ ਤੁਹਾਨੂੰ ਕੋਈ ਸਿਹਤ ਸੰਬੰਧੀ ਚਿੰਤਾਵਾਂ ਹਨ, ਤਾਂ ਕੋਈ ਵੀ ਨਵੀਂ ਖੁਰਾਕ ਯੋਜਨਾ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਜਾਂ ਡਾਇਟੀਸ਼ੀਅਨ ਨਾਲ ਸਲਾਹ ਕਰੋ।

**ਜੂਸ ਦੇ ਹੋਰ ਫਾਇਦੇ**

ਲੌਕੀ ਵਿੱਚ ਪੋਟਾਸ਼ੀਅਮ ਹੁੰਦਾ ਹੈ, ਜੋ ਬਲੱਡ ਪ੍ਰੈਸ਼ਰ ਨੂੰ ਨਿਯੰਤ੍ਰਿਤ ਕਰਨ ਵਿੱਚ ਮਦਦ ਕਰਦਾ ਹੈ। ਲੌਕੀ ਵਿੱਚ ਕੁਝ ਮਿਸ਼ਰਣ ਹੁੰਦੇ ਹਨ ਜੋ ਤਣਾਅ ਅਤੇ ਚਿੰਤਾ ਨੂੰ ਘਟਾਉਂਦੇ ਹਨ। ਇਹ UTIs ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਇਹ ਲਿਵਰ ਨੂੰ ਡੀਟੌਕਸੀਫਾਈ ਕਰਦਾ ਹੈ।

# ਕਈ ਬਿਮਾਰੀਆਂ ਪੈਦਾ ਕਰਦਾ ਹੈ ਮੂੰਹ ’ਚ ਮੌਜੂਦ ਬੈਕਟੀਰੀਆ

ਇਕ ਅਧਿਐਨ ’ਚ ਸਾਹਮਣੇ ਆਇਆ ਹੈ ਕਿ ਮੂੰਹ ’ਚ ਮੌਜੂਦ ਬੈਕ-ਟੀਰੀਆ ਸਟ੍ਰੈਪਟੋਕੋਕਸ ਮਿਊਟਨਸ ਅੰਤੜੀਆਂ ’ਚ ਪਹੁੰਚ ਕੇ ਦਿਮਾਗ਼ ਦੇ ਨਿਊਰਾਨਸ ਨੂੰ ਪ੍ਰਭਾਵਿਤ ਕਰ ਸਕਦਾ ਹੈ ਤੇ ਪਾਰਕਿਨਸਨ ਬਿਮਾਰੀ ਨੂੰ ਟ੍ਰਿਗਰ ਕਰ ਸਕਦਾ ਹੈ। ਦੱਖਣੀ ਕੋਰੀਆ ਦੀ ਪੋਹਾਂਗ ਵਿਗਿਆਨ ਤੇ ਤਕਨੀਕੀ ਯੂਨੀਵਰਸਿਟੀ ਦੇ ਖੋਜੀਆਂ ਨੇ ਉਸ ਤੰਤਰ ਦੀ ਪਛਾਣ ਕੀਤੀ ਹੈ, ਜਿਸ ਰਾਹੀਂ ਅੰਤੜੀ ’ਚ ਮੂੰਹ ਦੇ ਬੈਕਟੀਰੀਆ ਵੱਲੋਂ ਪੈਦਾ ਮੈਟਾਬੋਲਾਈਟਸ ਪਾਰਕਿਨਸਨ ਬਿਮਾਰੀ ਦੇ ਵਿਕਾਸ ਨੂੰ ਵਧਾਉਂਦੇ ਹਨ। ਪ੍ਰੋਫੈਸਰ ਆਰਾ ਕੋਹ ਨੇ ਕਿਹਾ ਕਿ ਸਿੱਟੇ ਅੰਤੜੀ ਦੇ ਮਾਈਕ੍ਰੋਬਾਇਓਟਾ ਨੂੰ ਮਿੱਥਣ ਦੀਆਂ ਸੰਭਾਵਨਾਵਾਂ



ਨੂੰ ਇਕ ਮੈਡੀਕਲ ਰਣਨੀਤੀ ਦੇ ਤੌਰ ’ਤੇ ਉਜਾਗਰ ਕਰਦਾ ਹੈ, ਜੋ ਪਾਰਕਿਨਸਨ ਦੇ ਇਲਾਜ ’ਚ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ। ਇਹ ਸਿੱਟੇ ਜਰਨਲ ਨੇਚਰ ਕਮਿਊਨੀਕੇਸ਼ਨਜ਼ ’ਚ ਪ੍ਰਕਾਸ਼ਿਤ ਕੀਤੇ ਗਏ ਹਨ। ਪਿਛਲੇ ਅਧਿਐਨਾਂ ’ਚ ਇਹ ਦੱਸਿਆ ਗਿਆ ਸੀ ਕਿ ਪਾਰਕਿਨਸਨ ਤੋਂ ਪੀੜਤ ਵਿਅਕਤੀਆਂ ਦੀ ਅੰਤੜੀ ਦਾ ਮਾਈਕ੍ਰੋਬ-ਾਇਓਟਾ ਸਿਹਤਮੰਦ ਵਿਅਕਤੀਆਂ ਤੋਂ ਵੱਖਰਾ ਹੁੰਦਾ ਹੈ ਪਰ ਵਿਲੱਖਣ ਸੂਖਮ ਜੀਵਾਂ ਤੇ ਮੈਟਾਬੋਲਾਈਟਸ ਦੀ ਜਾਣਕਾਰੀ ਸਪੱਸ਼ਟ ਨਹੀਂ ਸੀ।

ਨਵੇਂ ਸਿੱਟਿਆਂ ਨੇ ਪਾਰਕਿਨਸਨ ਦੇ ਮਰੀਜ਼ਾਂ ਦੀ ਅੰਤੜੀ ਮਾਈਕ੍ਰੋਬਾਇਓਮ ’ਚ ਸਟ੍ਰੈਪਟੋਕਾਕਸ ਮਿਊਟਨਸ (ਮੂੰਹ ਦੇ ਬੈਕਟੀਰੀਆ ਜੋ ਦੰਦਾਂ ਦੇ ਸੜਨ ਦਾ ਕਾਰਨ ਬਣਦਾ ਹੈ) ਦੀ ਵਧੀ ਮਾਤਰਾ ਨੂੰ ਦਿਖਾਇਆ। ਅਹਿਮ ਗੱਲ ਇਹ ਹੈ ਕਿ ਐੱਸ. ਮਿਊਟਨਸ ਐਂਜ਼ਾਈਮ ਉਰੋਕੇਨਟ ਰਿਡਕਟੇਜ਼ ਤੇ ਇਸਦੇ ਮੈਟਾਬੋਲਾਈਟ ਇਮ-ਿਡਾਜ਼ੋਲ ਪ੍ਰੋਪੀਯੋਨੇਟ ਦਾ ਉਤਪਾਦਨ ਕਰਦਾ ਹੈ, ਜੋ ਦੋਵਾਂ ਮਰੀਜ਼ਾਂ ਦੀ ਅੰਤੜੀ ਤੇ ਖ਼ੂਨ ’ਚ ਉੱਚ ਪੱਧਰ ’ਤੇ ਮੌਜੂਦ ਸਨ।

ਇਮੀਡਾਜ਼ੋਲ ਪ੍ਰੋਪੀਯੋਨੇਟ ਦਿਮਾਗ਼ ਤੱਕ ਪੁੱਜਣ ਤੇ ਡੋਪਾਮਿਨਰਜਿਕ ਨਿਊਰਾਨਸ ਦੇ ਨੁਕਸਾਨ ’ਚ ਯੋਗਦਾਨ ਕਰਨ ’ਚ ਸਮਰੱਥ ਹੈ। ਖੋਜੀਆਂ ਨੇ ਚੂਹਿਆਂ ਦੇ ਮਾਡਲ ਦੀ ਵਰਤੋਂ ਕੀਤੀ। ਇਸ ਵਿਚ ਅੰਤੜੀ ’ਚ ਐੱਸ. ਮਿਊਟਨਸ ਨੂੰ ਦਾਖ਼ਲ ਕਰਵਾਇਆ ਗਿਆ ਜਾਂ ਈ. ਕੋਲਾਈ ਨੂੰ ਉਰੋਕੇਨਟ ਰਿਡਕਟੇਜ਼ ਐਂਜ਼ਾਈਮ ਰਿਲੀਜ਼ ਕਰਨ ਲਈ ਤਿਆਰ ਕੀਤਾ। ਇਸਦੇ ਸਿੱਟੇ ਵਜੋਂ ਚੂਹਿਆਂ ’ਚ ਖ਼ੂਨ ਤੇ ਦਿਮਾਗ਼ ਦੇ ਸੈੱਲਾਂ ’ਚ ਇਮੀਡਾਜ਼ੋਲ ਪ੍ਰੋਪੀਯੋਨੇਟ ਦੇ ਪੱਧਰ ’ਚ ਵਾਧਾ ਹੋਇਆ, ਨਾਲ ਹੀ ਪਾਰਕਿਨਸਨ ਦੇ ਲੱਛਣ ਦੇਖੇ ਗਏ।

# ਸਰੀਰ 'ਚ ਵੱਧਦੀ ਸੋਜਿਸ਼ ਦੇ ਲੱਛਣਾਂ ਨੂੰ ਨਾ ਕਰੋ ਨਜਰਅੰਦਾਜ਼

ਅਸੀਂ ਅਕਸਰ ਸੱਟ ਜਾਂ ਮੋਚ ਤੋਂ ਬਾਅਦ ਹੋਣ ਵਾਲੀ ਸੋਜਸ਼ ਨੂੰ ਪਛਾਣਦੇ ਹਾਂ, ਜੋ ਦਿਖਾਈ ਦਿੰਦੀ ਹੈ ਅਤੇ ਜਲਦੀ ਠੀਕ ਹੋ ਜਾਂਦੀ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਸੋਜਸ਼ ਸਾਡੇ ਸਰੀਰ ਦੇ ਅੰਦਰ ਵੀ ਵਿਕਸਤ ਹੋ ਸਕਦੀ ਹੈ, ਜੋ ਨਾ ਤਾਂ ਦਿਖਾਈ ਦਿੰਦੀ ਹੈ ਅਤੇ ਨਾ ਹੀ ਮਹਿਸੂਸ ਕੀਤੀ ਜਾਂਦੀ ਹੈ, ਪਰ ਜੇਕਰ ਇਹ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ, ਤਾਂ ਇਹ ਗੰਭੀਰ ਬਿਮਾਰੀ ਦਾ ਮੂਲ ਕਾਰਨ ਬਣ ਸਕਦੀ ਹੈ?

ਇਸਨੂੰ ਪੁਰਾਣੀ ਸੋਜਸ਼ ਕਿਹਾ ਜਾਂਦਾ ਹੈ। ਇਹ ਸਰੀਰ ਦੀ ਇਮਿਊਨ ਸਿਸਟਮ ਦੀ ਇੱਕ ਪ੍ਰਕਿਰਿਆ ਹੈ ਜੋ ਹੌਲੀ-ਹੌਲੀ ਸਰੀਰ ਨੂੰ ਅੰਦਰੋਂ ਨੁਕਸਾਨ ਪਹੁੰਚਾਉਂਦੀ ਹੈ। ਕੁਝ ਲੱਛਣ ਸਰੀਰ ਦੇ ਅੰਦਰ ਸੋਜਸ਼ ਦਾ ਪਤਾ ਲਗਾਉਣ ਵਿੱਚ ਮਦਦ ਕਰ ਸਕਦੇ ਹਨ। ਆਓ ਜਾਣਦੇ ਹਾਂ ਉਹ ਲੱਛਣ ਕੀ ਹਨ।



**ਲਗਾਤਾਰ ਥਕਾਵਟ ਅਤੇ ਊਰਜਾ ਦੀ ਕਮੀ**

ਜੇਕਰ ਤੁਸੀਂ ਕਾਫ਼ੀ ਨੀਂਦ ਲੈਣ ਦੇ ਬਾਵਜੂਦ ਲਗਾਤਾਰ ਥਕਾਵਟ ਅਤੇ ਸੁਸਤ ਮਹਿਸੂਸ ਕਰਦੇ ਹੋ, ਤਾਂ ਇਹ ਸੋਜਸ਼ ਦਾ ਇੱਕ ਮੁੱਖ ਸੰਕੇਤ ਹੋ ਸਕਦਾ ਹੈ। ਜਦੋਂ ਸਰੀਰ ਵਿੱਚ ਸੋਜਸ਼ ਵਧ ਜਾਂਦੀ ਹੈ, ਤਾਂ ਇਮਿਊਨ ਸਿਸਟਮ ਲਗਾਤਾਰ ਸਰਗਰਮ ਰਹਿੰਦਾ ਹੈ, ਕਾਫ਼ੀ ਮਾਤਰਾ ਵਿੱਚ ਊਰਜਾ ਦੀ ਖਪਤ ਕਰਦਾ ਹੈ। ਇਸ ਪ੍ਰਕਿਰਿਆ ਵਿੱਚ ਛੱਡੇ ਗਏ ਰਸਾਇਣ, ਜਿਸਨੂੰ ਸਾਈਟੋਕਾਈਨ ਕਿਹਾ ਜਾਂਦਾ ਹੈ, ਸਿੱਧੇ ਦਿਮਾਗ ਨੂੰ ਪ੍ਰਭਾਵਿਤ ਕਰਦੇ ਹਨ, ਜਿਸ ਨਾਲ ਥਕਾਵਟ, ਸੁਸਤੀ ਅਤੇ ਇਨਸੌਮਨੀਆ ਹੁੰਦਾ ਹੈ। ਇਹ ਥਕਾਵਟ ਆਮ ਆਰਾਮ ਨਾਲ ਦੂਰ ਨਹੀਂ ਹੁੰਦੀ।

**ਪਾਚਨ ਸਮੱਸਿਆਵਾਂ**

ਅੰਤੜੀਆਂ ਦੀ ਸਿਹਤ ਅਤੇ ਸੋਜਸ਼ ਦਾ ਨੇੜਿਓਂ ਸਬੰਧ ਹੈ। ਲਗਾਤਾਰ ਕਬਜ਼, ਗੈਸ, ਬਦਹਜ਼ਮੀ, ਫੁੱਲਣਾ, ਜਾਂ ਪੇਟ ਵਿੱਚ ਦਰਦ ਸਰੀਰ ਵਿੱਚ ਵਧੀ ਹੋਈ ਸੋਜਸ਼ ਨੂੰ ਦਰਸਾ ਸਕਦਾ ਹੈ। ਅੰਤੜੀਆਂ ਵਿੱਚ ਸੋਜਸ਼ ਪੌਸ਼ਟਿਕ ਤੱਤਾਂ ਦੇ ਸਹੀ ਸਮਾਈ ਨੂੰ ਵਿਗਾੜਦੀ ਹੈ ਅਤੇ ਸਰੀਰ ਵਿੱਚ ਜ਼ਹਿਰੀਲੇ ਪਦਾਰਥ ਇਕੱਠੇ ਕਰਨ ਦਾ ਕਾਰਨ ਬਣਦੀ ਹੈ। ਇਹ ਸਥਿਤੀ ਲੀਕੀ ਅੰਤੜੀਆਂ ਦਾ ਕਾਰਨ ਵੀ ਬਣ ਸਕਦੀ ਹੈ, ਜਿੱਥੇ ਅੰਤੜੀਆਂ ਦੀਆਂ ਕੰਧਾਂ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਜ਼ਹਿਰੀਲੇ ਪਦਾਰਥ ਖ਼ੂਨ ਦੇ ਪ੍ਰਵਾਹ ਵਿੱਚ ਘੁਲ ਜਾਂਦੇ ਹਨ, ਜਿਸ ਨਾਲ ਪੂਰੇ ਸਰੀਰ ਵਿੱਚ ਸੋਜਸ਼ ਵਧਦੀ ਹੈ।

**ਚਮੜੀ ਦੀਆਂ ਸਮੱਸਿਆਵਾਂ**

ਤੁਹਾਡੀ ਚਮੜੀ ਤੁਹਾਡੀ ਅੰਦਰੂਨੀ ਸਿਹਤ ਦਾ ਸ਼ੀਸ਼ਾ ਹੈ। ਮੁਹਾਸੇ, ਚੰਬਲ, ਚੰਬਲ, ਧੱਫੜ, ਜਾਂ ਚਮੜੀ ਦੀ ਲਗਾਤਾਰ ਖੁਸ਼ਕੀ ਵੀ ਸਰੀਰ ਦੇ ਅੰਦਰ ਸੋਜਸ਼ ਦੇ ਸੰਕੇਤ ਹੋ ਸਕਦੇ ਹਨ। ਸੋਜਸ਼ ਇਮਿਊਨ ਸਿਸਟਮ ਨੂੰ ਬਹੁਤ ਜ਼ਿਆਦਾ ਸਰਗਰਮ ਕਰਦੀ ਹੈ ਅਤੇ ਚਮੜੀ ਦੀਆਂ ਕਈ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

**ਜੋੜਾਂ ਵਿੱਚ ਦਰਦ ਅਤੇ ਕਠੋਰਤਾ**

ਜੇਕਰ ਤੁਸੀਂ ਬਿਨਾਂ ਕਿਸੇ ਸੱਟ ਜਾਂ ਮੋਚ ਦੇ ਆਪਣੇ ਜੋੜਾਂ ਵਿੱਚ ਲਗਾਤਾਰ ਦਰਦ, ਸੋਜ, ਜਾਂ ਕਠੋਰਤਾ ਦਾ ਅਨੁਭਵ ਕਰਦੇ ਹੋ, ਖਾਸ ਕਰਕੇ ਜਾਗਣ 'ਤੇ, ਤਾਂ ਇਹ ਸੋਜ ਦਾ ਇੱਕ ਮੁੱਖ ਸੰਕੇਤ ਹੈ। ਜਦੋਂ ਸੋਜ ਵਧਦੀ ਹੈ, ਤਾਂ ਇਮਿਊਨ ਸਿਸਟਮ ਗਲਤੀ ਨਾਲ ਜੋੜਾਂ ਦੇ ਟਿਸ਼ੂ 'ਤੇ ਹਮਲਾ ਕਰਦਾ ਹੈ, ਜਿਸ ਨਾਲ ਦਰਦ ਅਤੇ ਕਠੋਰਤਾ ਹੁੰਦੀ ਹੈ। ਇਹ ਰਾਇਮੇਟਾਇਡ ਗਠੀਏ ਵਰਗੀਆਂ ਆਟੋਇਮਿਊਨ ਬਿਮਾਰੀਆਂ ਦਾ ਇੱਕ ਵੱਡਾ ਕਾਰਨ ਹੈ।

**ਭਾਰ ਵਧਣਾ ਅਤੇ ਭਾਰ ਘਟਾਉਣ ਵਿੱਚ ਮੁਸ਼ਕਲ**

ਖੁਰਾਕ ਅਤੇ ਕਸਰਤ ਦੇ ਬਾਵਜੂਦ ਅਚਾਨਕ ਭਾਰ ਵਧਣਾ ਜਾਂ ਭਾਰ ਘਟਾਉਣ ਵਿੱਚ ਅਸਫਲਤਾ ਨੂੰ ਵੀ ਪੁਰਾਣੀ ਸੋਜਸ਼ ਨਾਲ ਜੋੜਿਆ ਜਾ ਸਕਦਾ ਹੈ। ਸੋਜਸ਼ ਸਰੀਰ ਦੇ ਹਾਰਮੋਨਸ, ਖਾਸ ਕਰਕੇ ਇਨਸੁਲਿਨ ਨੂੰ ਪ੍ਰਭਾਵਿਤ ਕਰਦੀ ਹੈ। ਇਨਸੁਲਿਨ ਪ੍ਰਤੀਰੋਧ ਸਰੀਰ ਵਿੱਚ ਚਰਬੀ ਇਕੱਠੀ ਕਰਨ ਦਾ ਕਾਰਨ ਬਣਦਾ ਹੈ, ਖਾਸ ਕਰਕੇ ਪੇਟ ਦੇ ਆਲੇ-ਦੁਆਲੇ, ਜਿਸ ਨਾਲ ਭਾਰ ਘਟਾਉਣਾ ਮੁਸ਼ਕਲ ਹੋ ਜਾਂਦਾ ਹੈ।

ਇਹ ਲੱਛਣ ਸੋਜਸ਼ ਦੇ ਸੰਕੇਤ ਹਨ। ਜੇਕਰ ਤੁਸੀਂ ਲੰਬੇ ਸਮੇਂ ਤੋਂ ਇਹਨਾਂ ਵਿੱਚੋਂ ਕਿਸੇ ਵੀ ਲੱਛਣ ਦਾ ਅਨੁਭਵ ਕਰ ਰਹੇ ਹੋ, ਤਾਂ ਡਾਕਟਰ ਨਾਲ ਸਲਾਹ ਕਰਨਾ ਮਹੱਤਵਪੂਰਨ ਹੈ।

# ਬਰਫੀਲੇ ਮੌਸਮ ਨਾਲ ਜਕੜੇ ਨਾਰਵੇ ਦਾ ਸਿੱਖਿਆ ਤੰਤਰ ਦਿਖਾਉਂਦਾ ਹੈ ਉਮੀਦ

ਪਰਮਜੀਤ ਕੌਰ ਸਰਹਿੰਦ

ਭਾਰਤ ਵਿਚ ਜਦੋਂ ਵਿਦਿਆਰਥੀ ਸਕੂਲ ਤੋਂ ਕਿਸੇ ਕਾਲਜ ਜਾਂ ਯੂਨੀਵਰਸਿਟੀ ’ਚ ਦਾਖ਼ਲਾ ਲੈਂਦੇ ਹਨ ਤਾਂ ਉਹ ਆਪਣੇ ਜੀਵਨ ਵਿਚ ਖ਼ੁਸ਼ੀ ਤੇ ਉਤਸ਼ਾਹ ਭਰਿਆ ਕੋਈ ਅਨੋਖਾ ਬਦਲਾਅ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਮਨਾਂ ਵਿਚ ਚਾਅ ਹੁੰਦਾ ਹੈ। ਮਾਪੇ ਬੱਚਿਆਂ ਦੀ ਕਾਮਯਾਬੀ ਦੇਖਦੇ ਪ੍ਰਸੰਨ ਹੁੰਦੇ ਹਨ। ਮਾਪਿਆਂ ਤੇ ਬੱਚਿਆਂ ਦੀਆਂ ਜਾਗਦੀਆਂ ਅੱਖਾਂ ਵਿਚ ਭਵਿੱਖ ਦੇ ਸੋਹਣੇ ਸੁਪਨੇ ਆ ਵਸਦੇ ਹਨ। ਆਪਣੇ ਜੀਵਨ ਵਿਚ ਰਹਿ ਗਈਆਂ ਅਧੂਰੀਆਂ ਰੀਝਾਂ ਨੂੰ ਮਾਪੇ ਆਪਣੇ ਬੱਚਿਆਂ ਰਾਹੀਂ ਪੂਰੀਆਂ ਕਰਨ ਦੇ ਸੁਪਨੇ ਸਿਰਜਦੇ ਹਨ। ਅੱਜ-ਕੱਲ੍ਹ ਦੀਆਂ ਮਹਿੰਗੀਆਂ ਪੜ੍ਹਾਈਆਂ ਲਈ ਮਾਪੇ ਆਪ ਤੰਗੀਆਂ-ਤੁਰਸ਼ੀਆਂ ਕੱਟ ਕੇ ਵੀ ਔਲਾਦ ਨੂੰ ਉੱਚ ਵਿੱਦਿਆ ਮੁਹੱਈਆ ਕਰਵਾਉਣੀ ਚਾਹੁੰਦੇ ਹਨ। ਕਾਲਜਾਂ-ਯੂਨੀਵਰਸਿਟੀਆਂ ਵਿਚ ਜਿੱਥੇ ਖ਼ੁਸ਼ਨੁਮਾ ਮਾਹੌਲ ਹੁੰਦਾ ਹੈ ਉੱਥੇ ਨਵੇਂ ਵਿਦਿਆਰਥੀਆਂ ਦੇ ਮਨਾਂ ਵਿਚ ਚਿੰਤਾ ਅਤੇ ਡਰ ਵਰਗੀਆਂ ਭਾਵਨਾਵਾਂ ਵੀ ਉਨ੍ਹਾਂ ਨੂੰ ਅੰਦਰਖਾਤੇ ਪਰੇਸ਼ਾਨ ਕਰ ਰਹੀਆਂ ਹੁੰਦੀਆਂ ਹਨ। ਅੱਲ੍ਹੜ ਉਮਰ ਦੇ ਵਿਦਿਆਰਥੀਆਂ ਦੀ ਸੀਨੀਅਰ ਵਿਦਿਆਰਥੀਆਂ ਵੱਲੋਂ ਕੀਤੀ ਜਾਂਦੀ ਰੈਗਿੰਗ ਬਾਰੇ ਸੋਚ ਕੇ ਮਾਪੇ ਖ਼ੌਫ਼ਜ਼ਦਾ ਹੋਏ ਰਹਿੰਦੇ ਹਨ।

ਗੱਲ ਪੰਜਾਬ ਦੇ ਕਾਲਜਾਂ-ਯੂਨੀਵਰਸਿਟੀਆਂ ਦੀ ਕਰੀਏ ਤਾਂ ਸਰਕਾਰ ਜਾਂ ਨਿੱਜੀ ਸੰਸਥਾਵਾਂ ਭਾਵ ਪ੍ਰਬੰਧਕਾਂ ਨੇ ਪਿਛਲੇ ਕੁਝ ਸਮੇਂ ਤੋਂ ਰੈਗਿੰਗ ’ਤੇ ਪਾਬੰਦੀ ਲਗਾਈ ਹੈ ਤੇ ਕਿਸੇ ਨੂੰ ਵੀ ਨਵੇਂ ਵਿਦਿਆਰਥੀਆਂ ਨੂੰ ਤੰਗ ਕਰਨ ਸਬੰਧੀ ਮਿਲੀ ਸ਼ਿਕਾਇਤ ਕਾਰਨ ਸਖ਼ਤ ਸਜ਼ਾ ਦਿੱਤੇ ਜਾਣ ਦਾ ਫ਼ੈਸਲਾ ਲਿਆ ਗਿਆ ਹੈ। ਰੈਗਿੰਗ ਦੇ ਨਾਂ ’ਤੇ ਪਹਿਲਾਂ ਪੁਰਾਣੇ ਵਿਦਿਆਰਥੀਆਂ ਵੱਲੋਂ ਨਵਿਆਂ ਨਾਲ ਬਹੁਤ ਗ਼ਲਤ ਵਰਤਾਰਾ ਅਪਣਾਉਂਦਿਆਂ ਉਨ੍ਹਾਂ ਤੋਂ ਗ਼ਲਤ ਕੰਮ ਕਰਵਾਏ ਜਾਂਦੇ ਸਨ। ਕਈ ਵਾਰ ਤਕਰਾਰ ਕਰਨ ’ਤੇ ਉਨ੍ਹਾਂ ਦੀ ਮਾਰ-ਕੁਟਾਈ ਤੱਕ ਕੀਤੀ ਜਾਂਦੀ ਸੀ।

ਡਰਾਉਣਾ-ਧਮਕਾਉਣਾ ਤਾਂ ਆਮ ਗੱਲ ਸੀ। ਕੁਝ ਅਜਿਹੀਆਂ ਘਟਨਾਵਾਂ ਵੀ ਪੜ੍ਹਨ-ਸੁਣਨ ਵਿਚ ਆਈਆਂ ਜੋ ਵਰਣਨਯੋਗ ਨਹੀਂ ਹਨ। ਪਿਛਲੇ ਕੁਝ ਸਾਲਾਂ ਵਿਚ ਇਕ-ਦੋ ਵਾਰ ਰੈਗਿੰਗ ਦੇ ਸਤਾਏ ਤੇ ਹੀਣ ਭਾਵਨਾ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀ ਕਰਨ ਦੀਆਂ ਦੁਖਦਾਈ ਤੇ ਸ਼ਰਮਨਾਕ ਘਟਨਾਵਾਂ ਵੀ ਸਾਹਮਣੇ ਆਈਆਂ। ਉਸ ਤੋਂ ਬਾਅਦ ਹੀ ਇਸ ਰੈਗਿੰਗ ਨਾਂ ਦੀ ਗੁੰਡਾਗਰਦੀ ਨੂੰ ਠੱਲ੍ਹ ਪਾਈ ਗਈ ਹੈ।

ਯੂਰਪ ਦੇ ਠੰਢੇ ਮੁਲਕ ਨਾਰਵੇ ਵਿਚ ਬੜਾ ਕੁਝ ਨਵਾਂ ਦੇਖਣ, ਸੁਣਨ ਤੇ ਸਿੱਖਣ ਨੂੰ ਮਿਲਦਾ ਹੈ। ਮੈਂ ਆਪਣੇ ਬੱਚਿਆਂ ਕੋਲ ਅਕਸਰ ਇੱਥੇ ਆਉਂਦੀ ਤੇ ਇਨ੍ਹਾਂ ਤੋਂ ਜਾਣਕਾਰੀ ਲੈਂਦੀ ਹਾਂ। ਅਜਿਹੀਆਂ ਜਾਣਕਾਰੀਆਂ ਘੁੰਮਦਿਆਂ-ਫਿਰਦਿਆਂ ਇਕੱਤਰ ਕਰਦੀ ਹਰਫ਼ਾਂ ਵਿਚ ਸਾਂਭ ਲੈਂਦੀ ਹਾਂ। ਕੁਝ ਸਮਾਂ ਪਹਿਲਾਂ ਨਾਰਵੇ, ਇੰਗਲੈਂਡ, ਜਰਮਨੀ, ਡੈਨਮਾਰਕ, ਸਵੀਡਨ ਤੇ ਵੇਲਜ਼ ਆਦਿ ਬਾਰੇ ਮੈਂ ਸਫ਼ਰਨਾਮਾ ‘ਮੁਲਕ-ਮੁਲਕ ਦੀਆਂ ਗੱਲਾਂ’ ਲਿਖਿਆ ਸੀ। ਹੁਣ ਮੇਰੀ ਇਸ ਨਾਰਵੇ ਫੇਰੀ ਦੌਰਾਨ ਜਦੋਂ ਸਾਡੇ ਦੋਹਤੇ ਨੇ ਬੀ-ਆਈ ਯੂਨੀਵਰਸਿਟੀ, ਓਸਲੋ ਵਿਖੇ ਦਾਖ਼ਲਾ ਲਿਆ ਤਾਂ ਬਹੁਤ ਦਿਲਚਸਪ ਗੱਲਾਂ ਸੁਣਨ ਵਿਚ ਆਈਆਂ। ਕਲਾਸਾਂ ਸ਼ੁਰੂ ਹੋਣ ਤੋਂ ਹਫ਼ਤਾ ਪਹਿਲਾਂ ਵਿਦਿਆਰਥੀ ਜਥੇਬੰਦੀ ਆਪਣੇ ਨਵੇਂ ਵਿਦਿਆਰਥੀਆਂ ਲਈ ਇਕ ਹਫ਼ਤੇ ਦਾ ਪ੍ਰੋਗਰਾਮ ਉਲੀਕ ਕੇ ਉਨ੍ਹਾਂ ਨੂੰ ਸੂਚਿਤ ਕਰਦੀ ਹੈ ਕਿ ਇਸ ਦਿਨ-ਤਰੀਕ ਨੂੰ ਅਦਾਰੇ ਵਿਚ ਪਹੁੰਚੋ। ਇਨ੍ਹਾਂ ਦੇ ਗਰੁੱਪ ਬਣਾਏ ਜਾਂਦੇ ਹਨ, ਜਿਨ੍ਹਾਂ ਨੂੰ ਦੋ ਜਾਂ ਤਿੰਨ ਸੀਨੀਅਰ ਵਿਦਿਆਰਥੀ ਯੂਨੀਵਰਸਿਟੀ ਜਾਂ ਪੜ੍ਹਾਈ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਦਿੰਦੇ ਹਨ।



ਉਨ੍ਹਾਂ ਦੇ ਪੁੱਛੇ ਸਵਾਲਾਂ ਦੇ ਜਵਾਬ ਦੇ ਕੇ ਅਪਣੱਤ ਨਾਲ ਪੇਸ਼ ਆਉਂਦੇ ਹਨ। ਪੂਰਾ ਹਫ਼ਤਾ ਇਹ ਗਰੁੱਪ ਦੀ ਰਾਹਨੁਮਾਈ ਕਰਦੇ ਹਨ। ਨਵੇਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਲੋੜ ਦੀਆਂ ਕਿਤਾਬਾਂ ਆਪਣੇ ਕੋਲੋਂ ਘੱਟ ਕੀਮਤ ’ਤੇ ਦਿੰਦੇ ਹਨ, ਜੋ ਆਪ ਪੜ੍ਹ ਕੇ ਦੂਜਿਆਂ ਲਈ ਸਾਂਭੀਆਂ ਹੁੰਦੀਆਂ ਹਨ।

ਯੂਨੀਵਰਸਿਟੀ ਦੀ ਕੰਟੀਨ ਵਿੱਚੋਂ ਵਿਦਿਆਰਥੀਆਂ ਨੂੰ ਵਾਜਬ ਕੀਮਤ ’ਤੇ ਥਰਮਸ ਵਰਗਾ ਇਕ ਕੱਪ ਦਿੱਤਾ ਜਾਂਦਾ ਹੈ ਜਿਸ ਦੀ ਕੀਮਤ ਇੱਥੋਂ ਦੀ ਕਰੰਸੀ ਸੌ ਕਰੋਨੇ ਹੁੰਦੀ ਹੈ ਤੇ ਭਾਰਤੀ ਕਰੰਸੀ ਲਗਪਗ ਇਕ ਹਜ਼ਾਰ ਰੁਪਏ ਬਣਦੀ ਹੈ। ਕੰਟੀਨ ਵਿਚ ਕੌਫ਼ੀ ਦਾ ਕੱਪ ਪੈਂਤੀ ਕਰੋਨੇ ਤੇ ਭਾਰਤੀ ਕਰੰਸੀ ਮੁਤਾਬਕ ਕਰੀਬ ਸਾਢੇ ਤਿੰਨ-ਚਾਰ ਸੌ ਰੁਪਏ ਦਾ ਮਿਲਦਾ ਹੈ। ਜਿਸ ਵਿਦਿਆਰਥੀ ਕੋਲ ਕੰਟੀਨ ਦਾ ਕੱਪ ਹੁੰਦਾ ਹੈ ਉਸ ਨੂੰ ਕੌਫ਼ੀ ਦਾ ਕੱਪ ਸਿਰਫ਼ ਗਿਆਰਾਂ ਕਰੋਨੇ ਭਾਵ ਭਾਰਤੀ ਸੌ-ਇਕ ਦਸ ਕੁ ਰੁਪਏ ਦਾ ਪੈਂਦਾ ਹੈ। ਇਹ ਜਾਣਕਾਰੀ ਵੀ ਗਰੁੱਪ ਵਿੱਚੋਂ ਮਿਲ ਜਾਂਦੀ ਹੈ। ਇਕ ਗਰੁੱਪ ਵਿਚ ਪੰਦਰਾਂ-ਵੀਹ ਮੁੰਡੇ-ਕੁੜੀਆਂ ਦਾ ਟੋਲਾ ਹੁੰਦਾ ਹੈ। ਵੱਡੇ ਅਦਾਰਿਆਂ ਵਿਚ ਪੁਰਾਣੇ ਵਿਦਿਆਰਥੀ ਆਪਣੇ ਸਬੰਧਤ ਗਰੁੱਪ ਨਾਲ ਫੋਨ ਕਰ ਕੇ ਜਾਂ ਈਮੇਲ ਰਾਹੀਂ ਸਲਾਹ ਕਰ ਕੇ ਇਕ ਸੀਨੀਅਰ ਦੇ ਘਰ ਇਕੱਠੇ ਹੁੰਦੇ ਹਨ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿ ਨਵੇਂ ਵਿਦਿਆਰਥੀਆਂ ਨੂੰ ਆਪਣੇਪਣ ਦਾ ਅਹਿਸਾਸ ਕਰਵਾਇਆ ਜਾਵੇ। ਗੋਰਾ ਕਲਚਰ ਅਨੁਸਾਰ ਇਹ ਸਾਰੇ ਇਕੱਠੇ ਹੋ ਕੇ ਖਾਂਦੇ-ਪੀਂਦੇ ਵਿਸ਼ੇਸ਼ ਤੌਰ ’ਤੇ ‘ਪੀਂਦੇ’ ਹਨ। ਸਾਰੇ ਆਪਣੀ ਪਸੰਦੀਦਾ ਵਾਈਨ (ਸ਼ਰਾਬ) ਅਤੇ ਸਨੈਕਸ, ਚਿਪਸ ਵਗੈਰਾ ਨਾਲ ਲੈ ਕੇ ਆਉਂਦੇ ਹਨ। ਇਨ੍ਹਾਂ ਵਿਚ ਕੁੜੀਆਂ ਵੀ ਹੁੰਦੀਆਂ ਹਨ। ਜ਼ਿਕਰਯੋਗ ਹੈ ਕਿ ਸਾਡੇ ਪਰਿਵਾਰ ਵਿਚ ਸ਼ਰਾਬ ਦਾ ਸੇਵਨ ਨਹੀਂ ਕੀਤਾ ਜਾਂਦਾ।

ਅਸੀਂ ਆਪਣੇ ਬੱਚੇ ਨੂੰ ਸਮਝਾ ਦਿੱਤਾ ਸੀ ਕਿ ਕੋਈ ਵੀ ਤੈਨੂੰ ਪੀਣ ਲਈ ਕਹੇ ਤਾਂ ਪ੍ਰੇਮ-ਪਿਆਰ ਨਾਲ ਨਾਂਹ ਕਰ ਦੇਣੀ ਹੈ ਤੇ ਜੇ ਸਿਰਫ਼ ਟੇਸਟ ਕਰਨ ਲਈ ਮਜਬੂਰ ਕਰਨ ਤਾਂ ਉਹ ਵੀ ਨਹੀਂ ਕਰਨੀ। ਆਪਣੇ ਮੁਲਕ ਵਿਚਲੀਆਂ ਰੈਗਿੰਗ ਦੀਆਂ ਮਾੜੀਆਂ ਘਟਨਾਵਾਂ ਕਾਰਨ ਮੈਂ ਆਪਣੇ ਦੋਹਤੇ ਲਈ ਬਹੁਤ ਫ਼ਿਕਰਮੰਦ ਸਾਂ ਪਰ ਇਹ ਜਾਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ ਕਿ ਇਨ੍ਹਾਂ ਵਲਾਇਤੀ ਮੁੰਡਿਆਂ ਨੇ ਸਾਡੇ ਬੱਚੇ ਨੂੰ ਪੀਣ ਲਈ ਮਜਬੂਰ ਨਹੀਂ ਕੀਤਾ। ਇਹ ਆਪਣੇ ਕੋਕ, ‘ਆਈਸ ਟੀ’ (ਠੰਢੀ ਚਾਹ) ਅਤੇ ਸਨੈਕਸ ਵਗੈਰਾ ਖਾ-ਪੀ ਲੈਂਦਾ ਤੇ ਉਨ੍ਹਾਂ ਦਾ ਸਾਥ ਦਿੰਦਾ। ਕਾਰਨ ਇਹ ਵੀ ਹੈ ਕਿ ਇਸ ਨੇ ਪਰਦੇਸ ਵਿਚ ਜੰਮ-ਪਲ਼ ਕੇ ਵੀ ਆਪਣਾ ਸਿੱਖ ਸਰੂਪ ਰੱਖਿਆ ਹੋਇਆ ਹੈ ਅਤੇ ਖ਼ੂਬਸੂਰਤ ਪੱਗ ਬੰਨ੍ਹ ਕੇ ਰੱਖਦਾ ਹੈ। ਸਾਢੇ ਚਾਰ ਸੌ ਵਿਦਿਆਰਥੀਆਂ ਦੀ ਆਪਣੀ ਜਮਾਤ ਵਿਚ ਇਹ ਇਕੱਲਾ ਪੱਗ ਵਾਲਾ ਸਰਦਾਰ ਪੰਜਾਬੀ ਪੁੱਤ ਹੈ। ਪੂਰੀ ਯੂਨੀਵਰਸਿਟੀ ਵਿਚ ਇੱਕਾ-ਦੁੱਕਾ ਪਟਕੇ ਵਾਲੇ ਮੁੰਡੇ ਤਾਂ ਹਨ ਪਰ ਪੱਗ ਵਾਲਾ ਹੋਰ ਕੋਈ ਨਹੀਂ ਹੈ।

ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਸੰਨ 1998 ਤੋਂ 2003 ਦੌਰਾਨ ਇਸ ਬੱਚੇ ਦਾ ਪਿਤਾ ਸਾਡਾ ਦਾਮਾਦ ਵੀ ਇਸੇ ਯੂਨੀਵਰਸਿਟੀ ਦਾ ਇਕੱਲਾ ਪੱਗ ਵਾਲਾ ਸਰਦਾਰ ਵਿਦਿਆਰਥੀ ਰਿਹਾ ਹੈ। ਜਿਸ ਨੇ ਇੱਥੋਂ ਐੱਮਬੀਈ ਅਤੇ ਐੱਮਐੱਸਈ ਦੀਆਂ ਦੋ ਮਾਸਟਰ ਡਿਗਰੀਆਂ ਪ੍ਰਾਪਤ ਕੀਤੀਆਂ। ਹੁਣ ਫਿਰ ਸਰਕਾਰ ਵੱਲੋਂ ਉਸ ਨੂੰ ਟੈਕਸ ਸਬੰਧੀ ਹੋਰ ਉਚੇਰੀ ਵਿੱਦਿਆ ‘ਐਗਜ਼ੈਕਟਿਵ ਮਾਸਟਰ ਇਨ ਡਾਇਰੈਕਟ ਐਂਡ ਇਨਡਾਇਰੈਕਟ ਟੈਕਸਜ਼’ ਹਾਸਲ ਕਰਨ ਲਈ ਉਸੇ ਯੂਨੀਵਰਸਿਟੀ ਵਿਚ ਭੇਜਿਆ ਗਿਆ ਹੈ ਜਿਸ ਦਾ ਖ਼ਰਚਾ ਸਰਕਾਰ ਕਰੇਗੀ।

ਮੌਜੂਦਾ ਸਮੇਂ ਉਹ ਸਰਕਾਰੀ ਟੈਕਸ ਕਮਿਸ਼ਨਰ ਹੈ। ਇਸ ਪੜ੍ਹਾਈ ਲਈ ਉਸ ਨੂੰ ਰੋਜ਼ਾਨਾ ਪੜ੍ਹਨ ਲਈ ਨਹੀਂ ਜਾਣਾ ਪਵੇਗਾ। ਮਹੀਨੇ ਵਿਚ ਕੁਝ ਦਿਨਾਂ ਲਈ ਜਾਣਾ ਹੋਵੇਗਾ। ਇਹ ਸਰਕਾਰਾਂ ਪੜ੍ਹਨ ਵਾਲਿਆਂ ਦੀ ਬਹੁਤ ਮਦਦ ਕਰਦੀਆਂ ਹਨ। ਇਸ ਤਰ੍ਹਾਂ ਉਸ ਦੇ ਕੰਮ ਵਿਚ ਵੀ ਕੋਈ ਦਿੱਕਤ ਨਹੀਂ ਆਵੇਗੀ। ਪੱਗ ਤੇ ਸਿੱਖੀ ਸਰੂਪ ਵਾਲੇ ਸਰਦਾਰ ਪਿਓ-ਪੁੱਤ ਇਕ ਨਾਮੀ ਯੂਨੀਵਰਸਿਟੀ ਵਿਚ ਪੰਜਾਬ ਦੀ ਸ਼ਾਨ ਤੇ ਪਛਾਣ ਨੂੰ ਮਾਣਮੱਤੀ ਬਣਾਉਣਗੇ। ਸਾਡੇ ਮੁਲਕ ਦੀ ਤ੍ਰਾਸਦੀ ਹੈ ਕਿ ਬਹੁਤ ਕਾਬਲ ਵਿਦਿਆਰਥੀ ਫੀਸਾਂ ਨਾ ਦੇ ਸਕਣ ਕਾਰਨ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ। ਸੀਨੀਅਰ ਹਫ਼ਤੇ ਦੇ ਪ੍ਰੋਗਰਾਮਾਂ ਵਿਚ ਕਈ ਵਾਰ ਦੋ-ਤਿੰਨ ਗਰੁੱਪ ਮਿਲ ਕੇ ਵੀ ਖਾਂਦੇ-ਪੀਂਦੇ ਤੇ ਮੌਜ-ਮੇਲਾ ਕਰਦੇ ਹਨ। ਵਿਚਾਰਨਯੋਗ ਗੱਲ ਹੈ ਕਿ ਇਨ੍ਹਾਂ ਨੌਜਵਾਨ ਮੁੰਡੇ-ਕੁੜੀਆਂ ਦੇ ਟੋਲੇ ਸ਼ਰਾਬ ਜਾਂ ਬੀਅਰ ਵਗੈਰਾ ਜ਼ਰੂਰ ਪੀਂਦੇ ਹਨ ਪਰ ਨਾ ਕੋਈ ਲੜਾਈ-ਝਗੜਾ ਕਰਦੇ ਹਨ, ਨਾ ਹੀ ਹੜਦੂੰਗ ਮਚਾਉਂਦੇ ਹਨ। ਇਨ੍ਹਾਂ ਦੇ ਪ੍ਰੋਗਰਾਮ ਕਈ ਵਾਰ ਦੇਰ ਰਾਤ ਤੱਕ ਚੱਲਦੇ ਹਨ।

ਜਦੋਂ ਇਹ ਘਰੋਂ ਬਾਹਰ ਕਿਸੇ ‘ਕੌਨਸਰਟ’ ’ਤੇ ਜਾਂਦੇ ਤਾਂ ਉੱਥੇ ਗਾਉਣ-ਵਜਾਉਣ ਦਾ ਪ੍ਰੋਗਰਾਮ ਦੇਖਦੇ ਹੋਏ ਵੀ ਕੋਈ ਖੱਪਖਾਨਾ ਨਹੀਂ ਕਰਦੇ। ਸਰਕਾਰੀ ਹਦਾਇਤਾਂ ਮੁਤਾਬਕ ਇਹ ਅਨੁਸ਼ਾਸਨ ਵਿਚ ਰਹਿੰਦੇ ਹਨ। ਕੌਨਸਰਟ ਤੋਂ ਬਾਅਦ ਇਹ ਸਾਰੇ ਕਿਸੇ ਪੱਬ-ਬਾਰ ਵਿਚ ਵੀ ਚਲੇ ਜਾਂਦੇ ਹਨ ਜਿੱਥੇ ਇਨ੍ਹਾਂ ਨੂੰ ਰਾਤ ਦੇ ਗਿਆਰਾਂ-ਬਾਰਾਂ ਵੀ ਵੱਜ ਜਾਂਦੇ ਹਨ। ਸਾਡਾ ਦੋਹਤਾ ਕਈ ਵਾਰ ਇਨ੍ਹਾਂ ‘ਪੀਤੀ’ ਵਾਲਿਆਂ ਨੂੰ ਘਰੋਂ-ਘਰੀ ਪਹੁੰਚਾਉਣ ਦੀ ਸੇਵਾ ਵੀ ਨਿਭਾਉਂਦਾ। ਇਸ ਦੇ ਗਰੁੱਪ ਵਿਚ ਇਸ ਦਾ ਇਕ ਪੰਜਾਬੀ ਦੋਸਤ ਵੀ ਸ਼ਾਮਲ ਰਿਹਾ। ਮੌਜੂਦਾ ਸਮੇਂ ਨਾਰਵੇ ਵਿਚ ਲਗਪਗ 24500 ਭਾਰਤੀ ਹਨ ਜੋ ਦੂਜੇ ਮੁਲਕਾਂ ਦੀ ਬਨਿਸਬਤ ਬਹੁਤ ਘੱਟ ਹਨ। ਇਨ੍ਹਾਂ ਵਿਚ ਪੰਜਾਬੀਆਂ ਦੀ ਗਿਣਤੀ ਅੰਦਾਜ਼ਨ ਪੰਜ ਹਜ਼ਾਰ ਹੈ। ਗੁਰਦੁਆਰਾ ਸਾਹਿਬ ਤੋਂ ਇਲਾਵਾ ਛੇਤੀ ਕਿਤਿਆਂ ਕੋਈ ਪੱਗ ਵਾਲਾ ਸਰਦਾਰ ਨਜ਼ਰ ਨਹੀਂ ਆਉਂਦਾ।

ਸੰਨ 2017 ਵਿਚ ਵਰਲਡ ਹੈਪੀਨੈੱਸ ਰਿਪੋਰਟ ਅਨੁਸਾਰ ਨਾਰਵੇ ਦੁਨੀਆ ਦਾ ਸਭ ਤੋਂ ਖ਼ੁਸ਼ਹਾਲ ਮੁਲਕ ਮੰਨਿਆ ਗਿਆ। ਸੰਨ 2025 ਵਿਚ ਇਹ ਸੱਤਵੇਂ ਨੰਬਰ ’ਤੇ ਹੈ। ਕਿਹਾ ਜਾਂਦਾ ਹੈ ‘ਅੱਜ ਦੇ ਬੱਚੇ ਕੱਲ੍ਹ ਦਾ ਭਵਿੱਖ ਜਾਂ ਕੱਲ੍ਹ ਦੇ ਨੇਤਾ’। ਇਨ੍ਹਾਂ ਬੱਚਿਆਂ ਦੇ ਬਚਪਨ ਤੇ ਜਵਾਨੀ ਨੂੰ ਸਹੀ ਦਿਸ਼ਾ ਦੇਣ ਲਈ ਪਰਿਵਾਰ, ਸਰਕਾਰ ਤੇ ਵਿੱਦਿਅਕ ਅਦਾਰਿਆਂ ਦਾ ਯੋਗਦਾਨ ਬਹੁਤ ਅਹਿਮੀਅਤ ਰੱਖਦਾ ਹੈ।






# ਖਤਰਨਾਕ ਜੰਗਾਂ ਜਿੱਤਣ ਵਾਲੇ ਮਿਗ-21 ਲੜਾਕੂ ਜਹਾਜ਼ ਦਾ ਆਖ਼ਰੀ ਸਫ਼ਰ

ਜਦੋਂ ਉਨ੍ਹਾਂ ਨੇ ਪਹਿਲੀ ਵਾਰ ਮਿਗ-21 ਨੂੰ ਪੂਰੀ ਸ਼ਕਤੀ ਨਾਲ ਉਡਾਇਆ ਅਤੇ ਧਰਤੀ ਤੋਂ 20 ਕਿਲੋਮੀਟਰ ਉੱਪਰ ਆਵਾਜ਼ ਦੀ ਦੁੱਗਣੀ ਗਤੀ ਨਾਲ ਉਡਾਇਆ, ਤਾਂ ਇਸ ਨੌਜਵਾਨ ਲੜਾਕੂ ਪਾਇਲਟ ਨੂੰ ਪੂਰੀ ਤਰ੍ਹਾਂ ਭਾਰਹੀਣਤਾ ਦਾ ਅਹਿਸਾਸ ਹੋਇਆ, ਜਿਵੇਂ ਅਸਮਾਨ ਨੇ ਖੁਦ ਉਸ ਨੂੰ ਆਜ਼ਾਦ ਕਰ ਦਿੱਤਾ ਹੋਵੇ। ਏਅਰ ਮਾਰਸ਼ਲ (ਸੇਵਾਮੁਕਤ) ਪ੍ਰਿਥਵੀ ਸਿੰਘ ਬਰਾੜ ਯਾਦ ਕਰਦੇ ਹਨ, "ਮੈਕ 2 'ਤੇ, ਤੁਸੀਂ ਆਪਣੇ ਪੇਟ ਵਿੱਚ ਹਲਕਾਪਨ ਮਹਿਸੂਸ ਕਰ ਸਕਦੇ ਹੋ। ਉਸ ਗਤੀ 'ਤੇ ਮਿਗ-21 ਦੇ ਮੋੜ ਬਹੁਤ ਵੱਡੇ ਹੁੰਦੇ ਹਨ, ਤੇਜ਼ੀ ਨਾਲ ਮੁੜਨ 'ਤੇ ਤੁਸੀਂ ਇੱਕ ਪੂਰਾ ਚੱਕਰ ਕਰਨ ਤੋਂ ਪਹਿਲਾਂ ਕਈ ਕਿਲੋਮੀਟਰ ਤੱਕ ਉੱਡ ਸਕਦੇ ਹੋ।" ਬਰਾੜ 1960 ਵਿੱਚ ਹਵਾਈ ਫੌਜ ਵਿੱਚ ਸ਼ਾਮਲ ਹੋਏ, 1966 ਵਿੱਚ ਸੋਵੀਅਤ ਜੈੱਟ ਵਿੱਚ ਤਬਦੀਲ ਹੋ ਗਏ ਅਤੇ ਅਗਲੇ 26 ਸਾਲਾਂ ਲਈ ਇਸ ਨੂੰ ਉਡਾਇਆ।

ਉਨ੍ਹਾਂ ਨੇ ਮੈਨੂੰ ਦੱਸਿਆ, "ਮੈਨੂੰ ਮਿਗ-21 ਉਡਾਉਣਾ ਓਨਾ ਹੀ ਪਸੰਦ ਸੀ ਜਿੰਨਾ ਇੱਕ ਪੰਛੀ ਅਸਮਾਨ ਨੂੰ ਪਿਆਰ ਕਰਦਾ ਹੈ। ਇਸ ਨੇ ਲੜਾਈ ਵਿੱਚ ਮੇਰੀ ਰੱਖਿਆ ਕੀਤੀ, ਜਦੋਂ ਇੱਕ ਬਾਜ਼ ਇੱਕ ਪੰਛੀ 'ਤੇ ਹਮਲਾ ਕਰਦਾ ਹੈ, ਤਾਂ ਚਲਾਕ ਪੰਛੀ ਭੱਜ ਜਾਂਦਾ ਹੈ। ਇਹੀ ਮਿਗ-21 ਮੇਰੇ ਲਈ ਸੀ।" ਛੇ ਦਹਾਕਿਆਂ ਦੀ ਪ੍ਰਸ਼ੰਸਾ ਅਤੇ ਬਾਅਦ ਵਿੱਚ ਬਦਨਾਮੀ ਤੋਂ ਬਾਅਦ, ਭਾਰਤ ਦਾ ਸਭ ਤੋਂ ਮਸ਼ਹੂਰ ਲੜਾਕੂ ਜਹਾਜ਼ ਆਖ਼ਰਕਾਰ ਸ਼ੁੱਕਰਵਾਰ ਨੂੰ ਆਪਣੀ ਆਖ਼ਰੀ ਉਡਾਣ ਭਰ ਰਿਹਾ ਹੈ। ਆਪਣੇ ਸਿਖ਼ਰ 'ਤੇ ਮਿਗ-21 ਭਾਰਤੀ ਹਵਾਈ ਫੌਜ (ਆਈਏਐੱਫ) ਦੀ ਰੀੜ੍ਹ ਦੀ ਹੱਡੀ ਸੀ, ਜੋ ਇਸ ਦੇ ਲੜਾਕੂ ਬੇੜੇ ਦਾ ਦੋ-ਤਿਹਾਈ ਹਿੱਸਾ ਸੀ। ਇਸ ਨੇ ਆਪਣੇ ਪਾਇਲਟਾਂ ਵਿੱਚ ਡੂੰਘੀ ਵਫ਼ਾਦਾਰੀ ਨੂੰ ਪ੍ਰੇਰਿਤ ਕੀਤਾ ਪਰ ਇਸ ਦੇ ਆਖ਼ਰੀ ਸਾਲਾਂ ਵਿੱਚ ਘਾਤਕ ਹਾਦਸਿਆਂ ਦੀ ਇੱਕ ਲੜੀ ਤੋਂ ਬਾਅਦ ਇਸ ਨੂੰ "ਉੱਡਣ ਵਾਲਾ ਤਾਬੂਤ" ਨਾਮ ਦਾ ਭਿਆਨਕ ਉਪਨਾਮ ਵੀ ਮਿਲਿਆ।

ਸਰਕਾਰੀ ਅੰਕੜਿਆਂ ਦੇ ਅਨੁਸਾਰ, 1966 ਅਤੇ 1980 ਦੇ ਵਿਚਕਾਰ ਭਾਰਤ ਨੇ ਵੱਖ-ਵੱਖ ਮਾਡਲਾਂ ਦੇ 872 ਮਿਗ ਜਹਾਜ਼ ਖਰੀਦੇ। 1971-72 ਅਤੇ ਅਪ੍ਰੈਲ 2012 ਦੇ ਵਿਚਕਾਰ, 482 ਮਿਗ ਹਾਦਸੇ ਦਰਜ ਕੀਤੇ ਗਏ, ਜਿਸ ਦੇ ਨਤੀਜੇ ਵਜੋਂ 171 ਪਾਇਲਟ, 39 ਨਾਗਰਿਕ, ਅੱਠ ਫੌਜੀ ਕਰਮਚਾਰੀ ਅਤੇ ਇੱਕ ਏਅਰਕ੍ਰਿਊ ਦੀ ਮੌਤ "ਮਨੁੱਖੀ ਗ਼ਲਤੀ ਅਤੇ ਤਕਨੀਕੀ ਅਸਫ਼ਲਤਾਵਾਂ" ਕਾਰਨ ਹੋਈ। ਉਦੋਂ ਤੋਂ ਇਹ ਅੰਕੜੇ ਅਧਿਕਾਰਤ ਤੌਰ 'ਤੇ ਅਪਡੇਟ ਨਹੀਂ ਕੀਤੇ ਗਏ ਹਨ। ਭੂ-ਰਾਜਨੀਤਿਕ ਜੋਖ਼ਮ ਸਲਾਹਕਾਰ ਫਰਮ ਯੂਰੇਸ਼ੀਆ ਗਰੁੱਪ ਦੇ ਵਿਸ਼ਲੇਸ਼ਕ ਰਾਹੁਲ ਭਾਟੀਆ ਕਹਿੰਦੇ ਹਨ, "ਮਿਗ-21 ਦੀ ਇੱਕ ਸ਼ਾਨਦਾਰ ਵਿਰਾਸਤ ਰਹੀ ਹੈ। ਇਹ ਲੜਾਕੂ ਜਹਾਜ਼ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਭਾਰਤੀ ਹਵਾਈ ਸੈਨਾ ਦਾ ਮੁੱਖ ਆਧਾਰ ਰਿਹਾ ਹੈ ਅਤੇ 1965 ਦੀ ਪਾਕਿਸਤਾਨ ਜੰਗ ਤੋਂ ਬਾਅਦ ਭਾਰਤ ਦੀਆਂ ਸਾਰੀਆਂ ਜੰਗਾਂ ਵਿੱਚ ਵੱਖ-ਵੱਖ ਭੂਮਿਕਾਵਾਂ ਨਿਭਾਉਂਦਾ ਰਿਹਾ।"

ਉਹ ਅੱਗੇ ਕਹਿੰਦੇ ਹਨ, "ਹਾਲਾਂਕਿ, 2000 ਦੇ ਦਹਾਕੇ ਦੀ ਸ਼ੁਰੂਆਤ ਤੋਂ ਇਹ ਲੜਾਕੂ ਜਹਾਜ਼ ਆਪਣੀ ਉੱਚ ਦੁਰਘਟਨਾ ਦਰ ਲਈ ਵਧੇਰੇ ਜਾਣਿਆ ਜਾਂਦਾ ਹੈ। ਪਾਇਲਟ ਮਿਗ-21 ਨੂੰ ਯਾਦ ਕਰ ਕੇ ਖੁਸ਼ ਹੁੰਦੇ ਹਨ, ਪਰ ਇਹ ਜਹਾਜ਼ ਉਮੀਦ ਤੋਂ ਬਹੁਤ ਜ਼ਿਆਦਾ ਸਮੇਂ ਤੱਕ ਸੇਵਾ ਵਿੱਚ ਰਿਹਾ।" ਸੋਵੀਅਤ ਯੂਨੀਅਨ ਦੁਆਰਾ ਡਿਜ਼ਾਈਨ ਕੀਤਾ ਗਿਆ ਅਤੇ ਪਹਿਲੀ ਵਾਰ 1963 ਵਿੱਚ ਸ਼ਾਮਲ ਕੀਤਾ ਗਿਆ, ਸੂਈ ਵਾਂਗ ਦਿਸਣ ਵਾਲਾ ਮਿਗ-21 ਬਹੁਤ ਪਤਲਾ, ਬਹੁਤ ਚੁਸਤ ਬੇਹੱਦ ਤੇਜ਼ ਅਤੇ ਉੱਚ ਗਤੀ ਨਾਲ ਉਡਾਣ ਭਰ ਸਕਦਾ ਸੀ। ਆਪਣੇ ਸਿਖਰ 'ਤੇ, ਜਹਾਜ਼ ਨੇ ਸੋਵੀਅਤ ਯੂਨੀਅਨ, ਚੀਨ ਅਤੇ ਭਾਰਤ ਤੋਂ ਲੈ ਕੇ ਮਿਸਰ, ਇਰਾਕ ਅਤੇ ਵੀਅਤਨਾਮ ਤੱਕ 50 ਤੋਂ ਵੱਧ ਹਵਾਈ ਸੈਨਾਵਾਂ ਨਾਲ ਉਡਾਣ ਭਰੀ, ਜਿਸ ਨਾਲ ਇਹ ਇਤਿਹਾਸ ਵਿੱਚ ਸਭ ਤੋਂ ਵੱਧ ਸੰਚਾਲਿਤ ਸੁਪਰਸੋਨਿਕ ਜੈੱਟ ਜਹਾਜ਼ਾਂ ਵਿੱਚੋਂ ਇੱਕ ਬਣ



ਗਿਆ। ਭਾਰਤ ਵਿੱਚ ਜਿੱਥੇ ਸਰਕਾਰੀ ਮਾਲਕੀ ਵਾਲੀ ਹਿੰਦੁਸਤਾਨ ਏਅਰੋਨੌਟਿਕਸ ਲਿਮਟਿਡ (ਐੱਚਏਐੱਲ) ਨੇ 1960 ਦੇ ਦਹਾਕੇ ਦੇ ਮੱਧ ਵਿੱਚ ਇਸ ਲਈ ਲਾਇਸੈਂਸ-ਨਿਰਮਾਣ ਸ਼ੁਰੂ ਕੀਤਾ ਸੀ, ਮਿਗ-21 ਭਾਰਤੀ ਹਵਾਈ ਸੈਨਾ ਦੇ ਸਕੁਐਡਰਨ ਦਾ ਇੱਕ ਅਧਾਰ ਬਣ ਗਿਆ, ਜਿਸ ਦੀ ਵੱਖ-ਵੱਖ ਲੜਾਈ ਭੂਮਿਕਾਵਾਂ ਵਿੱਚ ਇਸ ਦੇ ਬਹੁਪੱਖ ਹੁਨਰ ਲਈ ਪ੍ਰਸ਼ੰਸਾ ਕੀਤੀ ਗਈ।

ਪਾਇਲਟਾਂ ਦਾ ਕਹਿਣਾ ਹੈ ਕਿ ਮਿਗ-21 ਦਾ ਕਾਕਪਿਟ ਬਹੁਤਾ ਆਰਾਮਦਾਇਕ ਨਹੀਂ ਸੀ, ਸਿਰਫ਼ ਇੱਕ ਸੀਟ ਅਤੇ ਆਲੇ-ਦੁਆਲੇ ਅਸਮਾਨ ਸੀ। ਏਅਰ ਮਾਰਸ਼ਲ (ਸੇਵਾਮੁਕਤ) ਵਿਨੋਦ ਕੇ। ਭਾਟੀਆ ਯਾਦ ਕਰਦੇ ਹਨ ਕਿ ਰੂਸੀ ਸਰਦੀਆਂ ਲਈ ਤਿਆਰ ਕੀਤਾ ਗਿਆ ਏਅਰ-ਕੰਡੀਸ਼ਨਿੰਗ, ਭਾਰਤ ਦੀ ਤੇਜ਼ ਗਰਮੀਆਂ ਲਈ ਬਹੁਤ ਘੱਟ ਸੀ। ਘੱਟ ਪੱਧਰ 'ਤੇ, ਕਾਕਪਿਟ ਅਕਸਰ ਦਮ ਘੁੱਟਣ ਵਾਲੇ ਹੋ ਜਾਂਦੇ ਸਨ ਅਤੇ ਪਾਇਲਟ ਇੱਕ ਸਿੰਗਲ ਉਡਾਣ ਦੌਰਾਨ ਇੱਕ ਕਿਲੋਗ੍ਰਾਮ ਜਾਂ ਇਸ ਤੋਂ ਵੱਧ ਭਾਰ ਘਟਾ ਸਕਦੇ ਸਨ। ਉਨ੍ਹਾਂ ਨੇ ਮੈਨੂੰ ਦੱਸਿਆ, "ਮੈਂ ਜੋ ਜ਼ਿਆਦਾਤਰ ਉਡਾਣਾਂ ਭਰੀਆਂ ਸਨ ਉਹ ਲਗਭਗ 30 ਮਿੰਟ ਲੰਬੀਆਂ ਸਨ, ਇਸ ਲਈ ਬੇਅਰਾਮੀ ਸਹਿਣਯੋਗ ਸੀ। ਹਾਲਾਂਕਿ, ਅੰਤ ਵਿੱਚ ਇਹ ਸਭ ਖੇਡ ਦਾ ਹਿੱਸਾ ਸੀ ਅਤੇ ਫਿਰ ਵੀ ਮਜ਼ੇਦਾਰ ਸੀ।" ਮੂਲ ਰੂਪ ਵਿੱਚ ਗਤੀ ਅਤੇ ਘੱਟ ਦੂਰੀ ਦੀ ਚੜ੍ਹਾਈ ਲਈ ਤਿਆਰ ਕੀਤਾ ਗਿਆ ਉੱਚ-ਉਚਾਈ ਵਾਲਾ ਇੰਟਰਸੈਪਟਰ ਮਿਗ-21 ਨੂੰ ਘੱਟ ਦੂਰੀ 'ਤੇ ਦੁਸ਼ਮਣ ਤੱਕ ਪਹੁੰਚਣ ਲਈ ਭਾਰਤੀ ਹਵਾਈ ਸੈਨਾ ਦੁਆਰਾ ਨਜ਼ਦੀਕੀ ਲੜਾਈ ਅਤੇ ਜ਼ਮੀਨੀ ਹਮਲਿਆਂ ਲਈ ਤੇਜ਼ੀ ਨਾਲ ਅਨੁਕੂਲ ਬਣਾਇਆ ਗਿਆ ਸੀ। ਪਾਕਿਸਤਾਨ ਨਾਲ 1971 ਦੀ ਜੰਗ ਤੱਕ, ਇਹ ਇੱਕ ਸ਼ਕਤੀਸ਼ਾਲੀ ਬਹੁ-ਭੂਮਿਕਾ ਲੜਾਕੂ ਬਣ ਗਿਆ ਸੀ, ਹਾਲਾਂਕਿ 1965 ਦੀ ਜੰਗ ਵਿੱਚ ਇਹ ਅਜੇ ਵੀ ਨਵਾਂ ਸੀ ਅਤੇ ਮੁੱਖ ਤੌਰ 'ਤੇ ਇੱਕ ਇੰਟਰਸੈਪਟਰ ਸੀ। ਮਿਗ-21 ਨੇ ਰੂਸ ਨਾਲ ਭਾਰਤ ਦੇ ਰੱਖਿਆ ਸਬੰਧਾਂ ਨੂੰ ਵੀ ਆਕਾਰ ਦਿੱਤਾ ਅਤੇ ਇਸਦੇ ਆਪਣੇ ਏਅਰੋਸਪੇਸ ਉਦਯੋਗ ਨੂੰ ਤੇਜ਼ ਕਰਨ ਵਿੱਚ ਮਦਦ ਕੀਤੀ।

ਏਅਰ ਮਾਰਸ਼ਲ ਬਰਾੜ ਕਹਿੰਦੇ ਹਨ, "ਅਸੀਂ ਜਹਾਜ਼ ਨੂੰ ਭਾਰਤੀ ਹਾਲਾਤਾਂ ਦੇ ਅਨੁਸਾਰ ਬਹੁਤ ਵਧੀਆ ਢੰਗ ਨਾਲ ਢਾਲਿਆ। ਹਾਲਾਂਕਿ ਇਸ ਦੀਆਂ ਡਿਜ਼ਾਈਨ ਸੀਮਾਵਾਂ ਸਨ ਅਤੇ ਇਹ ਨਜ਼ਦੀਕੀ ਲੜਾਈ ਲਈ ਤਿਆਰ ਨਹੀਂ ਕੀਤਾ ਗਿਆ ਸੀ।" "ਫਿਰ ਵੀ ਅਸੀਂ ਇਸ ਨੂੰ ਰੂਸੀ ਟੈਸਟ ਪਾਇਲਟਾਂ ਅਤੇ ਮੈਨੂਅਲ ਦੁਆਰਾ ਸਿਖਾਈਆਂ ਗਈਆਂ ਸਮਰੱਥਾਵਾਂ ਤੋਂ ਅੱਗੇ ਵਧਾਇਆ ਅਤੇ ਅਸਲ ਪ੍ਰਭਾਵਸ਼ਾਲੀ ਢੰਗ ਨਾਲ ਨਜ਼ਦੀਕੀ ਲੜਾਈ ਉਡਾਣ ਵਿੱਚ ਮੁਹਾਰਤ ਹਾਸਲ ਕੀਤੀ।" ਇਹ ਅਨੁਕੂਲਤਾ 1971 ਦੀ ਜੰਗ ਵਿੱਚ ਇਸ ਦੀ ਭੂਮਿਕਾ ਨੂੰ ਪਰਿਭਾਸ਼ਿਤ ਕਰਨ ਲੱਗੀ।

ਮਿਗ-21 ਨੇ ਪਾਕਿਸਤਾਨੀ ਖੇਤਰ ਵਿੱਚ ਡੂੰਘਾਈ ਨਾਲ ਘੱਟ-ਉਚਾਈ ਵਾਲੇ ਰਾਤ ਦੇ ਹਮਲੇ ਕੀਤੇ। ਮਿਗ-21 ਦੇ ਇੱਕ ਸਮੂਹ ਨੇ ਢਾਕਾ ਵਿੱਚ ਗਵਰਨਰ ਹਾਊਸ 'ਤੇ ਹਮਲਾ ਕੀਤਾ, ਇਸ ਦੇ ਛੱਤ ਵਾਲੇ ਵੈਂਟੀਲੇਟਰਾਂ ਰਾਹੀਂ ਰਾਕੇਟ ਦਾਗ਼ੇ।

ਏਅਰ ਮਾਰਸ਼ਲ ਬਰਾੜ ਕਹਿੰਦੇ ਹਨ, "ਹਰੇਕ ਜਹਾਜ਼ ਵਿੱਚ ਦੋ 500 ਕਿਲੋਗ੍ਰਾਮ ਦੇ ਬੰਬ ਸਨ ਅਤੇ ਮੈਂ ਤਿੰਨ ਜਾਂ ਚਾਰ ਅਜਿਹੇ ਮਿਸ਼ਨ ਉਡਾਏ। ਅੰਮ੍ਰਿਤਸਰ ਤੋਂ ਉਡਾਣ ਭਰਦੇ ਹੋਏ ਅਸੀਂ 35 ਮਿੰਟਾਂ ਦੇ ਅੰਦਰ ਪਾਕਿਸਤਾਨ ਦੇ ਅੰਦਰ ਸੀ, 250 ਕਿਲੋਮੀਟਰ ਅੰਦਰ ਆਪਣੇ ਨਿਸ਼ਾਨਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਰਾਜਸਥਾਨ ਰਾਹੀਂ ਵਾਪਸ ਦੌੜੇ, ਜੋ ਕਿ ਸਭ ਤੋਂ ਛੋਟਾ ਰਸਤਾ ਸੀ।" ਏਅਰ ਮਾਰਸ਼ਲ ਭਾਟੀਆ ਦੇ ਅਨੁਸਾਰ, ਹਰੇਕ ਲੜਾਕੂ ਜਹਾਜ਼ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਅਤੇ ਮਿਗ-21 ਵੀ ਕੋਈ ਅਪਵਾਦ ਨਹੀਂ ਸੀ। ਤੇਜ਼-ਰਫ਼ਤਾਰ ਨਾਲ ਉਤਰਨਾ ਅਤੇ ਇੱਥੋਂ ਤੱਕ ਕਿ ਤੇਜ਼-ਰਫ਼ਤਾਰ ਨਾਲ ਰੁਕਣਾ ਵੀ ਇਸ ਦੇ ਚਰਿੱਤਰ ਦਾ ਹਿੱਸਾ ਸੀ। ਉਹ ਆਖਦੇ ਹਨ, "ਇਸ ਵਿੱਚ ਮੁਹਾਰਤ ਹਾਸਲ ਕਰੋ, ਇਸ ਦਾ ਸਤਿਕਾਰ ਕਰੋ ਅਤੇ ਇਹ ਉੱਡਣ ਲਈ ਇੱਕ ਸੋਹਣਾ ਜਹਾਜ਼ ਸੀ।" ਜਿਨ੍ਹਾਂ ਪਾਇਲਟਾਂ ਨੇ ਇਸ ਨੂੰ ਉਡਾਇਆ ਸੀ, ਉਨ੍ਹਾਂ ਲਈ ਬਾਅਦ ਦੇ ਸਾਲਾਂ ਵਿੱਚ ਮਿਗ-21 ਦੀ ਖ਼ਰਾਬ ਹੋਈ ਸਾਖ ਅਣਉਚਿਤ ਸੀ। ਇੱਕ ਪਾਇਲਟ ਨੇ ਕਿਹਾ, "ਮੀਡੀਆ ਇਸ ਜਹਾਜ਼ ਪ੍ਰਤੀ ਬਹੁਤ ਬੇਰਹਿਮ ਰੁਖ਼ ਅਪਨਾਇਆ ਸੀ।" ਰੱਖਿਆ ਵਿਸ਼ਲੇਸ਼ਕ ਰਾਹੁਲ ਬੇਦੀ ਕਹਿੰਦੇ ਹਨ, "ਮਿਗ-21 ਦੇ ਆਲੇ-ਦੁਆਲੇ ਬਹੁਤ ਸਾਰੀਆਂ ਅਣਉਚਿਤ ਯਾਦਾਂ ਹਨ ਕਿਉਂਕਿ ਇਹ ਬਹੁਤ ਸਾਰੀਆਂ ਮੌਤਾਂ ਲਈ ਜ਼ਿੰਮੇਵਾਰ ਸੀ।" ਬਹੁਤ ਸਾਰੇ ਲੋਕ ਅਕਸਰ ਹਾਦਸਿਆਂ ਦਾ ਕਾਰਨ ਇਸ ਦੇ ਪੁਰਾਣੇ ਏਅਰਫ੍ਰੇਮ ਅਤੇ ਲੰਬੇ ਰੱਖ-ਰਖਾਅ ਚੱਕਰ ਨੂੰ ਮੰਨਦੇ ਹਨ। ਬੇਦੀ ਕਹਿੰਦੇ ਹਨ, "ਮਿਗ-21 ਦੀ ਸਭ ਤੋਂ ਵੱਡੀ ਚੁਣੌਤੀ ਇਸ ਦਾ ਇੰਜਣ ਅਤੇ ਉੱਚ ਲੈਂਡਿੰਗ ਸਪੀਡ ਸੀ, ਜਿਸ ਕਾਰਨ ਛੋਟੇ ਰਨਵੇਅ 'ਤੇ ਲੈਂਡਿੰਗ ਮੁਸ਼ਕਲ ਹੋ ਗਈ ਅਤੇ ਕਈ ਹਾਦਸੇ ਹੋਏ, ਜਿਸ ਲਈ ਅਕਸਰ ਪਾਇਲਟ ਦੀ ਗ਼ਲਤੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ।" "ਲੜਾਕੂ ਜਹਾਜ਼ ਨੂੰ ਰਿਟਾਇਰ ਕਰਨ ਦੀਆਂ ਕੋਸ਼ਿਸ਼ਾਂ ਵਾਰ-ਵਾਰ ਅਕੁਸ਼ਲਤਾ ਅਤੇ ਨੌਕਰਸ਼ਾਹੀ ਦੀ ਜੜ੍ਹਤਾ ਕਾਰਨ ਰੁਕੀਆਂ ਰਹੀਆਂ।"

### ਅਸਮਾਨ ਦਾ ਸਾਥੀ

ਹਵਾਈ ਸੈਨਾ ਨੂੰ ਮਿਗ-21 ਦੀ ਸੇਵਾ ਜੀਵਨ ਨੂੰ ਵਧਾਉਣਾ ਪਿਆ ਕਿਉਂਕਿ ਬਦਲਵੇਂ ਜਹਾਜ਼ ਉਪਲਬਧ ਨਹੀਂ ਸਨ। ਇਸ ਦੇ ਬਦਲੇ ਆਉਣ ਵਾਲੇ ਲੜਾਕੂ ਜਹਾਜ਼ ਦੀ ਕਲਪਨਾ 1981 ਵਿੱਚ ਕੀਤੀ ਗਈ ਸੀ, ਜਿਸ ਨੇ ਪਹਿਲੀ ਵਾਰ 2001 ਵਿੱਚ ਉਡਾਣ ਭਰੀ ਸੀ ਅਤੇ ਹੁਣ ਦਹਾਕਿਆਂ ਬਾਅਦ, ਸਿਰਫ਼ ਦੋ ਸਕੁਐਡਰਨ ਕਾਰਜਸ਼ੀਲ ਹਨ। ਆਪਣੇ ਆਖ਼ਰੀ ਦੋ ਮਿਗ-21 ਸਕੁਐਡਰਨ ਦੀ ਸੇਵਾਮੁਕਤੀ ਦੇ ਨਾਲ ਭਾਰਤ ਕੋਲ ਹੁਣ ਮਨਜ਼ੂਰਸ਼ੁਦਾ 42 ਲੜਾਕੂ ਯੂਨਿਟਾਂ ਦੇ ਮੁਕਾਬਲੇ 29 ਯੂਨਿਟ ਹੋਣਗੀਆਂ। ਫਿਰ ਵੀ, ਜਿਨ੍ਹਾਂ ਪਾਇਲਟਾਂ ਨੇ ਇਸ ਨੂੰ ਉਡਾਇਆ ਸੀ, ਉਨ੍ਹਾਂ ਲਈ ਮਿਗ-21 ਕਦੇ ਵੀ ਸਿਰਫ਼ ਇੱਕ ਮਸ਼ੀਨ ਨਹੀਂ ਸੀ ਬਲਕਿ ਇਹ ਅਸਮਾਨ ਵਿੱਚ ਇੱਕ ਸਾਥੀ ਸੀ। ਏਅਰ ਮਾਰਸ਼ਲ ਬਰਾੜ ਨੇ ਜੁਲਾਈ 2000 ਵਿੱਚ ਆਪਣੀ ਸੇਵਾਮੁਕਤੀ ਤੋਂ ਠੀਕ ਤੋਂ ਦਿਨ ਪਹਿਲਾਂ ਉੱਤਰੀ ਸ਼ਹਿਰ ਚੰਡੀਗੜ੍ਹ ਤੋਂ ਆਪਣੀ ਆਖ਼ਰੀ ਉਡਾਣ ਭਰਦੇ ਹੋਏ ਇਸ ਰਿਸ਼ਤੇ ਨੂੰ ਪ੍ਰਤੱਖ ਤੌਰ 'ਤੇ ਮਹਿਸੂਸ ਕੀਤਾ ਸੀ। ਉਨ੍ਹਾਂ ਨੇ ਕਿਹਾ, "ਮੈਂ ਇੱਕ ਵਾਰ ਫਿਰ ਅਸਮਾਨ ਵਿੱਚ ਸੀ, ਮੰਨੋ ਜਿਵੇਂ ਕੋਈ ਪੰਛੀ ਆਖ਼ਰੀ ਵਾਰ ਉਡਾਣ ਭਰ ਰਿਹਾ ਹੋਵੇ। ਜਦੋਂ ਮੈਂ ਉੱਤਰਿਆ ਅਤੇ ਕਾਕਪਿਟ ਤੋਂ ਨਿਕਲਿਆ ਤਾਂ ਮੈਨੂੰ ਪੂਰੀ ਤਰ੍ਹਾਂ ਸੰਤੁਸ਼ਟੀ ਦਾ ਅਹਿਸਾਸ ਹੋਇਆ।"

# ਸਾਨੂੰ ਆਪਣੇ ਬਚਪਨ ਦੀਆਂ ਗੱਲਾਂ ਯਾਦ ਕਿਉਂ ਨਹੀਂ ਰਹਿੰਦੀਆਂ



ਤੰਤੂ ਵਿਗਿਆਨੀ ਅਤੇ ਮਨੋਵਿਗਿਆਨੀ ਦਹਾਕਿਆਂ ਤੋਂ ਇਸ ਸਵਾਲ ਨਾਲ ਜੂਝ ਰਹੇ ਹਨ। ਬਚਪਨ ਦੀਆਂ ਘਟਨਾਵਾਂ ਨੂੰ ਯਾਦ ਨਾ ਰੱਖ ਸਕਣ ਨੂੰ ਇਨਫੈਂਟਾਈਲ ਐਮਨੇਸ਼ੀਆ ਕਹਿੰਦੇ ਹਨ। ਇਸ ਸਥਿਤੀ ਦੀ ਵਿਆਖਿਆ ਕਰਨ ਲਈ ਕਈ ਸਿਧਾਂਤ ਲੰਬੇ ਸਮੇਂ ਤੋਂ ਦੱਸੇ ਜਾ ਰਹੇ ਸਨ। ਅਮਰੀਕਾ ਦੀ ਯੇਲ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਅਤੇ ਨਿਊਰੋਸਰਜਰੀ ਦੇ ਪ੍ਰੋਫੈਸਰ ਨਿੱਕ ਟਰਕ-ਬ੍ਰਾਊਨ ਕਹਿੰਦੇ ਹਨ ਕਿ ਅਸਲ ਬਹਿਸ ਦੋ ਮੁੱਖ ਸਵਾਲਾਂ ਦੇ ਦੁਆਲੇ ਘੁੰਮਦੀ ਹੈ। ਕੀ ਅਸੀਂ ਬਚਪਨ ਵਿੱਚ ਯਾਦਾਂ ਬਣਾਉਂਦੇ ਹਾਂ ਅਤੇ ਫਿਰ ਭੁੱਲ ਜਾਂਦੇ ਹਾਂ, ਜਾਂ ਕੀ ਅਸੀਂ ਵੱਡੇ ਹੋਣ ਤੱਕ ਕੋਈ ਯਾਦਾਂ ਨਹੀਂ ਬਣਾਉਂਦੇ?

ਪ੍ਰੋਫੈਸਰ ਟਰਰਕ-ਬ੍ਰਾਊਨ ਮੁਤਾਬਕ, ਪਿਛਲੇ ਦਹਾਕੇ ਤੋਂ ਖੋਜਕਰਤਾਵਾਂ ਦਾ ਮੰਨਣਾ ਸੀ ਕਿ ਬੱਚੇ ਯਾਦਾਂ ਨਹੀਂ ਬਣਾਉਂਦੇ। ਕੁਝ ਵਿਗਿਆਨੀਆਂ ਨੇ ਦਲੀਲ ਦਿੱਤੀ ਕਿ ਉਨ੍ਹਾਂ ਕੋਲ ਨਾ ਤਾਂ ਸਵੈ-ਪਛਾਣ ਦੀ ਪੂਰੀ ਭਾਵਨਾ ਹੁੰਦੀ ਹੈ ਅਤੇ ਨਾ ਹੀ ਬੋਲਣ ਦੀ ਯੋਗਤਾ ਹੁੰਦੀ ਹੈ। ਇੱਕ ਸਿਧਾਂਤ ਇਹ ਹੈ ਕਿ ਅਸੀਂ ਚਾਰ ਸਾਲ ਦੀ ਉਮਰ ਤੱਕ ਯਾਦਾਂ ਨਹੀਂ ਬਣਾਉਂਦੇ ਕਿਉਂਕਿ ਹਿਪੋਕੈਂਪਸ, ਦਿਮਾਗ ਦਾ ਉਹ ਹਿੱਸਾ ਜੋ ਯਾਦਾਂ ਬਣਾਉਂਦਾ ਹੈ, ਉਦੋਂ ਤੱਕ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਇਆ ਹੁੰਦਾ। ਪ੍ਰੋਫੈਸਰ ਟਰਕ-ਬ੍ਰਾਊਨ ਕਹਿੰਦੇ ਹਨ, "ਬਚਪਨ ਦੌਰਾਨ ਹਿਪੋਕੈਂਪਸ ਆਕਾਰ ਵਿੱਚ ਤੇਜ਼ੀ ਨਾਲ ਵਧਦਾ ਹੈ। ਸ਼ੁਰੂਆਤੀ ਅਨੁਭਵਾਂ ਨੂੰ ਯਾਦ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਉਸ ਸਮੇਂ ਜ਼ਰੂਰੀ ਨਿਊਰਲ ਸਰਕਟ ਮੌਜੂਦ ਨਹੀਂ ਹੁੰਦੇ।"

### ਬੱਚੇ ਦੇ ਦਿਮਾਗ ਦੀ ਇਮੇਜਿੰਗ

ਪਰ ਇਸ ਸਾਲ ਦੇ ਸ਼ੁਰੂ ਵਿੱਚ ਪ੍ਰੋਫੈਸਰ ਟਰਕ-ਬ੍ਰਾਊਨ ਵੱਲੋਂ ਕੀਤੇ ਗਏ ਇੱਕ ਅਧਿਐਨ ਨੇ ਵੱਖਰੇ ਨਤੀਜੇ ਪੇਸ਼ ਕੀਤੇ ਹਨ। ਇਸ ਵਿੱਚ 4 ਮਹੀਨੇ ਤੋਂ 2 ਸਾਲ ਦੀ ਉਮਰ ਦੇ 26 ਬੱਚਿਆਂ ਨੂੰ ਕਈ ਤਸਵੀਰਾਂ ਦਿਖਾਈਆਂ ਗਈਆਂ ਅਤੇ ਨਾਲ ਹੀ ਹਿਪੋਕੈਂਪਸ ਦੀ ਗਤੀਵਿਧੀ ਨੂੰ ਦੇਖਣ ਲਈ ਉਨ੍ਹਾਂ ਦੇ ਦਿਮਾਗ ਨੂੰ ਸਕੈਨ ਕੀਤਾ ਗਿਆ। ਇਸ ਤੋਂ ਬਾਅਦ ਇਨ੍ਹਾਂ ਬੱਚਿਆਂ ਨੂੰ ਇੱਕ ਪੁਰਾਣੀ ਅਤੇ ਇੱਕ ਨਵੀਂ ਤਸਵੀਰ ਦਿਖਾਈ ਗਈ। ਖੋਜਕਰਤਾਵਾਂ ਨੇ ਬੱਚਿਆਂ ਦੀਆਂ ਅੱਖਾਂ ਦੀਆਂ ਹਰਕਤਾਂ ਨੂੰ ਦੇਖਿਆ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਉਹ ਕਿਹੜੀ ਤਸਵੀਰ ਨੂੰ ਜ਼ਿਆਦਾ ਦੇਰ ਤੱਕ ਦੇਖਦੇ ਹਨ। ਜੇਕਰ ਬੱਚਾ ਪੁਰਾਣੀ ਫ਼ੋਟੋ ਨੂੰ ਜ਼ਿਆਦਾ ਦੇਰ ਤੱਕ ਦੇਖਦਾ ਰਹਿੰਦਾ ਸੀ, ਤਾਂ ਇਹ ਇਸ ਗੱਲ ਦਾ ਸਬੂਤ ਮੰਨਿਆ ਜਾਂਦਾ ਸੀ ਕਿ ਉਸਨੂੰ ਇਹ ਯਾਦ ਸੀ। ਇਹ ਗੱਲ ਪਿਛਲੇ ਕਈ ਅਧਿਐਨਾਂ ਵਿੱਚ ਵੀ ਪਾਈ ਗਈ ਹੈ। ਖੋਜ ਤੋਂ ਪਤਾ ਲੱਗਾ ਹੈ ਕਿ ਜੇਕਰ ਕੋਈ ਬੱਚਾ ਪਹਿਲੀ ਵਾਰ ਕੋਈ ਤਸਵੀਰ ਦੇਖਦਾ ਹੈ ਅਤੇ ਉਸ ਸਮੇਂ ਉਸਦਾ ਹਿਪੋਕੈਂਪਸ ਵਧੇਰੇ ਸਰਗਰਮ ਹੁੰਦਾ ਹੈ, ਤਾਂ ਬਾਅਦ ਵਿੱਚ ਬੱਚੇ ਦੇ ਉਸ ਤਸਵੀਰ ਨੂੰ ਯਾਦ ਰੱਖਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਹ ਪ੍ਰਭਾਵ ਖ਼ਾਸ ਕਰਕੇ 12 ਮਹੀਨਿਆਂ ਤੋਂ ਵੱਧ ਉਮਰ ਦੇ ਬੱਚਿਆਂ ਵਿੱਚ ਦੇਖਿਆ ਗਿਆ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਤਕਰੀਬਨ ਇੱਕ ਸਾਲ ਦੀ ਉਮਰ ਤੱਕ, ਹਿਪੋਕੈਂਪਸ ਯਾਦਾਂ ਨੂੰ ਰਿਕਾਰਡ ਕਰਨਾ ਸ਼ੁਰੂ ਕਰ ਦਿੰਦਾ ਹੈ।

### ਯਾਦਾਂ ਕਿੱਥੇ ਜਾਂਦੀਆਂ ਹਨ?

ਪ੍ਰੋਫ਼ੈਸਰ ਟਰਕ-ਬ੍ਰਾਊਨ ਮੁਤਾਬਕ, ਉਨ੍ਹਾਂ ਦੀ ਟੀਮ ਦਾ ਅਧਿਐਨ ਇਹ ਸਮਝਣ ਵੱਲ ਪਹਿਲਾ ਕਦਮ ਹੈ ਕਿ ਕੀ ਬੱਚੇ ਹਿਪੋਕੈਂਪਸ ਵਿੱਚ ਯਾਦਾਂ ਬਣਾ ਸਕਦੇ ਹਨ, ਪਰ ਇਸ ਮਸਲੇ ਉੱਤੇ ਹੋਰ ਖੋਜ ਦੀ ਲੋੜ ਹੈ। ਉਹ ਕਹਿੰਦੇ ਹਨ, "ਜੇ ਅਸੀਂ ਸੱਚਮੁੱਚ ਇਨ੍ਹਾਂ ਯਾਦਾਂ ਨੂੰ ਸੰਭਾਲ ਰਹੇ ਹਾਂ ਤਾਂ ਕੁਝ ਸਵਾਲ ਹਨ ਕਿ ਇਹ ਕਿੱਥੇ ਜਾਂਦੀਆਂ ਹਨ? ਕੀ ਇਹ ਅਜੇ ਵੀ ਮੌਜੂਦ ਹਨ? ਅਤੇ ਕੀ ਅਸੀਂ ਉਨ੍ਹਾਂ ਨੂੰ ਦੁਬਾਰਾ ਪ੍ਰਾਪਤ ਕਰ ਸਕਦੇ ਹਾਂ?" 2023 ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਚੂਹੇ ਜਿਨ੍ਹਾਂ ਨੇ ਛੋਟੀ ਉਮਰ ਵਿੱਚ ਭੂਲ-ਭੂਲਈਆ ਵਿੱਚੋਂ ਨਿਕਲਣਾ ਸਿੱਖਿਆ ਸੀ, ਉਹ ਵੱਡੇ ਹੋਣ ਦੇ ਨਾਲ ਇਸਨੂੰ ਭੁੱਲ ਗਏ। ਪਰ ਜਦੋਂ ਵਿਗਿਆਨੀਆਂ ਨੇ ਸਿੱਖਣ ਨਾਲ ਜੁੜੇ ਹਿਪੋਕੈਂਪਸ ਦੇ ਹਿੱਸੇ ਨੂੰ ਸਰਗਰਮ ਕੀਤਾ, ਤਾਂ ਯਾਦਾਂ ਵਾਪਸ ਆ ਗਈਆਂ।

ਕੀ ਇਹ ਮਨੁੱਖੀ ਬੱਚਿਆਂ ਨਾਲ ਵੀ ਹੁੰਦਾ ਹੈ ਅਤੇ ਕੀ ਉਨ੍ਹਾਂ ਦੀਆਂ ਯਾਦਾਂ ਕਿਤੇ ਦੱਬੀਆਂ ਰਹਿੰਦੀਆਂ ਹਨ? ਇਹ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਯੂਕੇ ਦੀ ਵੈਸਟਮਿੰਸਟਰ ਯੂਨੀਵਰਸਿਟੀ ਦੀ ਪ੍ਰੋਫੈਸਰ ਕੈਥਰੀਨ ਲਵਡੇ ਕਹਿੰਦੇ ਹਨ ਕਿ ਛੋਟੇ ਬੱਚਿਆਂ ਵਿੱਚ ਯਾਦਾਂ ਬਣਾਉਣ ਦੀ ਸਮਰੱਥਾ ਹੁੰਦੀ ਹੈ, ਘੱਟੋ ਘੱਟ ਉਦੋਂ ਤੱਕ ਜਦੋਂ ਤੱਕ ਉਹ ਬੋਲਣਾ ਸ਼ੁਰੂ ਨਹੀਂ ਕਰਦੇ। ਉਹ ਕਹਿੰਦੇ ਹਨ, "ਅਸੀਂ ਦੇਖਦੇ ਹਾਂ ਕਿ ਛੋਟੇ ਬੱਚੇ ਨਰਸਰੀ ਤੋਂ ਵਾਪਸ ਆਉਂਦੇ ਹਨ ਅਤੇ ਸਾਨੂੰ ਦੱਸਦੇ ਹਨ ਕਿ ਉਨ੍ਹਾਂ ਨਾਲ ਕੀ ਹੋਇਆ ਸੀ, ਪਰ ਕੁਝ ਸਾਲਾਂ ਬਾਅਦ ਉਹ ਉਹੀ ਗੱਲਾਂ ਦੁਬਾਰਾ ਨਹੀਂ ਦੱਸ ਪਾਉਂਦੇ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਯਾਦਾਂ ਬਣ ਜਾਂਦੀਆਂ ਹਨ, ਪਰ ਉਹ ਜ਼ਿਆਦਾ ਦੇਰ ਤੱਕ ਨਹੀਂ ਰਹਿੰਦੀਆਂ।" ਉਹ ਕਹਿੰਦੇ ਹਨ, "ਅਸਲ ਸਵਾਲ ਇਹ ਹੈ ਕਿ ਕੀ ਅਸੀਂ ਸਮੇਂ ਦੇ ਨਾਲ ਉਨ੍ਹਾਂ ਯਾਦਾਂ ਨੂੰ ਡੂੰਘਾਈ ਨਾਲ ਸੰਭਾਲਦੇ ਹਾਂ। ਕੀ ਉਹ ਜਲਦੀ ਫਿੱਕੀਆਂ ਪੈ ਜਾਂਦੀਆਂ ਹਨ ਅਤੇ ਕੀ ਉਹ ਇੰਨੀਆਂ ਮਜ਼ਬੂਤ ਹਨ ਕਿ ਅਸੀਂ ਸੁਚੇਤ ਤੌਰ 'ਤੇ ਯਾਦ ਕਰ ਸਕੀਏ?"

### ਕੀ ਯਾਦਾਂ ਝੂਠੀਆਂ ਵੀ ਹੋ ਸਕਦੀਆਂ ਹਨ?

ਪ੍ਰੋਫੈਸਰ ਲਵਡੇ ਕਹਿੰਦੇ ਹਨ ਕਿ ਇਨਫੈਂਟਾਈਲ ਐਮਨੀਸ਼ੀਆ ਨੂੰ ਸਮਝਣਾ ਵਧੇਰੇ ਔਖਾ ਹੈ ਕਿਉਂਕਿ ਇਹ ਜਾਣਨਾ ਤਕਰੀਬਨ ਅਸੰਭਵ ਹੈ ਕਿ ਸਾਡੀਆਂ ਪਹਿਲੀਆਂ ਯਾਦਾਂ ਸੱਚਮੁੱਚ ਅਸਲੀ ਹਨ ਜਾਂ ਨਹੀਂ। ਉਦਾਹਰਣ ਵਜੋਂ, ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਬਚਪਨ ਦੀ ਕੋਈ ਘਟਨਾ ਜਾਂ ਆਪਣੀ ਪਰਵਰਿਸ਼ ਦਾ ਕੋਈ ਪਲ ਯਾਦ ਆਉਂਦਾ ਹੈ। ਪਰ ਉਹ ਕਹਿੰਦੇ ਹਨ ਕਿ ਅਜਿਹੀਆਂ ਯਾਦਾਂ ਦੇ ਅਸਲ ਅਨੁਭਵਾਂ ਨਾਲ ਜੁੜੇ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਉਹ ਕਹਿੰਦੇ ਹਨ, "ਯਾਦਦਾਸ਼ਤ ਹਮੇਸ਼ਾਂ ਇੱਕ ਕਿਸਮ ਦਾ ਪੁਨਰ ਨਿਰਮਾਣ ਹੁੰਦੀ ਹੈ। ਜੇਕਰ ਸਾਨੂੰ ਕਿਸੇ ਘਟਨਾ ਬਾਰੇ ਜਾਣਕਾਰੀ ਮਿਲਦੀ ਹੈ, ਤਾਂ ਸਾਡਾ ਦਿਮਾਗ ਇੱਕ ਅਜਿਹੀ ਯਾਦਦਾਸ਼ਤ ਬਣਾ ਸਕਦੀ ਹੈ ਜੋ ਪੂਰੀ ਤਰ੍ਹਾਂ ਅਸਲੀ ਮਹਿਸੂਸ ਹੁੰਦੀ ਹੈ।"

ਉਹ ਅੱਗੇ ਕਹਿੰਦੇ ਹਨ, "ਅਸਲ ਵਿੱਚ ਇਹ ਚੇਤਨਾ ਦਾ ਸਵਾਲ ਹੈ ਅਤੇ ਚੇਤਨਾ ਨੂੰ ਸਪਸ਼ਟ ਰੂਪ ਵਿੱਚ ਪਰਿਭਾਸ਼ਿਤ ਕਰਨਾ ਇੱਕ ਬੇਹੱਦ ਔਖਾ ਕੰਮ ਹੈ।" ਪ੍ਰੋਫੈਸਰ ਟਰਰਕ-ਬ੍ਰਾਊਨ ਕਹਿੰਦੇ ਹਨ ਕਿ ਬਚਪਨ ਵਿੱਚ ਭੁੱਲਣ ਦੀ ਬਿਮਾਰੀ ਦਾ ਰਹੱਸ ਸਾਡੀ ਪਛਾਣ ਨਾਲ ਡੂੰਘਾ ਜੁੜਿਆ ਹੋਇਆ ਹੈ। ਉਹ ਕਹਿੰਦੇ ਹਨ,"ਇਹ ਸਾਡੀ ਪਛਾਣ ਦਾ ਹਿੱਸਾ ਹੈ ਅਤੇ ਇਹ ਸੋਚ ਕਿ ਸਾਡੀ ਜ਼ਿੰਦਗੀ ਦੇ ਸ਼ੁਰੂਆਤੀ ਸਾਲਾਂ ਵਿੱਚ ਇੱਕ ਬਲਾਂਈਡ ਸਪਾਟ ਹੁੰਦਾ ਹੈ ਜਿੱਥੇ ਸਾਨੂੰ ਕੁਝ ਵੀ ਯਾਦ ਨਹੀਂ ਰਹਿੰਦਾ, ਲੋਕਾਂ ਦੇ ਆਪਣੇ ਬਾਰੇ ਸੋਚਣ ਦੇ ਤਰੀਕੇ ਨੂੰ ਬਦਲ ਦਿੰਦਾ ਹੈ।"

# ਭਾਰਤ ਨੂੰ ਕਿੰਨਾ ਕੁ ਪ੍ਰਭਾਵਿਤ ਕਰ ਸਕਦਾ ਹੈ ਪਾਕਿ-ਸਾਊਦੀ ਅਰਬ ਦਾ ਰੱਖਿਆ ਸਮਝੌਤਾ



ਮੁਖ਼ਤਾਰ ਗਿੱਲ

ਪਰਮਾਣੂ ਹਥਿਆਰ ਰੱਖਣ ਵਾਲੇ ਦੇਸ਼ ਪਾਕਿਸਤਾਨ ਤੇ ਸਾਊਦੀ ਅਰਬ ਵਿਚਾਲੇ ਹੋਏ ਆਪਸੀ ਰੱਖਿਆ ਸਮਝੌਤੇ ਦਾ ਭਾਰਤ ਵੱਲੋਂ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸਲਾਮ ਦੇ ਨਾਂ 'ਤੇ ਪਾਕਿਸਤਾਨ ਹੋਂਦ ਵਿਚ ਆਇਆ ਸੀ। ਸੰਤਾਲੀ ਦੀ ਤਕਸੀਮ ਤੋਂ ਲੈ ਕੇ ਹੁਣ ਤੱਕ ਪਾਕਿਸਤਾਨ ਭਾਰਤ ਨਾਲ ਲੁਕਵੀਂ ਜੰਗ ਲੜਦਾ ਆ ਰਿਹਾ ਹੈ। ਕੁਦਰਤੀ ਹੈ ਕਿ ਸਾਊਦੀ ਅਰਬ ਤੇ ਪਾਕਿਸਤਾਨ ਦਰਮਿਆਨ ਹੋਇਆ ਰੱਖਿਆ ਸਮਝੌਤਾ ਵੱਡੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ। ਕੁਝ ਦਿਨ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਸਾਊਦੀ ਅਰਬ ਦਾ ਦੌਰਾ ਕੀਤਾ ਸੀ। ਉਨ੍ਹਾਂ ਨਾਲ ਉਨ੍ਹਾਂ ਦੇ ਫ਼ੌਜ ਮੁਖੀ ਫੀਲਡ ਮਾਰਸ਼ਲ ਆਸਿਫ ਮੁਨੀਰ ਤੇ ਰੱਖਿਆ ਮੰਤਰੀ ਖਵਾਜ਼ਾ ਆਸਿਫ ਵੀ ਗਏ ਸਨ। ਬੀਤੇ ਬੁੱਧਵਾਰ ਨੂੰ ਪਾਕਿਸਤਾਨ ਅਤੇ ਸਾਊਦੀ ਅਰਬ ਦਰਮਿਆਨ ਹੋਏ ਇਕ ਰਣਨੀਤਕ ਰੱਖਿਆ ਸਮਝੌਤੇ 'ਤੇ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ-ਬਿਨ-ਸਲਮਾਨ-ਅਬਦੁਲ-ਅਜ਼ੀਜ਼-ਅਲ-ਸਾਊਦ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਦਸਤਖ਼ਤ ਕੀਤੇ ਸਨ। ਇਸ ਸਮਝੌਤੇ ਉੱਤੇ ਭਾਰਤ-ਪਾਕਿਸਤਾਨ ਵਿਚਾਲੇ ਮਈ 'ਚ ਚਾਰ ਦਿਨ ਤੱਕ ਚੱਲੇ ਫ਼ੌਜੀ ਸੰਘਰਸ਼ ਦੇ ਚਾਰ ਮਹੀਨਿਆਂ ਬਾਅਦ ਮੋਹਰ ਲੱਗੀ ਹੈ। ਪਾਕਿਸਤਾਨ ਸਾਊਦੀ ਅਰਬ ਦਾ ਪ੍ਰਮੁੱਖ ਸਹਿਯੋਗੀ ਰਿਹਾ ਹੈ ਅਤੇ ਦੋਵਾਂ ਪੱਖਾਂ ਦਰਮਿਆਨ ਰੱਖਿਆ ਖੇਤਰ ਵਿਚ ਡੂੰਘੇ ਸਬੰਧ ਰਹੇ ਹਨ। ਪਾਕਿਸਤਾਨ ਤੇ ਸਾਊਦੀ ਅਰਬ ਨੇ 1982 ਵਿਚ ਵੀ ਇਕ ਦੋ-ਪੱਖੀ ਸੁਰੱਖਿਆ ਸਹਿਯੋਗ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ।

ਇਨ੍ਹਾਂ ਦੋਵਾਂ ਮੁਲਕਾਂ ਦੇ ਇਕ ਸਾਂਝੇ ਬਿਆਨ ਮੁਤਾਬਿਕ ਸਮਝੌਤੇ ਵਿਚ ਕਿਹਾ ਗਿਆ ਹੈ ਕਿ ਦੋਵਾਂ ਦੇਸ਼ਾਂ ਵਿੱਚੋਂ ਕਿਸੇ ਦੇ ਵੀ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੇ ਹਮਲੇ ਨੂੰ ਦੋਵਾਂ ਦੇਸ਼ਾਂ ਵਿਰੁੱਧ ਹਮਲਾ ਮੰਨਿਆ ਜਾਵੇਗਾ। ਯਾਨੀ ਕਿ ਅਜਿਹੀ ਸਥਿਤੀ 'ਚ ਦੋਵੇਂ ਦੇਸ਼ ਇਕ-ਦੂਸਰੇ ਦਾ ਸਾਥ ਦੇਣਗੇ। ਇਨ੍ਹਾਂ ਦੋਵਾਂ ਨੇ 1982 ਵਿਚ ਵੀ ਇਕ ਦੋ-ਪੱਖੀ ਸੁਰੱਖਿਆ ਸਹਿਯੋਗ ਸਮਝੌਤੇ ਉੱਤੇ ਦਸਤਖ਼ਤ ਕੀਤੇ ਸਨ ਜਿਸ ਵਿਚ ਕਰਮੀਆਂ ਦੀ ਸਿਖਲਾਈ ਸਹਿਤ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਤੇ ਫ਼ੌਜੀ ਸਹਿਯੋਗ ਵਧਾਉਣ ਦੀ ਵਿਵਸਥਾ ਸੀ। ਯਕੀਨਨ ਸਾਊਦੀ ਅਰਬ-ਪਾਕਿਸਤਾਨ ਦਰਮਿਆਨ ਇਹ ਰੱਖਿਆ ਸਮਝੌਤਾ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ। ਇਸ ਰੱਖਿਆ ਸਮਝੌਤੇ ਤੋਂ ਇਕ ਦਿਨ ਬਾਅਦ ਭਾਰਤ ਨੇ ਇਕ ਬਿਆਨ ਵਿਚ ਕਿਹਾ ਸੀ ਕਿ ਉਹ ਆਪਣੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਮੁਨਾਸਿਬ ਕਦਮ ਚੁੱਕੇਗਾ।

ਸਵਾਲ ਇਹ ਵੀ ਹੈ ਕਿ ਭਾਰਤ ਨਾਲ ਸਬੰਧਾਂ ਨੂੰ ਲੈ ਕੇ ਕੀ ਸਾਊਦੀ ਅਰਬ ਦਾ ਨਜ਼ਰੀਆ ਬਦਲ ਗਿਆ ਹੈ। ਜੇਕਰ ਹਾਲੀਆ ਘਟਨਾਚੱਕਰ ਨੂੰ ਵੇਖੀਏ ਤਾਂ ਅਜਿਹਾ ਕੁਝ ਨਜ਼ਰ ਨਹੀਂ ਆਉਂਦਾ। ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਭਾਰਤ ਤੇ ਸਾਊਦੀ ਅਰਬ ਦਰਮਿਆਨ ਵਿਆਪਕ ਰਣਨੀਤਕ ਭਾਈਵਾਲੀ ਹੈ ਜਿਹੜੀ ਪਿਛਲੇ ਕੁਝ ਸਾਲਾਂ ਤੋਂ ਕਾਫ਼ੀ ਮਜ਼ਬੂਤ ਹੋਈ ਹੈ। ਇਸ ਨਾਲ ਹੀ ਉਮੀਦ ਜਤਾਈ ਹੈ ਕਿ ਸਾਊਦੀ ਅਰਬ ਰਣਨੀਤਕ ਤੌਰ 'ਤੇ ਭਾਰਤ ਨਾਲ ਰਵਾਇਤੀ ਹਿੱਤਾਂ ਅਤੇ ਸੰਵੇਦਨਸ਼ੀਲਤਾ ਨੂੰ ਧਿਆਨ ਵਿਚ ਰੱਖੇਗਾ।

ਪਾਕਿਸਤਾਨ ਦੇ ਇਸ ਕਦਮ ਨੂੰ ਭਾਰਤ 'ਤੇ ਰਾਜਨੀਤਕ ਪੱਖੋਂ ਮਨੋਵਿਗਿਆਨਕ ਦਬਾਅ ਬਣਾਉਣ ਦੇ ਯਤਨ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਕ ਸੱਚ ਇਹ ਵੀ ਹੈ ਕਿ ਪਾਕਿਸਤਾਨ ਵਰਤਮਾਨ ਵਿਚ ਗੰਭੀਰ ਆਰਥਿਕ ਸੰਕਟ, ਮਹਿੰਗਾਈ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਆਦਿ ਵਿਚ ਕਈ ਮੋਰਚਿਆਂ 'ਤੇ ਜੂਝ ਰਿਹਾ ਹੈ। ਇਸ ਤਰ੍ਹਾਂ ਸਾਊਦੀ ਅਰਬ ਨਾਲ ਸਮਝੌਤੇ ਦਾ ਇਕ ਅਹਿਮ ਮਕਸਦ ਵਿੱਤੀ ਮਦਦ ਹਾਸਲ ਕਰਨਾ ਵੀ ਹੈ। ਉਥੇ ਹੀ ਸਾਊਦੀ ਅਰਬ ਦੇ ਵੀ ਆਪਣੇ ਤਕਾਜ਼ੇ ਹਨ। ਉਹ ਈਰਾਨ-ਇਜ਼ਰਾਈਲ ਟਕਰਾਅ ਤੋਂ ਪੈਦਾ ਹੋਈ ਖੇਤਰੀ ਅਸ਼ਾਂਤੀ ਦੇ ਖ਼ਤਰਿਆਂ ਵਿਰੁੱਧ ਆਪਣੀ ਸੁਰੱਖਿਆ ਮਜ਼ਬੂਤ ਕਰਨੀ ਚਾਹੁੰਦਾ ਹੈ।

ਪ੍ਰੰਤੂ ਭਾਰਤ ਦੇ ਸੰਦਰਭ ਵਿਚ ਵੇਖੀਏ ਤਾਂ ਸਾਊਦੀ ਅਰਬ ਲੰਬੇ ਸਮੇਂ ਤੋਂ ਰਣਨੀਤਕ ਤੇ ਆਰਥਿਕ ਸਬੰਧਾਂ 'ਚ ਨਿਵੇਸ਼ ਕਰਦਾ ਰਿਹਾ ਹੈ। ਭਾਰਤ ਸਾਊਦੀ ਅਰਬ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ ਪਰ ਉਸ ਦਾ ਨਵਾਂ ਰੁਖ਼ ਹੈਰਾਨ ਕਰਨ ਵਾਲਾ ਹੈ। ਜੋ ਵੀ ਹੋਵੇ, ਇਸ ਸਮਝੌਤੇ ਤੋਂ ਪੈਦਾ ਹੋਏ ਕਿਸੇ ਵੀ ਖ਼ਦਸ਼ੇ ਤੇ ਸੰਭਾਵਨਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਾਰਤ ਨੂੰ ਚੌਕਸੀ ਨਾਲ ਆਪਣੀ ਰਣਨੀਤੀ ਤੈਅ ਕਰਨੀ ਚਾਹੀਦੀ ਹੈ।

ਦਰਅਸਲ, 1998 ਵਿਚ ਭਾਰਤ ਵੱਲੋਂ ਪੋਖਰਣ 'ਚ ਪਰਮਾਣੂ ਪ੍ਰੀਖਣ ਕਰਨ ਦੇ ਕੁਝ ਹਫ਼ਤਿਆਂ ਬਾਅਦ ਪਾਕਿਸਤਾਨ ਦੇ ਤਤਕਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਰਿਆਧ 'ਚ ਤਤਕਲੀ ਕ੍ਰਾਊਨ ਪ੍ਰਿੰਸ ਅਬਦੁੱਲਾ ਬਿਨ ਅਜ਼ੀਜ਼ ਨੂੰ ਫੋਨ ਕਰ ਕੇ ਉਨ੍ਹਾਂ ਤੋਂ ਇਹ ਜਾਣਨਾ ਚਾਹਿਆ ਕਿ ਕੀ ਪਾਕਿਸਤਾਨ ਵੱਲੋਂ ਭਾਰਤ ਦੇ ਪਰਮਾਣੂ ਪ੍ਰੀਖਣ ਦੇ ਜਵਾਬ ਵਿਚ ਪ੍ਰੀਖਣ ਕਰਨ 'ਤੇ ਪੱਛਮੀ ਦੇਸ਼ਾਂ ਦੇ ਉਸ 'ਤੇ ਪਾਬੰਦੀ ਲਗਾਉਣ ਦੀ ਸਥਿਤੀ ਦੌਰਾਨ ਕੀ ਸਾਊਦੀ ਅਰਬ ਆਪਣੇ ਮੁਸਲਿਮ ਭਰਾ ਨਾਲ ਖੜ੍ਹਾ ਹੋਵੇਗਾ? ਇਸ ਦਾ ਜਵਾਬ ਪਾਕਿਸਤਾਨ ਵੱਲੋਂ ਆਪਣੇ ਪਰਮਾਣੂ ਪ੍ਰੀਖਣ ਕਰਨ ਦੇ ਕੁਝ ਹੀ ਦਿਨਾਂ ਅੰਦਰ ਸਪਸ਼ਟ ਹੋ ਗਿਆ ਜਦ ਸਾਊਦੀ ਅਰਬ ਨੇ ਪਾਕਿਸਤਾਨ ਨੂੰ 50,000 ਬੈਰਲ ਤੇਲ ਰੋਜ਼ਾਨਾ ਮੁਫ਼ਤ ਦੇਣਾ ਸ਼ੁਰੂ ਕਰ ਦਿੱਤਾ। ਇਸ ਨਾਲ ਪੱਛਮੀ ਦੇਸ਼ਾਂ ਵੱਲੋਂ ਪਾਕਿਸਤਾਨ 'ਤੇ ਲਾਈਆਂ ਗਈਆਂ ਪਾਬੰਦੀਆਂ ਦਾ ਸਾਹਮਣਾ ਕਰਨ ਵਿਚ ਕਾਫ਼ੀ ਸਹਾਇਤਾ ਮਿਲੀ।

ਇਸ ਤੋਂ ਪਹਿਲਾਂ ਵੀ 1974 'ਚ ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਜ਼ੁਲਫਿਕਾਰ ਭੁੱਟੋ ਨੇ ਉਦੋਂ ਸਾਊਦੀ ਅਰਬ ਦੇ ਸ਼ਾਹ ਫੈਸਲ ਨਾਲ ਸੰਪਰਕ ਕਰ ਕੇ ਪਾਕਿਸਤਾਨ ਵੱਲੋਂ ਪਰਮਾਣੂ ਬੰਬ ਬਣਾਉਣ ਦੀ ਆਪਣੀ ਇੱਛਾ ਪੂਰੀ ਕਰਨ ਲਈ ਸਹਾਇਤਾ ਮੰਗੀ ਸੀ ਜਦੋਂ ਭਾਰਤ ਆਪਣਾ ਪਹਿਲਾ ਪਰਮਾਣੂ ਪ੍ਰੀਖਣ ਕਰਨ ਹੀ ਵਾਲਾ ਸੀ। ਪਾਕਿਸਤਾਨ ਦੇ 1998 ਦੇ ਪਰਮਾਣੂ ਪ੍ਰੀਖਣ ਤੋਂ ਬਾਅਦ ਵਧੇਰੇ ਮੁਸਲਿਮ ਜਗਤ ਨੇ 'ਇਸਲਾਮਿਕ ਬੰਬ' ਦੇ ਆਗਮਨ ਦਾ ਸਵਾਗਤ ਕੀਤਾ ਸੀ।

ਪਾਕਿਸਤਾਨ ਦੇ ਪਰਮਾਣੂ ਧਮਾਕੇ ਦੇ ਪਿੱਛੇ ਦਹਾਕਿਆਂ ਦੀ ਚੋਰੀ, ਅੰਧ ਰਾਸ਼ਟਰਵਾਦ ਅਤੇ ਕੂਟਨੀਤਕ ਚਾਲਾਂ ਸਨ। ਪਾਕਿਸਤਾਨ ਦੇ ਪਰਮਾਣੂ ਬੰਬ ਦਾ ਜਨਮਦਾਤਾ ਅਬਦੁਲ ਕਾਦਿਰ 1980 ਤੇ 90 ਦੇ ਦਹਾਕੇ 'ਚ ਪੱਛਮੀ ਦੇਸ਼ਾਂ ਤੋਂ ਪਰਮਾਣੂ ਤਕਨੀਕ ਚੋਰੀ ਕਰ ਕੇ ਲਿਆਇਆ ਸੀ। ਪਹਿਲਾਂ ਉਸ ਨੇ ਇਹ ਤਕਨੀਕ ਈਰਾਨ, ਲੀਬੀਆ ਅਤੇ ਹੋਰਨਾਂ ਦੇਸ਼ਾਂ ਨੂੰ ਦਿੱਤੀ ਸੀ ਪਰ ਫ਼ੌਜੀ ਸਲਾਹਕਾਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਦੇ ਪਰਮਾਣੂ ਕਲੱਬ 'ਚ ਸ਼ਾਮਲ ਹੋਣ ਦਾ ਲੰਬਾ ਰਸਤਾ ਸਾਊਦੀ ਅਰਬ ਦੇ ਪੈਟਰੋ ਡਾਲਰ ਤੋਂ ਉਨ੍ਹਾਂ ਨੂੰ ਮਿਲਿਆ ਸੀ।

ਵਰਣਨਯੋਗ ਹੈ ਕਿ 1960 ਤੋਂ ਬਾਅਦ ਤੋਂ ਅਰਬ ਦੇਸ਼ਾਂ ਤੋਂ ਬਾਅਦ ਕਿਸੇ ਦੇਸ਼ ਨੂੰ ਜੇਕਰ ਸਾਊਦੀ ਅਰਬ ਨੇ ਸਭ ਤੋਂ ਵੱਧ ਸਹਾਇਤਾ ਦਿੱਤੀ ਹੈ ਤਾਂ ਉਹ ਪਾਕਿਸਤਾਨ ਹੀ ਹੈ। ਪਾਕਿਸਤਾਨ ਨੂੰ ਸਹਾਇਤਾ ਸਕੂਲਾਂ, ਮਸਜਿਦਾਂ ਤੇ ਦੂਜੇ ਇਸਲਾਮਵਾਦੀ ਚੈਰੀਟੇਬਲ ਪ੍ਰੋਗਰਾਮਾਂ ਦੇ ਨਾਂ 'ਤੇ ਦਿੱਤੀ ਗਈ। ਉਸ ਨੇ ਆਰਥਿਕ ਸਹਾਇਤਾ ਦਿੱਤੀ ਤਾਂ ਕਿ ਪਾਕਿਸਤਾਨ ਆਪਣਾ ਪਰਮਾਣੂ ਪ੍ਰੋਗਰਾਮ ਜਾਰੀ ਰੱਖ ਸਕੇ। ਪਾਕਿਸਤਾਨ ਸਾਊਦੀ ਅਰਬ ਦਾ ਰੱਖਿਆ ਭਾਈਵਾਲ ਵੀ ਰਿਹਾ ਹੈ। ਇੱਥੋਂ ਤੱਕ ਕਿ ਪਰਮਾਣੂ ਸ਼ਕਤੀ ਬਣਨ ਤੋਂ ਬਾਅਦ ਇਸ ਨੇ 'ਪਰਮਾਣੂ ਛਤਰੀ' ਪ੍ਰਦਾਨ ਕੀਤੀ ਸੀ। ਇਹ ਸਮਝੌਤਾ ਮੁੱਖ ਤੌਰ 'ਤੇ ਈਰਾਨ, ਤੁਰਕੀ ਤੇ ਸੀਰੀਆ ਨਾਲ ਟਕਰਾਅ ਦੇ ਮੱਦੇਨਜ਼ਰ ਸਾਊਦੀ ਅਰਬ ਦੀ ਸੁਰੱਖਿਆ ਨਾਲ ਸਬੰਧਤ ਹੈ, ਨਾ ਕਿ ਭਾਰਤ ਲਈ ਕਿਸੇ ਕਿਸਮ ਦੀ ਸਿੱਧੀ ਭੜਕਾਹਟ ਹੈ।

ਰਿਆਦ ਨੇ ਸਿੱਧਾ ਸੰਕੇਤ ਦਿੱਤਾ ਹੈ ਕਿ ਉਹ ਭਾਰਤ ਦੀਆਂ ਚਿੰਤਾਵਾਂ ਪ੍ਰਤੀ ਸੰਵੇਦਨਸ਼ੀਲ ਰਹੇਗਾ ਕਿਉਂਕਿ ਦੋਵਾਂ ਦੇਸ਼ਾਂ ਵਿਚਾਲੇ ਗਹਿਰੇ ਵਪਾਰਕ ਤੇ ਆਰਥਿਕ ਰਿਸ਼ਤੇ ਹਨ। ਨਵੀਂ ਦਿੱਲੀ ਨੂੰ ਜ਼ਿਆਦਾ ਪ੍ਰਤੀਕਿਰਿਆ ਨਹੀਂ ਦੇਣੀ ਚਾਹੀਦੀ ਸਗੋਂ ਇਸ ਦੀ ਬਜਾਏ ਭਾਰਤ ਨੂੰ ਆਪਣੇ ਆਰਥਿਕ ਪ੍ਰਭਾਵ ਅਤੇ ਲੋਕਾਂ ਦੇ ਆਪਸੀ ਸਬੰਧਾਂ ਦਾ ਲਾਭ ਉਠਾਉਂਦਿਆਂ ਪੱਛਮੀ ਏਸ਼ੀਆ ਵਿਚ ਆਪਣੀ ਰਣਨੀਤਕ ਪਛਾਣ ਨੂੰ ਹੋਰ ਡੂੰਘਾ ਕਰਨਾ ਚਾਹੀਦਾ ਹੈ।

ਸਰਕਾਰ ਰਾਸ਼ਟਰੀ ਸੁਰੱਖਿਆ ਦੇ ਨਾਲ-ਨਾਲ ਖੇਤਰੀ ਤੇ ਕੌਮਾਂਤਰੀ ਸਥਿਰਤਾ 'ਤੇ ਇਸ ਸਮਝੌਤੇ ਦੇ ਪ੍ਰਭਾਵਾਂ ਦਾ ਧਿਆਨ ਰੱਖੇਗੀ। ਰੱਖਿਆ ਮਾਹਿਰਾਂ ਮੁਤਾਬਿਕ ਇਸ ਸਮਝੌਤੇ ਦਾ ਭਾਰਤ ਦੇ ਰਵਾਇਤੀ ਤੇ ਕੂਟਨੀਤਕ ਹਿੱਤਾਂ 'ਤੇ ਦੂਰ ਤੱਕ ਅਸਰ ਪੈਣ ਵਾਲਾ ਹੈ ਜਿਸ 'ਤੇ ਡੂੰਘਾ ਅਧਿਐਨ ਕੀਤਾ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਸਮਝੌਤਾ ਮੱਧ ਪੂਰਬ ਵਿਚ ਇਜ਼ਰਾਈਲ ਦੇ ਵਧਦੇ ਹਮਲਾਵਰ ਰਵੱਈਏ ਨੂੰ ਵੇਖਦਿਆਂ ਕੀਤਾ ਗਿਆ ਹੈ। ਸਰਕਾਰ ਇਸ ਦਾ ਸਾਡੀ ਕੌਮੀ ਸੁਰੱਖਿਆ, ਇਲਾਕਾਈ ਤੇ ਆਲਮੀ ਸਥਿਰਤਾ ਉੱਤੇ ਅਧਿਐਨ ਕਰੇਗੀ। ਭਾਰਤ ਆਪਣੇ ਕੌਮੀ ਹਿੱਤਾਂ ਦੀ ਰਾਖੀ ਕਰਨ ਤੇ ਸਾਰੇ ਖੇਤਰਾਂ ਵਿਚ ਵਿਆਪਕ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕੇਗਾ। ਵਿਸ਼ਵ ਪੱਧਰੀ ਚੁਣੌਤੀ ਅਤੇ ਪਾਕਿਸਤਾਨ ਤੇ ਸਾਊਦੀ ਅਰਬ ਦਰਮਿਆਨ ਹੋਏ ਇਸ ਸਮਝੌਤੇ ਨੂੰ ਵੇਖਦਿਆਂ ਭਾਰਤ ਨੂੰ ਆਪਣੀ ਫ਼ੌਜ ਦਾ ਹੋਰ ਆਧੁਨਿਕੀਕਰਨ ਕਰਨਾ ਹੋਵੇਗਾ ਕਿਉਂਕਿ ਰਵਾਇਤੀ ਜੰਗਾਂ ਦਾ ਸਰੂਪ ਬਦਲ ਚੁੱਕਾ ਹੈ।

# ਤੁਹਾਡਾ ਵਤੀਰਾ ਦਿੰਦਾ ਹੈ ਸੰਸਕਾਰਾਂ ਦਾ ਝਲਕਾਰਾ

ਅਮਰੀਕ ਸਿੰਘ ਦਿਆਲ



ਸਾਡਾ ਦਫ਼ਤਰੀ ਸੱਭਿਆਚਾਰ ਅਜਿਹਾ ਵਿਕਸਤ ਹੋ ਗਿਆ ਹੈ ਕਿ ਕਦੇ ਹਮਾਤੜ ਨੂੰ ਕਿਸੇ ਦਫ਼ਤਰ 'ਚ ਕੰਮ ਕਰਵਾਉਣ ਲਈ ਜਾਣਾ ਪਏ ਤਾਂ ਪਹਿਲੀ ਵਾਰ ਕੋਈ ਸਕਾਰਾਤਮਕ ਜਵਾਬ ਮਿਲਣਾ ਦੂਰ ਦੀ ਗੱਲ ਹੈ। ਪੁੱਛਗਿੱਛ ਕਰਨ 'ਤੇ ਪਹਿਲਾਂ ਤਾਂ ਸਿੱਧਾ ਦੱਸਿਆ ਹੀ ਨਹੀਂ ਜਾਂਦਾ। ਜੇ ਦੱਸਿਆ ਵੀ ਜਾਂਦਾ ਹੈ ਤਾਂ ਇੰਨੇ ਵਲ-ਵਲੇਵੇਂ ਹੁੰਦੇ ਹਨ ਕਿ ਕੰਮ ਕਰਵਾਉਣ ਵਾਲਾ ਭੰਬਲਭੂਸੇ ਵਿਚ ਪੈ ਜਾਂਦਾ ਹੈ। ਸੋਚਦਾ ਹੈ ਕਿ ਹੁਣ ਕਿੱਧਰ ਨੂੰ ਜਾਵਾਂ, ਕਿੱਧਰ ਨੂੰ ਨਹੀਂ। ਅਸੀਂ ਸਾਰੇ ਇਸ ਸਿਸਟਮ ਦਾ ਹਿੱਸਾ ਹਾਂ।

ਪਿਛਲੇ ਦਿਨੀਂ ਕੰਮ ਕਰਵਾਉਣ ਲਈ ਕਿਸੇ ਦਫ਼ਤਰ ਜਾਣਾ ਪਿਆ। ਦਫ਼ਤਰ ਵਿਚ ਭਾਵੇਂ ਕਈ ਵਾਕਫ਼ ਬੰਦੇ ਸਨ ਅਤੇ ਇਹ ਵੀ ਆਸ ਸੀ ਕਿ ਮੇਰਾ ਕੰਮ ਸੌਖਾ ਅਤੇ ਜਲਦੀ ਹੋ ਜਾਵੇਗਾ। ਜੇਕਰ ਸੀਟਾਂ 'ਤੇ ਬਿਰਾਜਮਾਨ ਬੰਦੇ ਕੰਮ ਸੌਖਾ ਕਰ ਦੇਣ ਤਾਂ ਉਨ੍ਹਾਂ ਦੀ ਵੁੱਕਤ ਕਿਵੇਂ ਵਧੂ? ਉਨ੍ਹਾਂ ਦੀਆਂ ਮਿੰਨਤਾਂ ਕੌਣ ਕਰੂ, ਸਿਫ਼ਾਰਸ਼ਾਂ ਕੌਣ ਪੁਆਊ? ਉਨ੍ਹਾਂ ਨੂੰ ਇਸ ਗੱਲ ਦਾ ਮਾਣ ਮਹਿਸੂਸ ਕਿਵੇਂ ਹੋਊ ਕਿ ਸਾਡੀ ਵੀ ਕੋਈ ਇੱਜ਼ਤ ਐ, ਕੋਈ ਵਜੂਦ ਐ।

ਨੌਕਰੀ 'ਤੇ ਨਵਾਂ ਆਇਆ ਕਰਮਚਾਰੀ ਵੀ ਹੌਲੀ-ਹੌਲੀ ਭੇਤੀ ਹੋ ਜਾਂਦਾ ਹੈ ਅਤੇ ਇਸ ਵਰਤਾਰੇ ਦਾ ਹਿੱਸਾ ਬਣ ਜਾਂਦਾ ਹੈ। ਖ਼ੈਰ, ਸਾਰਿਆਂ ਨੂੰ ਇਕ ਤੱਕੜੀ ਵਿਚ ਤੋਲਣਾ ਵੀ ਠੀਕ ਨਹੀਂ। ਸਿਆਣੇ ਕਹਿੰਦੇ ਹਨ ਕਿ ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ। ਜੇ ਮਾੜੇ ਲੋਕਾਂ ਨਾਲ ਵਾਹ ਪੈਂਦਾ ਹੈ ਤਾਂ ਚੰਗਿਆਈ ਵੀ ਕਿਤੇ ਨਾ ਕਿਤੇ ਜਿਉਂਦੀ ਮਿਲ ਜਾਂਦੀ ਹੈ। ਚੰਗਿਆਈ ਦੀ ਅਹਿਮੀਅਤ ਵੀ ਮਾੜੇ ਲੋਕਾਂ ਨਾਲ ਵਰਤ ਕੇ ਹੀ ਪਤਾ ਲੱਗਦੀ ਹੈ।

ਅਖ਼ਬਾਰ ਵਿਚ ਮੇਰੀ ਰਚਨਾ ਛਪਣ 'ਤੇ ਕਾਫ਼ੀ ਫੋਨ ਆਉਂਦੇ ਹਨ। ਇਹ ਜ਼ਿਆਦਾਤਰ ਰਿਟਾਇਰਮੈਂਟ ਭੋਗ ਰਹੇ ਵਡੇਰੀ ਉਮਰ ਦੇ ਤਜਰਬੇਕਾਰ ਲੋਕਾਂ ਦੇ ਹੁੰਦੇ ਹਨ। ਵਧਾਈਆਂ ਕਬੂਲ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਗੱਲਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲ ਜਾਂਦਾ ਹੈ। ਕਈ ਵਾਰ ਤਾਂ ਉਨ੍ਹਾਂ ਦੀਆਂ ਗੱਲਾਂ ਵਿੱਚੋਂ ਨਵੀਂ ਰਚਨਾ ਦਾ ਮੁੱਢ ਬੱਝ ਜਾਂਦਾ ਹੈ। ਕੁਝ ਦਿਨ ਪਹਿਲਾਂ ਅਖ਼ਬਾਰ ਵਿਚ ਛਪੀ ਮੇਰੀ ਰਚਨਾ ਪੜ੍ਹ ਕੇ ਇਕ ਸੇਵਾ-ਮੁਕਤ ਅਧਿਕਾਰੀ ਦਾ ਫੋਨ ਆਇਆ।

ਉਹ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਰਿਟਾਇਰ ਹੋਏ ਸਨ। ਉਨ੍ਹਾਂ ਨੇ ਦੱਸਿਆ ਕਿ ਜਦੋਂ ਨੌਕਰੀ ਲੱਗਿਆ ਤਾਂ ਬਾਪੂ ਨੇ ਇੱਕੋ ਗੱਲ ਕਹੀ ਸੀ ਕਿ ਰਿਸ਼ਵਤ ਦੇ ਚਿੱਕੜ ਤੋਂ ਬਚ ਕੇ ਰਹੀਂ। ਜੇ ਤੂੰ ਇਸ ਰਾਹ ਤੁਰ ਪਿਆ ਤਾਂ ਸਮਝ ਲਈਂ ਕਿ ਤੂੰ ਮੇਰੇ ਘਰ ਜੰਮਿਆ ਹੀ ਨਹੀਂ। ਉਨ੍ਹਾਂ ਦੱਸਿਆ ਕਿ ਕਈ ਤਰ੍ਹਾਂ ਦਾ ਸਮਾਂ ਆਇਆ, ਤੰਗੀਆਂ ਵੀ ਕੱਟੀਆਂ ਪਰ ਬਾਪੂ ਦੇ ਬੋਲ ਪਿੱਛਾ ਕਰਦੇ ਰਹੇ। ਬਾਪੂ ਦੇ ਬੋਲ ਪੁਗਾ ਕੇ ਅੱਜ ਮਾਣ ਮਹਿਸੂਸ ਕਰਦਾ ਹਾਂ।

ਇਕ ਦਿਨ ਮੈਂ ਆਪਣੇ ਵਾਕਫ਼ਕਾਰਾਂ ਕੋਲੋਂ ਮੁਫ਼ਤ ਦੀਆਂ ਸਲਾਹਾਂ ਲੈਂਦਾ-ਲੈਂਦਾ ਕਿਸੇ ਕੰਮ ਲਈ ਨਵੀਂ ਆਈ ਕਰਮਚਾਰੀ ਕੁੜੀ ਕੋਲ ਪਹੁੰਚਿਆ। ਮਨ ਵਿਚ ਛਾਪ ਉਹੀ ਸੀ ਕਿ ਘੜਿਆ-ਘੜਾਇਆ ਟਾਲਣ ਵਾਲਾ ਜਵਾਬ ਹੀ ਮਿਲੇਗਾ। ਅਜਿਹਾ ਤਾਂ ਲੱਗਿਆ ਕਿ ਅਕਸਰ ਅਜਿਹਾ ਹੁੰਦਾ ਹੈ। ਇਹੀ ਕਾਰਨ ਹੈ ਕਿ ਲੋਕ ਛੋਟੇ-ਮੋਟੇ ਕੰਮ ਖ਼ੁਦ ਕਰਨ ਦੀ ਬਜਾਏ ਤੀਸਰੇ ਬੰਦੇ ਦੀ ਵਿਚੋਲਗੀ ਲੱਭਦੇ ਹਨ। ਦੁਆ-ਸਲਾਮ ਕਰਨ ਤੋਂ ਬਾਅਦ ਮੇਰੇ ਕੰਮ ਬਾਰੇ ਦੱਸਣ ਉਪਰੰਤ ਉਸ ਦੇ ਜਵਾਬ ਦੇਣ ਦੇ ਲਹਿਜ਼ੇ ਤੋਂ ਲੱਗਿਆ ਕਿ ਉਹ ਆਪਣੀ ਡਿਊਟੀ ਪ੍ਰਤੀ ਸੰਜੀਦਾ ਹੈ।

ਘਰ ਦੇ ਭਾਗ ਡਿ ਢੀ ਤੋਂ ਹੀ ਪਤਾ ਲੱਗ ਜਾਂਦੇ ਹਨ। ਉਸ ਦੀ ਬੋਲਚਾਲ ਵਿਚ ਨਿਮਰਤਾ ਸੀ। ਇਸ ਕੁੜੀ ਦੀ ਹਲੀਮੀ ਭਰੀ ਬੋਲਚਾਲ ਅਤੇ ਹਾਂ-ਪੱਖੀ ਵਤੀਰੇ ਨੇ ਮੇਰੇ ਮਨ ਅੰਦਰ ਧਰਵਾਸ ਪੈਦਾ ਕਰ ਦਿੱਤਾ ਸੀ। ਉਹ ਮੇਰੇ ਵੱਲੋਂ ਦੱਸਿਆ ਕੰਮ ਕਰਨ ਵਿਚ ਮਸਰੂਫ਼ ਹੋ ਗਈ ਸੀ। ਸ਼ਿਸ਼ਟਾਚਾਰ ਵਜੋਂ ਮੇਰੇ ਲਈ ਚਾਹ ਮੰਗਵਾਉਣ ਦੀ ਪੇਸ਼ਕਸ਼ ਵੀ ਕੀਤੀ ਪਰ ਮੈਂ ਧੰਨਵਾਦ ਸਹਿਤ ਨਾਂਹ ਕਰ ਦਿੱਤੀ ਸੀ।

ਮੇਰਾ ਕੰਮ ਕਰਦਿਆਂ ਉਸ ਕੈਬਿਨ ਵਿਚ ਕੰਮ ਕਰਵਾਉਣ ਲਈ ਇਕ ਮੁੰਡਾ ਆਇਆ। ਇਹ ਮੁੰਡਾ ਬਾਰ੍ਹਵੀਂ ਜਮਾਤ ਪਾਸ ਕਰਨ ਉਪਰੰਤ ਅਗਲੇਰੀ ਪੜ੍ਹਾਈ ਲਈ ਲੋੜੀਂਦੇ ਕਾਗਜ਼ ਬਣਵਾਉਣ ਲਈ ਕਾਗਜ਼ਾਂ ਨੂੰ ਤਸਦੀਕ ਕਰਵਾਉਣ ਆਇਆ ਸੀ। ਕਰਮਚਾਰੀ ਕੁੜੀ ਨੇ ਉਸ ਨੂੰ ਬੇਟਾ ਜੀ ਕਹਿ ਕੇ ਬੈਠਣ ਦਾ ਇਸ਼ਾਰਾ ਕਰਦਿਆਂ ਉਡੀਕ ਕਰਨ ਲਈ ਕਿਹਾ। ਇਸੇ ਦੌਰਾਨ ਹੀ ਕੰਮ ਲਈ ਆਏ ਬਜ਼ੁਰਗ ਨੂੰ ਸਤਿਕਾਰ ਨਾਲ ਬਿਠਾਇਆ ਗਿਆ ਅਤੇ ਕੁਝ ਸਮਾਂ ਉਡੀਕਣ ਬਾਰੇ ਕਿਹਾ ਗਿਆ। ਕੁੜੀ ਦੇ ਚਿਹਰੇ 'ਤੇ ਨਾ ਕੋਈ ਥਕਾਵਟ ਸੀ ਅਤੇ ਨਾ ਹੀ ਕੋਈ ਚਿੜਚਿੜਾਪਣ ਜਿਵੇਂ ਬਹੁਤੇ ਵਾਰ ਵੇਖਣ ਨੂੰ ਮਿਲਦਾ ਹੈ। ਕਿੰਨੇ ਹੀ ਖ਼ਿਆਲ ਮੇਰੇ ਮਨ ਵਿਚ ਉਸਲਵੱਟੇ ਲੈਣ ਲੱਗੇ ਸਨ।

ਕਈਆਂ ਨੂੰ ਕਿਸੇ ਦੇ ਕੰਮ ਆ ਕੇ ਸਕੂਨ ਮਿਲਦਾ ਹੈ ਅਤੇ ਕਈ ਦੂਜਿਆਂ ਦੀ ਖੱਜਲ-ਖੁਆਰੀ ਕਰਨ ਵਿਚ ਹੀ ਆਪਣੀ ਵਡਿਆਈ ਸਮਝਦੇ ਹਨ। ਬੈਠਿਆਂ-ਬੈਠਿਆਂ ਇਕ ਘਟਨਾ ਯਾਦ ਆ ਗਈ। ਇਕ ਵਾਰ ਚੰਡੀਗੜ੍ਹ ਦੇ ਵਿਭਾਗੀ ਮੁੱਖ ਦਫ਼ਤਰ ਵਿਚ ਸੁਪਰਡੈਂਟ ਕੋਲ ਬੈਠੇ ਚਾਹ ਪੀ ਰਹੇ ਸਾਂ। ਉਥੇ ਇਕ ਅਧਿਕਾਰੀ ਆਇਆ। ਉਸ ਨੇ ਦੱਸਿਆ ਕਿ ਆਪਣੇ ਬੇਟੇ ਨੂੰ ਵਿਦੇਸ਼ ਭੇਜਣਾ ਹੈ। ਵੀਹ ਲੱਖ ਰੁਪਏ ਜੀਪੀ ਫੰਡ ਵਿੱਚੋਂ ਕਢਵਾਉਣੇ ਹਨ।

ਸੁਪਰਡੈਂਟ ਨੇ ਸਿਰ ਮਾਰਦਿਆਂ ਕਿਹਾ ਕਿ ਹਾਲੇ ਬਜਟ ਅਲਾਟ ਹੋਣਾ ਹੈ। ਬਜਟ ਅਲਾਟ ਹੋਣ ਤੱਕ ਮੁਸ਼ਕਲ ਐ। ਅਧਿਕਾਰੀ ਉਨ੍ਹੀਂ ਪੈਰੀਂ ਮੁੜ ਗਿਆ। ਸੁਪਰਡੈਂਟ ਨੇ ਮੋੜ ਤਾਂ ਦਿੱਤਾ ਪਰ ਉਸ ਦੇ ਚਿਹਰੇ 'ਤੇ ਚਿੰਤਾ ਦੇ ਭਾਵ ਉੱਭਰ ਆਏ। ਗੰਭੀਰ ਹੋ ਕੇ ਕਹਿਣ ਲੱਗਾ ਕਿ ਕਿੰਨੀ ਆਸ ਨਾਲ ਕੋਈ ਆਉਂਦਾ ਹੈ ਪਰ ਜੇ ਕੰਮ ਨਾ ਹੋਵੇ ਤਾਂ ਕਿੰਨਾ ਦੁਖੀ ਹੁੰਦਾ ਹੈ। ਕੋਸ਼ਿਸ਼ ਤਾਂ ਕਰੀਦੀ ਹੈ ਕਿ ਕੋਈ ਖ਼ਾਲੀ ਨਾ ਜਾਵੇ। ਇਸੇ ਕਸ਼ਮਕਸ਼ 'ਚ ਉਸ ਨੇ ਦੋ-ਤਿੰਨ ਥਾਂ ਫੋਨ ਕਰ ਕੇ ਬਜਟ ਅਲਾਟ ਕਰਵਾ ਲਿਆ। ਵਾਪਸ ਕੀਤੇ ਅਧਿਕਾਰੀ ਨੂੰ ਫੋਨ ਕਰ ਕੇ ਰਸਤੇ ਵਿੱਚੋਂ ਮੋੜ ਲਿਆ।

ਹੁਣ ਉਹ ਇੰਜ ਮਹਿਸੂਸ ਕਰ ਰਿਹਾ ਸੀ ਜਿਵੇਂ ਉਹ ਕੋਈ ਵੱਡਾ ਪਾਪ ਕਰਨ ਤੋਂ ਬਚ ਗਿਆ ਹੋਵੇ। ਉਸ ਦੇ ਚਿਹਰੇ ਤੋਂ ਪਰੇਸ਼ਾਨੀ ਉਡ-ਪੁੱਡ ਗਈ ਸੀ। ਇਹੋ ਫ਼ਰਕ ਹੈ ਜੋ ਅਜਿਹੇ ਲੋਕਾਂ ਨੂੰ ਦੂਜਿਆਂ ਤੋਂ ਵੱਖ ਕਰਦਾ ਹੈ। ਮੇਰਾ ਕੰਮ ਹੋ ਗਿਆ ਸੀ। ਦਿਲੋਂ ਧੰਨਵਾਦ ਕੀਤਾ। ਮੈਨੂੰ ਮਹਿਸੂਸ ਹੋਇਆ ਕਿ ਉਸ ਨੇ ਮੇਰੇ ਕੰਮ ਲਈ ਕੋਈ ਉਚੇਚ ਨਹੀਂ ਸੀ ਕੀਤੀ ਸਗੋਂ ਇਹ ਉਸ ਦੇ ਸੁਭਾਅ ਦਾ ਹਿੱਸਾ ਸੀ। ਸੁਭਾਅ ਵਿਕਸਤ ਹੋਣ ਪਿੱਛੇ ਵੀ ਕਾਰਨ ਹੁੰਦੇ ਹਨ।

ਅਧਿਆਪਕ ਹੋਣ ਦੇ ਨਾਤੇ ਉਸ ਦੇ ਵਿਵਹਾਰ ਨੂੰ ਦੇਖ ਕੇ ਮੇਰੇ ਅੰਦਰ ਉਸ ਕੁੜੀ ਦੇ ਪਰਿਵਾਰ ਬਾਰੇ ਜਾਣਨ ਦੀ ਜਗਿਆਸਾ ਵਧ ਗਈ ਸੀ। ਜਦੋਂ ਕੋਈ ਬੱਚਾ ਸਮਾਜ ਵਿਚ ਵਧੀਆ ਕੰਮ ਕਰਦਾ ਹੈ, ਚੰਗਾ ਵਿਵਹਾਰ ਕਰਦਾ ਹੈ ਤਾਂ ਧਿਆਨ ਉਸ ਦੇ ਪਰਿਵਾਰ ਵੱਲ ਜ਼ਰੂਰ ਜਾਂਦਾ ਹੈ ਕਿ ਬੱਚਾ ਕਿਹੋ-ਜਿਹੇ ਮਾਹੌਲ ਵਿਚ ਜੰਮ-ਪਲ ਕੇ ਵੱਡਾ ਹੋਇਆ ਅਤੇ ਪਰਿਵਾਰ ਵੱਲੋਂ ਉਸ ਨੂੰ ਕਿਹੋ-ਜਿਹੇ ਸੰਸਕਾਰ ਮਿਲੇ। ਪਰਿਵਾਰ ਬਾਰੇ ਜਾਣ ਕੇ ਉਸ ਦੇ ਮਾਪਿਆਂ ਪ੍ਰਤੀ ਸਤਿਕਾਰ ਪ੍ਰਗਟ ਕੀਤਾ। ਦਫ਼ਤਰ ਦੀਆਂ ਪੌੜੀਆਂ ਉਤਰਦਿਆਂ ਪ੍ਰਿੰਸੀਪਲ ਤੇਜਾ ਸਿੰਘ ਦੇ ਲੇਖ 'ਘਰ ਦਾ ਪਿਆਰ' ਦੀਆਂ ਸਤਰਾਂ ਆਪ-ਮੁਹਾਰੇ ਚੇਤੇ ਦੀ ਚੰਗੇਰ ਵਿੱਚੋਂ ਫੁੱਟ ਪਈਆਂ ਸਨ। ਲੇਖਕ ਅਨੁਸਾਰ "ਕਈ ਵਾਰ ਜਦ ਮੈਂ ਕਿਸੇ ਸੱਜਣ ਨੂੰ ਕੋਝੇ, ਸੜੀਅਲ ਜਾਂ ਖਿਝੂ ਸੁਭਾਅ ਵਾਲਾ ਦੇਖਦਾ ਹਾਂ ਤਾਂ ਮੈਂ ਦਿਲ ਵਿਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ।" ਕਿਸੇ ਦੁਆਰਾ ਕੀਤਾ ਜਾਂਦਾ ਵਿਵਹਾਰ ਅਤੇ ਫ਼ਰਜ਼ਾਂ ਦੀ ਪਾਲਣਾ ਉਸ ਨੂੰ ਪਰਿਵਾਰ ਵੱਲੋਂ ਮਿਲੇ ਸੰਸਕਾਰਾਂ ਦੀ ਝਲਕ ਜ਼ਰੂਰ ਹੁੰਦੀ ਹੈ ਜਿਵੇਂ ਇਸ ਕੁਰਸੀ 'ਤੇ ਬੈਠੀ ਕੁੜੀ ਦੇ ਵਿਹਾਰ ਵਿੱਚੋਂ ਪ੍ਰਤੱਖ ਦਿਖਾਈ ਦੇ ਰਹੀ ਸੀ।

# ਭਟਕੀ ਹੋਈ ਸਮਾਰਟ ਸਿਟੀ ਮੁਹਿੰਮ

ਸਾਲ 2015 ਵਿਚ ਮੋਦੀ ਸਰਕਾਰ ਵੱਲੋਂ ਸਮਾਰਟ ਸਿਟੀ ਮੁਹਿੰਮ (ਐੱਸਸੀਐ) ਦੀ ਸ਼ੁਰੂਆਤ ਕੀਤੀ ਗਈ, ਜਿਸ ਵਿਚ ਭਾਰਤ ਦੇ ਸ਼ਹਿਰੀ ਭਵਿੱਖ ਨੂੰ ਬਦਲਣ ਦਾ ਵਾਅਦਾ ਕੀਤਾ ਗਿਆ ਸੀ। ਇਸ ਦਾ ਟੀਚਾ ਟੈਕਨਾਲੋਜੀ, ਇਨੋਵੇਸ਼ਨ ਅਤੇ ਬਿਹਤਰ ਯੋਜਨਾਬੰਦੀ ਦਾ ਇਸਤੇਮਾਲ ਕਰ ਕੇ 100 ਅਜਿਹੇ ਸ਼ਹਿਰ ਬਣਾਉਣ ਦਾ ਸੀ ਜੋ ਸਥਿਰਤਾ ਅਤੇ ਕੁਸ਼ਲਤਾ ਦੇ ਮਾਡਲ ਬਣ ਸਕਣ। ਅੱਜ ਲਗਪਗ ਇਕ ਦਹਾਕੇ ਬਾਅਦ ਡੇਢ ਲੱਖ ਕਰੋੜ ਰੁਪਏ ਦੇ ਨਿਵੇਸ਼ ਦੇ ਬਾਵਜੂਦ ਭਾਰਤੀ ਸ਼ਹਿਰ ਇਕ ਵੱਖਰੀ

ਅਨੁਰੋਧ ਲਲਿਤ ਜੈਨ

ਕਹਾਣੀ ਦੱਸਦੇ ਹਨ। ਜਦੋਂ ਗੁਰੂਗ੍ਰਾਮ, ਬੈਂਗਲੁਰੂ ਅਤੇ ਮੁੰਬਈ ਵਿਚ ਭਾਰੀ ਬਰਸਾਤ ਨੇ ਸੜਕਾਂ ਨੂੰ ਜਲਮਗਨ ਕਰ ਦਿੱਤਾ ਤਾਂ ਪਾਣੀ ਨਾਲ ਭਰੇ ਮਾਰਗਾਂ 'ਤੇ ਫਸੇ ਯਾਤਰੀਆਂ ਨੂੰ ਉਹ 'ਸਮਾਰਟਨੈੱਸ' ਕਿਤੇ ਵੀ ਨਹੀਂ ਦਿਖਾਈ ਦਿੱਤੀ ਜਿਸ ਦਾ ਵਾਅਦਾ ਕੀਤਾ ਗਿਆ ਸੀ। ਭਵਿੱਖ ਦਾ ਖਾਕਾ ਬਣਨ ਵਾਲੀ ਇਹ ਮੁਹਿੰਮ ਚੋਣਵੀਂ ਸੁੰਦਰਤਾ ਅਤੇ ਭਟਕੀਆਂ ਹੋਈ ਤਰਜੀਹਾਂ ਦਾ ਪ੍ਰਦਰਸ਼ਨ ਬਣ ਕੇ ਰਹਿ ਗਈ ਹੈ। ਵਿਸ਼ਵ ਬੈਂਕ ਮੁਤਾਬਕ ਭਾਰਤ ਦੀ ਸ਼ਹਿਰੀ ਆਬਾਦੀ 2050 ਤੱਕ ਲਗਪਗ 95.1 ਕਰੋੜ ਹੋ ਜਾਵੇਗੀ। ਦਿੱਲੀ, ਮੁੰਬਈ, ਬੈਂਗਲੁਰੂ ਜਿਹੇ ਮਹਾਨਗਰਾਂ ਦਾ ਵਿਸਥਾਰ ਜਾਰੀ ਹੈ, ਓਥੇ ਹੀ ਭੁਬਨੇਸ਼ਵਰ, ਕੋਇੰਬਟੂਰ, ਇੰਦੌਰ, ਜੈਪੁਰ ਵਰਗੇ ਸ਼ਹਿਰ ਵਿਕਾਸ ਦੇ ਨਵੇਂ ਕੇਂਦਰ ਬਣ ਰਹੇ ਹਨ।

ਬਦਲਾਅ ਦੀ ਇਹ ਰਫ਼ਤਾਰ ਸ਼ਹਿਰੀ ਢਾਂਚਿਆਂ 'ਤੇ ਭਾਰੀ ਦਬਾਅ ਪੈਦਾ ਕਰ ਰਹੀ ਹੈ। ਗ਼ੈਰ-ਯੋਜਨਾਬੱਧ ਨਿਰਮਾਣਾਂ ਸਦਕਾ ਪਾਣੀ ਨਿਕਾਸੀ ਪ੍ਰਣਾਲੀ ਜਵਾਬ ਦੇ ਰਹੀ ਹੈ, ਰਿਹਾਇਸ਼ ਥਾਵਾਂ ਦੀ ਕਮੀ ਲੋਕਾਂ ਨੂੰ ਗ਼ੈਰ-ਕਾਨੂੰਨੀ ਬਸਤੀਆਂ ਵਿਚ ਧੱਕ ਰਹੀ ਹੈ ਅਤੇ ਆਵਾਜਾਈ ਨੈੱਟਵਰਕ ਵਧਦੇ ਟਰੈਫਿਕ ਦੇ ਦਬਾਅ ਵਿਚ ਢਹਿ-ਢੇਰੀ ਹੋ ਰਿਹਾ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਸਮਾਰਟ ਸਿਟੀ ਮੁਹਿੰਮ ਨੂੰ ਇਨ੍ਹਾਂ ਸ਼ਹਿਰਾਂ ਕੋਲ ਨਵੇਂ ਗ੍ਰੀਨਫੀਲਡ ਉਪਨਗਰਾਂ ਦੇ ਨਿਰਮਾਣ 'ਤੇ ਧਿਆਨ ਦੇਣਾ



ਚਾਹੀਦਾ ਸੀ। ਬਜਾਏ ਇਸ ਦੇ ਇਸ ਨੇ ਮੌਜੂਦਾ ਸ਼ਹਿਰਾਂ ਦੇ ਛੋਟੇ-ਛੋਟੇ ਹਿੱਸਿਆਂ ਦੇ ਸੁੰਦਰੀਕਰਨ, ਓਵਰਬ੍ਰਿਜ ਨਵੀਨੀਕਰਨ, ਸਟਰੀਟ ਲਾਈਟਾਂ ਦੇ ਡਿਜੀਟਾਈਜ਼ੇਸ਼ਨ ਅਤੇ ਨਿਯੰਤਰਣ ਕੇਂਦਰ ਸਥਾਪਤ ਕਰਨ 'ਤੇ ਹੀ ਜ਼ਿਆਦਾ ਧਿਆਨ ਕੇਂਦਰਿਤ ਕੀਤਾ। ਪਾਣੀ ਦੀ ਨਿਕਾਸੀ ਅਤੇ ਰਿਹਾਇਸ਼ ਵਰਗੀਆਂ ਡੂੰਘੀਆਂ ਸਮੱਸਿਆਵਾਂ ਦਾ ਹੱਲ ਨਹੀਂ ਕੀਤਾ ਗਿਆ। ਇਸ ਦੇ ਮਾੜੇ ਨਤੀਜੇ ਮੌਨਸੂਨ ਦੇ ਮੌਸਮ ਵਿਚ ਦੇਖੇ ਗਏ। ਅਟਲ ਮਿਸ਼ਨ ਫਾਰ ਰੀਜੁਵੇਨੇਸ਼ਨ ਐਂਡ ਅਰਬਨ ਟ੍ਰਾਂਸਫਰਮੇਸ਼ਨ, ਯਾਨੀ ਅੰਮ੍ਰਿਤ ਭਾਰਤ ਸਰਕਾਰ ਦੀ ਇਕ ਹੋਰ ਮਹੱਤਵਪੂਰਨ ਯੋਜਨਾ ਹੈ। ਇਸ ਦਾ ਟੀਚਾ 500 ਸ਼ਹਿਰਾਂ ਵਿਚ ਬੁਨਿਆਦੀ ਸੁਵਿਧਾਵਾਂ ਦਾ ਵਿਕਾਸ ਕਰਨਾ ਹੈ। ਇਸ ਮੁਹਿੰਮ ਵਿਚ ਪੀਣ ਵਾਲੇ ਪਾਣੀ, ਸੀਵਰੇਜ ਪ੍ਰਣਾਲੀ, ਮੀਂਹ ਦੇ ਪਾਣੀ ਦੀ ਨਿਕਾਸੀ ਅਤੇ ਹਰੇ-ਭਰੇ ਸਥਾਨਾਂ ਵਰਗੀਆਂ ਬੁਨਿਆਦੀ ਸੁਵਿਧਾਵਾਂ ਨੂੰ ਠੀਕ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਇਸ ਦੇ ਪਹਿਲੇ ਪੜਾਅ ਵਿਚ ਲਗਪਗ ਪੰਜ ਸਾਲਾਂ ਲਈ 50,000 ਕਰੋੜ ਰੁਪਏ ਦਾ ਬਜਟ ਸੀ। ਦੂਜੇ ਪੜਾਅ ਵਿਚ ਲਗਪਗ 2.9 ਲੱਖ ਕਰੋੜ ਰੁਪਏ। ਇਸ ਦਾ ਟੀਚਾ ਸ਼ਹਿਰੀ ਭਾਰਤ ਵਿਚ ਪਾਣੀ ਅਤੇ ਸੀਵਰੇਜ ਪ੍ਰਣਾਲੀ ਨੂੰ ਬਿਹਤਰ ਕਰਨਾ ਸੀ ਪਰ ਇਸ ਬਰਸਾਤ ਵਿਚ ਦੇਸ਼ ਨੇ ਦੇਖਿਆ ਕਿ ਸ਼ਹਿਰਾਂ ਦੀ ਕਿਹੋ ਜਿਹੀ ਦੁਰਦਸ਼ਾ ਹੋਈ। ਸਾਡੇ ਛੋਟੇ-ਵੱਡੇ ਸ਼ਹਿਰ ਹਰ ਬਰਸਾਤ ਦੌਰਾਨ ਟਾਪੂਆਂ ਵਿਚ ਬਦਲ ਜਾਂਦੇ ਹਨ ਜਿਸ ਨਾਲ ਜਨਜੀਵਨ ਪ੍ਰਭਾਵਿਤ ਹੁੰਦਾ ਹੈ।

ਗਦਾ ਹੈ ਕਿ ਭਾਰਤ ਦੇ ਸ਼ਹਿਰੀ ਵਿਕਾਸ ਦੇ ਪ੍ਰੋਗਰਾਮ ਅਜੇ ਵੀ ਵੱਖ-ਵੱਖ ਤਰੀਕਿਆਂ ਨਾਲ ਡਿਜ਼ਾਈਨ ਕੀਤੇ ਜਾਂਦੇ ਹਨ। ਨਵੀਂ ਦਿੱਲੀ ਵਿਚ ਤਿਆਰ ਕੀਤੀਆਂ ਯੋਜਨਾਵਾਂ ਸ਼ਾਇਦ ਭਾਰਤੀ ਸ਼ਹਿਰਾਂ ਦੀ ਵੰਨ-ਸੁਵੰਨਤਾ ਨਾਲ ਭਰੀਆਂ ਹਕੀਕਤਾਂ ਤੋਂ ਅਨਜਾਣ ਹੋ ਕੇ ਤਿਆਰ ਕੀਤੀਆਂ ਜਾਂਦੀਆਂ ਹਨ। ਸ਼ਹਿਰਾਂ ਦੇ ਬਿਹਤਰ ਭਵਿੱਖ ਲਈ ਇਨ੍ਹਾਂ ਨੁਕਸਾਂ ਨੂੰ ਦੂਰ ਕਰਨਾ ਹੋਵੇਗਾ ਅਤੇ ਸਥਾਨਕ ਸਰਕਾਰਾਂ ਵਿਭਾਗਾਂ ਨੂੰ ਮਜ਼ਬੂਤ ਬਣਾਉਣ ਦੇ ਨਾਲ-ਨਾਲ ਲੰਬੇ ਸਮੇਂ ਦੀ ਯੋਜਨਾ ਨੂੰ ਸ਼ਹਿਰੀ ਨੀਤੀ ਦਾ ਕੇਂਦਰ ਬਣਾਉਣਾ ਹੋਵੇਗਾ।

ਹਾਲਾਂਕਿ ਸਰਕਾਰ ਨੇ ਗੁਜਰਾਤ ਵਿਚ ਧੋਲੇਰਾ, ਗਿਫਟ ਸਿਟੀ, ਔਰੰਗਾਬਾਦ ਉਦਯੋਗਿਕ ਸ਼ਹਿਰ ਅਤੇ ਗ੍ਰੇਟਰ ਨੋਇਡਾ ਵਰਗੀਆਂ ਕੁਝ ਗ੍ਰੀਨਫੀਲਡ ਪਹਿਲਾਂ ਨੂੰ ਅੱਗੇ ਵਧਾਇਆ ਹੈ। ਸੰਨ 2024 ਵਿਚ ਰਾਸ਼ਟਰੀ ਉਦਯੋਗਿਕ ਕੋਰੀਡੋਰ ਵਿਕਾਸ ਪ੍ਰੋਗਰਾਮ(ਐਨਆਈਸੀਡੀਪੀ) ਤਹਿਤ ਇਕ ਦਰਜਨ ਨਵੇਂ ਉਦਯੋਗਿਕ ਕੇਂਦਰਾਂ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ। ਚੰਗਾ ਹੋਵੇਗਾ ਕਿ ਇਨ੍ਹਾਂ ਵਿਚ ਸਮਾਵੇਸ਼ੀ ਸ਼ਹਿਰੀ ਵਿਕਾਸ ਦੀਆਂ ਵਿਆਪਕ ਚੁਣੌਤੀਆਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ। ਭਾਰਤ ਦੇ ਸ਼ਹਿਰੀ ਵਿਕਾਸ ਨੂੰ ਸੁੰਦਰਤਾ ਤੋਂ ਹਟ ਕੇ ਨਵੇਂ ਗ੍ਰੀਨਫੀਲਡ ਨਿਰਮਾਣ ਵੱਲ ਵਧਣਾ ਹੋਵੇਗਾ।

ਜਿਸ ਤਰ੍ਹਾਂ ਚੀਨ ਨੇ ਸ਼ੇਂਜ਼ੇਨ ਨੂੰ ਇਕ ਮੱਛੀ ਫੜਨ ਵਾਲੇ ਪਿੰਡ ਤੋਂ ਤਕਨੀਕੀ ਅਤੇ ਵਿੱਤ ਦੇ ਆਲਮੀ ਕੇਂਦਰ ਵਿਚ ਬਦਲ ਦਿੱਤਾ, ਉਸੇ ਤਰ੍ਹਾਂ ਭਾਰਤ ਨੂੰ ਵੀ ਨਵੇਂ ਸ਼ਹਿਰੀ ਕੇਂਦਰ ਬਣਾਉਣ ਦੀ ਇੱਛਾ-ਸ਼ਕਤੀ ਦਿਖਾਉਣੀ ਹੋਵੇਗੀ ਜੋ ਲੋਕਾਂ ਅਤੇ ਨਿਵੇਸ਼, ਦੋਹਾਂ ਨੂੰ ਆਕਰਸ਼ਿਤ ਕਰ ਸਕਣ। ਸ਼ਹਿਰਾਂ ਦੇ ਆਕਰਸ਼ਣ ਨੂੰ ਸਿਰਫ਼ ਉੱਚੀਆਂ ਇਮਾਰਤਾਂ ਅਤੇ ਰਾਜਮਾਰਗਾਂ ਨਾਲ ਨਹੀਂ, ਸਗੋਂ ਬੁਨਿਆਦੀ ਸੁਵਿਧਾਵਾਂ ਦੀ ਸੁਗਮਤਾ ਨਾਲ ਮਾਪਿਆ ਜਾਣਾ ਚਾਹੀਦਾ ਹੈ।

ਵਿੱਤੀ ਉਤਸ਼ਾਹਾਂ ਜ਼ਰੀਏ ਗ੍ਰੀਨਫੀਲਡ ਪ੍ਰੋਜੈਕਟਾਂ ਨੂੰ ਜ਼ਮੀਨ 'ਤੇ ਲਿਆਂਦਾ ਜਾ ਸਕਦਾ ਹੈ। ਭਾਰਤ ਵਿਚ ਪ੍ਰਾਪਰਟੀ ਟੈਕਸ ਦੀ ਪਾਲਣਾ ਬਹੁਤ ਘੱਟ ਹੈ, ਜਦਕਿ ਸਟੈਂਪ ਡਿਊਟੀ ਦੁਨੀਆ ਵਿਚ ਸਭ ਤੋਂ ਵੱਧ ਹੈ ਜੋ ਰਸਮੀ ਲੈਣ-ਦੇਣ ਦੇ ਰੁਝਾਨ ਨੂੰ ਭਾਰੀ ਸੱਟ ਮਾਰਦੀ ਹੈ। ਨਵੀਆਂ ਸਮਾਰਟ ਸਿਟੀਆਂ ਨੂੰ ਇਨ੍ਹਾਂ ਟੈਕਸਾਂ ਨਾਲ ਦਬਾਉਣ ਦੀ ਬਜਾਏ ਸਰਕਾਰ ਪਹਿਲੇ ਦਹਾਕੇ ਲਈ ਘੱਟ ਪ੍ਰਾਪਰਟੀ ਟੈਕਸ, ਘੱਟ ਸਟੈਂਪ ਡਿਊਟੀ ਅਤੇ ਸੁਵਿਧਾਜਨਕ ਮਨਜ਼ੂਰੀ ਦੀ ਪੇਸ਼ਕਸ਼ ਕਰ ਸਕਦੀ ਹੈ।

ਸਹੀ ਪ੍ਰੋਤਸਾਹਨਾਂ ਅਤੇ ਯੋਜਨਾਬੰਦੀ ਨਾਲ ਵੱਡੇ ਸ਼ਹਿਰਾਂ ਦੇ ਨੇੜੇ ਉਪ-ਨਗਰ ਨਵੇਂ ਮੌਕਿਆਂ ਦੇ ਕੇਂਦਰਾਂ ਵਜੋਂ ਵਿਕਸਤ ਹੋ ਸਕਦੇ ਹਨ। ਹਾਲੀਆ ਸਾਲਾਂ ਵਿਚ ਭਾਰਤ ਦੇ ਚਮਕਦਾਰ ਮਹਾਨਗਰਾਂ ਨੂੰ ਡੋਬਣ ਵਾਲੀ ਬਰਸਾਤ ਨੂੰ ਸਿਰਫ਼ ਮੌਸਮੀ ਘਟਨਾ ਦੇ ਤੌਰ 'ਤੇ ਨਹੀਂ, ਸਗੋਂ ਸ਼ਹਿਰਾਂ ਦੇ ਗ਼ਲਤ ਵਿਕਾਸ ਦੀ ਦੇਣ ਦੇ ਤੌਰ 'ਤੇ ਦੇਖਿਆ ਜਾਣਾ ਚਾਹੀਦਾ ਹੈ। ਭਾਰਤ ਦੇ ਸ਼ਹਿਰੀਕਰਨ ਦੀ ਰਫ਼ਤਾਰ ਉਮੀਦ ਨਾਲੋਂ ਤੇਜ਼ ਹੈ। ਸਾਡੇ ਸਾਹਮਣੇ ਬਦਲ ਸਪੱਸ਼ਟ ਹੈ। ਜਾਂ ਤਾਂ ਅਸੀਂ ਤਣਾਅਗ੍ਰਸਤ ਮਹਾਨਗਰਾਂ ਵਿਚ ਉਪਰਲੀ ਸਤ੍ਹਾ 'ਤੇ ਕੰਮ ਕਰੀਏ ਜਾਂ ਫਿਰ ਹਿੰਮਤ ਨਾਲ ਨਵੇਂ, ਚੰਗੀ ਤਰ੍ਹਾਂ ਨਾਲ ਵਿੱਤ ਪੋਸ਼ਿਤ ਅਤੇ ਹਕੀਕੀ ਤੌਰ 'ਤੇ ਰਹਿਣ ਦੇ ਯੋਗ ਸ਼ਹਿਰਾਂ ਦਾ ਨਿਰਮਾਣ ਕਰੀਏ।

# ਹੜ੍ਹਾਂ ਦੀ ਮਾਰ, ਕੁਦਰਤ ਅਤੇ ਮਨੁੱਖ

ਬਲਦੇਵ ਸਿੰਘ ਸਰਾਂ, ਦਰਸ਼ਨ ਸਿੰਘ ਭੁੱਲਰ

ਪੰਜਾਬ ਦਾ ਨਾਮ ਪਾਣੀਆਂ ਤੋਂ ਹੀ ਪਿਆ ਹੈ, ਪਰ ਕਈ ਸਾਲਾਂ ਤੋਂ ਪਾਣੀ ਹੀ ਪੰਜਾਬ ਨੂੰ ਬਰਬਾਦ ਕਰ ਰਿਹਾ ਹੈ। ਬਰਬਾਦੀ ਦਾ ਸ਼ਿਕਾਰ ਸਭ ਤੋਂ ਵੱਧ ਪੇਂਡੂ ਤਬਕਾ ਖਾਸ ਕਰ ਕੇ ਕਿਸਾਨ ਹੋ ਰਿਹਾ ਹੈ। ਉਂਝ, ਹੜ੍ਹਾਂ ਲਈ ਕੁਦਰਤ ਨਾਲੋਂ ਮਨੁੱਖਾਂ ਦਾ ਅਵੇਸਲਾਪਣ, ਲਾਲਚ ਅਤੇ ਗ਼ੈਰ-ਮਨੁੱਖੀ ਖਹਿਬਾਜ਼ੀ ਕਿਤੇ ਵੱਧ ਜ਼ਿੰਮੇਵਾਰ ਹੈ। ਪੰਜਾਬ 'ਚ ਇਸ ਵਕਤ ਤਿੰਨ ਦਰਿਆਵਾਂ ਉਪਰ ਡੈਮ ਹਨ। ਡੈਮਾਂ ਦਾ ਮੁੱਖ ਮਕਸਦ ਪਾਣੀ ਨੂੰ ਕੁੰਡ (Reservior) 'ਚ ਜਮ੍ਹਾਂ ਕਰ ਕੇ ਕਾਬੂ ਕਰਨਾ ਹੁੰਦਾ ਹੈ ਤਾਂ ਕਿ ਘਰਾਂ ਤੇ ਉਦਯੋਗਾਂ ਲਈ ਪਾਣੀ ਦੀ ਸਪਲਾਈ, ਖੇਤੀਬਾੜੀ ਲਈ ਸਿੰਜਾਈ, ਹੜ ਕੰਟਰੋਲ ਅਤੇ ਪਣ-ਬਿਜਲੀ ਉਤਪਾਦਨ ਸਮੇਤ ਕਈ ਉਦੇਸ਼ਾਂ ਦੀ ਪੂਰਤੀ ਕੀਤੀ ਜਾ ਸਕੇ। ਡੈਮ ਯਕੀਨੀ ਬਣਾਉਂਦੇ ਹਨ ਕਿ ਪਾਣੀ ਜਦੋਂ ਅਤੇ ਜਿੱਥੇ ਲੋੜ ਹੋਵੇ, ਉਪਲਬਧ ਹੋਵੇ। ਕੀ ਇਹ ਡੈਮ ਆਪਣੇ ਉਦੇਸ਼, ਖਾਸ ਕਰ ਕੇ ਹੜ੍ਹ ਰੋਕਣ ਦੀ ਪੂਰਤੀ ਕਰ ਰਹੇ ਹਨ? ਸਰਕਾਰਾਂ ਅਤੇ ਮਾਹਿਰ ਭਾਵੇਂ ਕਹਿ ਰਹੇ ਹਨ ਕਿ ਪੰਜਾਬ ਦੇ ਦਰਿਆਵਾਂ ਵਿੱਚ ਪਿਛਲੇ ਸਮਿਆਂ ਦੇ ਮੁਕਾਬਲੇ ਪਾਣੀ ਘਟ ਰਿਹਾ ਹੈ ਪਰ ਇਸ ਦੇ ਬਾਵਜੂਦ 2019, 2023 ਅਤੇ ਹੁਣ 2025 ਵਿੱਚ ਡੈਮਾਂ ਵਿੱਚੋਂ ਵਾਧੂ ਪਾਣੀ ਛੱਡਣ ਕਰ ਕੇ ਹੀ ਪੰਜਾਬ ਨੂੰ ਹੜ੍ਹਾਂ ਦਾ ਸਾਹਮਣਾ ਪਿਆ। ਇਹ ਅਚਾਨਕ ਨਹੀਂ ਹੋ ਰਿਹਾ, ਕਿਉਂਕਿ ਆਧੁਨਿਕ ਵਿਗਿਆਨ ਮੌਸਮ ਬਾਰੇ ਠੀਕ-ਠੀਕ ਜਾਣਕਾਰੀ ਦੇਣ ਦੇ ਸਮਰੱਥ ਹੈ। ਇਸ ਵਾਰ ਮੌਸਮ ਵਿਭਾਗ ਨੇ 15 ਅਪਰੈਲ ਨੂੰ ਹੀ ਖ਼ਬਰਦਾਰ ਕਰ ਦਿੱਤਾ ਸੀ ਕਿ ਮੀਂਹ ਆਮ ਨਾਲੋਂ 105% ਵੱਧ ਪੈਣਗੇ। ਜੇ ਡੈਮ ਮੌਸਮ ਦੀ ਭਵਿੱਖਬਾਣੀ ਧਿਆਨ ਵਿੱਚ ਰੱਖ ਕੇ ਖਾਲੀ ਕਰਵਾ ਲਏ ਜਾਣ ਤਾਂ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ। ਸਮੇਂ ਸਿਰ ਡੈਮ ਖਾਲੀ ਕਰਨ ਨਾਲ ਮੀਂਹ ਵੇਲੇ ਵੀ ਕੈਚਮੈਂਟ ਏਰੀਏ ਤੋਂ ਆ ਰਹੇ ਪਾਣੀ ਨੂੰ ਪੂਰਾ ਛੱਡਣ ਦੀ ਬਜਾਏ ਨਿਯਮਤ (Regulate) ਕੀਤਾ ਜਾ ਸਕਦਾ ਹੈ। ਭਾਖੜਾ ਡੈਮ ਦੀ ਗੋਬਿੰਦ ਸਾਗਰ ਝੀਲ ਵਿੱਚ ਕੁੱਲ 9621 ਮਿਲੀਅਨ ਕਿਊਬਕ ਮੀਟਰ (7.8 ਮਿਲੀਅਨ ਏਕੜ ਫੁੱਟ) ਪਾਣੀ ਜਮ੍ਹਾਂ ਕੀਤਾ ਜਾ ਸਕਦਾ ਹੈ। ਇਸ ਦੀ ਸਮਰੱਥਾ (Live Storage Capacity) 7191 ਮਿਲੀਅਨ ਕਿਊਬਕ ਮੀਟਰ (5.83 ਮਿਲੀਅਨ ਏਕੜ ਫੁੱਟ) ਹੈ। ਡੈਮ ਨੂੰ ਵੱਧ ਤੋਂ ਵੱਧ 1680 ਫੁੱਟ ਤੱਕ ਭਰਿਆ ਜਾ ਸਕਦਾ ਹੈ ਅਤੇ 1462 ਫੁੱਟ (Minimum Drawdown Level-MDDL) ਤੱਕ ਖਾਲੀ ਕੀਤਾ ਜਾ ਸਕਦਾ ਹੈ। ਇਹ ਡੈਮ ਤਕਰੀਬਨ 6 ਮਿਲੀਅਨ ਏਕੜ ਫੁੱਟ ਪਾਣੀ ਰੱਖਣ ਦੀ ਸਮਰੱਥਾ ਰੱਖਦਾ ਹੈ। ਡੈਮ ਨੂੰ ਮੌਨਸੂਨ ਦੌਰਾਨ ਸਤੰਬਰ ਤੱਕ ਭਰਿਆ ਜਾਂਦਾ ਹੈ ਅਤੇ ਅਕਤੂਬਰ ਤੋਂ ਲੋੜ ਮੁਤਾਬਿਕ ਤੇ ਸੰਭਾਵੀ ਪਾਣੀ ਦੀ ਆਮਦ ਦੇ ਮੱਦੇਨਜ਼ਰ ਖਾਲੀ ਕੀਤਾ ਜਾਣਾ ਚਾਹੀਦਾ ਹੈ। ਕੀ ਡੈਮ ਅਪ੍ਰੇਸ਼ਨ ਵਿਧੀ ਸੁਚਾਰੂ ਢੰਗ ਨਾਲ ਅਪਣਾਈ ਜਾ ਰਹੀ ਹੈ? ਡੈਮ ਖਾਲੀ ਹੋਣ ਦਾ ਸਬੰਧ ਪਾਣੀ ਦੀ ਵਰਤੋਂ ਨਾਲ ਜੁੜਿਆ ਹੈ। ਡੈਮਾਂ ਦਾ ਪਾਣੀ ਮੁੱਖ ਤੌਰ 'ਤੇ ਪੰਜਾਬ, ਹਰਿਆਣਾ ਤੇ ਰਾਜਸਥਾਨ ਨੂੰ ਮਿਥੇ ਅਨੁਪਾਤ ਅਨੁਸਾਰ ਦਿੱਤਾ ਜਾਂਦਾ ਹੈ। ਹਰਿਆਣਾ ਤੇ ਰਾਜਸਥਾਨ ਆਪਣੇ ਹਿੱਸੇ ਦਾ ਪਾਣੀ ਵਰਤ ਕੇ ਵਾਧੂ ਮੰਗਦੇ ਹਨ, ਪਰ ਪੰਜਾਬ ਆਪਣੇ ਹਿੱਸੇ ਦਾ ਪੂਰਾ ਪਾਣੀ ਨਹੀਂ ਵਰਤ ਰਿਹਾ। ਪੀਣ ਅਤੇ ਘਰੇਲੂ ਵਰਤੋਂ ਲਈ: ਕੀ ਪੰਜਾਬ ਸਰਕਾਰ ਪੀਣ ਅਤੇ ਘਰੇਲੂ ਵਰਤੋਂ ਲਈ ਨਹਿਰੀ ਪਾਣੀ ਹਰ ਘਰ ਤੱਕ ਪਹੁੰਚਦਾ ਕਰ ਸਕੀ ਹੈ? 2023 ਤੱਕ 919 ਸਕੀਮਾਂ ਰਾਹੀਂ ਸਿਰਫ਼ 1852 ਬਸਤੀਆਂ (Habitants) ਨੂੰ ਹੀ ਨਹਿਰੀ ਪਾਣੀ ਮਿਲ ਰਿਹਾ ਹੈ; ਬਾਕੀ 12880 ਬਸਤੀਆਂ ਨੂੰ ਤਕਰੀਬਨ 8628 ਟਿਊਬਵੈੱਲਾਂ ਤੇ ਨਲਕਿਆਂ ਦਾ ਪਾਣੀ ਹੀ ਮਿਲ ਰਿਹਾ ਹੈ। ਪੰਜਾਬ ਨੂੰ ਘਰੇਲੂ ਵਰਤੋਂ ਲਈ 1.78 ਮਿਲੀਅਨ ਏਕੜ ਫੁੱਟ ਪਾਣੀ ਸਾਲਾਨਾ ਚਾਹੀਦਾ ਹੈ। ਆਜ਼ਾਦੀ ਦੇ 78 ਸਾਲ ਬੀਤ ਜਾਣ 'ਤੇ ਵੀ ਦਰਿਆਵਾਂ ਦੀ ਧਰਤੀ ਦੇ ਬਾਸ਼ਿੰਦਿਆਂ ਨੂੰ ਪੀਣ ਲਈ ਸਾਫ਼ ਅਤੇ ਸਿਹਤਮੰਦ ਪਾਣੀ ਨਹੀਂ ਮਿਲ ਰਿਹਾ।



**ਖੇਤੀ ਲਈ:** ਵੱਖ-ਵੱਖ ਰਿਪੋਰਟਾਂ ਵਿੱਚ ਪੰਜਾਬ ਦੀ ਪਾਣੀ ਦੀ ਸਾਲਾਨਾ ਲੋੜ ਭਾਵੇਂ ਵੱਖ-ਵੱਖ ਹੈ ਪਰ ਪੰਜਾਬ ਸਰਕਾਰ ਦੇ 2023 ਵਾਲੇ ਖੇਤੀ ਨੀਤੀ ਖਰੜੇ ਮੁਤਾਬਿਕ, ਪੰਜਾਬ ਨੂੰ ਸਾਲਾਨਾ 57.73 ਮਿਲੀਅਨ ਏਕੜ ਫੁੱਟ ਪਾਣੀ ਦੀ ਜ਼ਰੂਰਤ ਹੈ। ਇਸ ਦੀ ਪੂਰਤੀ ਲਈ ਤਕਰੀਬਨ ਭਾਖੜਾ ਡੈਮ ਦੀ ਸਮਰੱਥਾ ਦੇ ਬਰਾਬਰ ਦੇ 8 ਡੈਮ ਚਾਹੀਦੇ ਹਨ। ਕੀ ਪੰਜਾਬ ਸਿੰਜਾਈ ਲਈ ਨਹਿਰੀ ਪਾਣੀ ਦੀ ਪੂਰੀ ਵਰਤੋਂ ਕਰ ਰਿਹਾ ਹੈ? ਨਹਿਰੀ ਪਾਣੀ ਪ੍ਰਤੀ ਜਿੰਨੀ ਬੇਰੁਖੀ ਪੰਜਾਬ ਦੇ ਲੋਕਾਂ, ਖਾਸ ਕਰ ਕੇ ਕਿਸਾਨ ਨੇ ਅਪਣਾਈ ਹੈ, ਓਨੀ ਸ਼ਾਇਦ ਹੀ ਕਿਤੇ ਕਿਸੇ ਨੇ ਅਪਣਾਈ ਹੋਵੇ। ਪੰਜਾਬ ਵਿੱਚ ਤਕਰੀਬਨ 15 ਲੱਖ ਬਿਜਲੀ/ਸੂਰਜੀ ਟਿਊਬਵੈੱਲ ਹਨ। ਕਿਸਾਨਾਂ ਨੇ ਰਾਤ ਵੇਲੇ ਤਾਂ ਨਹਿਰੀ ਪਾਣੀ ਦੀ ਵਾਰੀ ਲਾਉਣੀ ਛੱਡ ਹੀ ਦਿੱਤੀ ਹੈ। ਨਹਿਰੀ ਪਾਣੀ ਤੋਂ ਸਿਰਫ਼ ਤਕਰੀਬਨ 24% ਸਿੰਜਾਈ ਹੀ ਕੀਤੀ ਜਾਂਦੀ ਹੈ; ਬਾਕੀ 76% ਸਿੰਜਾਈ ਬਿਜਲੀ/ਸੂਰਜੀ ਟਿਊਬਵੈੱਲਾਂ ਰਾਹੀਂ ਹੁੰਦੀ ਹੈ। ਇੱਕ ਤਾਂ ਪੰਜਾਬ ਦਾ ਫ਼ਸਲੀ ਚੱਕਰ ਹੀ ਐਸਾ ਹੈ ਕਿ ਜਦੋਂ ਡੈਮ ਖਾਲੀ ਕਰਨ ਦਾ ਸਮਾਂ ਹੁੰਦਾ ਹੈ, ਮੁੱਖ ਫਸਲ ਕਣਕ ਹੁੰਦੀ ਹੈ ਜਿਸ ਨੂੰ ਪਾਣੀ ਦੀ ਬਹੁਤ ਘੱਟ ਲੋੜ ਹੁੰਦੀ ਹੈ; ਦੂਜਾ, ਰਾਤ ਵੇਲੇ ਪਾਣੀ ਲਾਉਣਾ ਕਿਸਾਨ ਪਸੰਦ ਨਹੀਂ ਕਰਦੇ ਤੇ ਕਣਕ ਦੀ ਬਹੁਤੀ ਸਿੰਜਾਈ ਟਿਊਬਵੈੱਲਾਂ ਰਾਹੀਂ ਕੀਤੀ ਜਾਂਦੀ ਹੈ; ਤੀਜਾ, ਮੋਘਿਆਂ ਦਾ ਆਕਾਰ ਇੰਨਾ ਛੋਟਾ ਹੈ ਕਿ ਪ੍ਰਤੀ ਏਕੜ ਜਿੰਨਾ ਸਮਾਂ ਪਾਣੀ ਦਿੱਤਾ ਜਾਂਦਾ ਹੈ, ਉਸ ਸਮੇਂ ਵਿੱਚ ਪੂਰਾ ਏਕੜ ਸਿੰਜਿਆ ਨਹੀਂ ਜਾ ਸਕਦਾ; ਚੌਥਾ, ਪੰਜਾਬ ਦੇ ਹਰ ਖੇਤ ਨੂੰ ਨਹਿਰੀ ਪਾਣੀ ਉਪਲਬਧ ਨਹੀਂ ਹੋ ਸਕਿਆ, ਕਿਉਂਕਿ ਇੱਕ ਤਾਂ ਲੋੜ ਮੁਤਾਬਿਕ ਬਨਿਆਦੀ ਢਾਂਚਾ ਪਹਿਲਾਂ ਉਸਾਰਿਆ ਹੀ ਨਹੀਂ ਗਿਆ, ਰਹਿੰਦੀ ਕਸਰ ਲੋਕਾਂ ਨੇ ਨਹਿਰੀ ਖਾਲ ਵਾਹ ਕੇ ਪੂਰੀ ਕਰ ਦਿੱਤੀ।

ਮੌਨਸੂਨ ਤੋਂ ਪਹਿਲਾਂ ਡੈਮਾਂ 'ਚ ਪਾਣੀ ਘਟਾਉਣਾ ਜਾਂ ਖਾਲੀ ਕਰਨਾ: ਪਣ-ਬਿਜਲੀ ਟ੍ਰਬਾਈਨਾਂ ਰਾਹੀਂ ਪਾਣੀ ਵਰਤ ਕੇ ਡੈਮ ਨੂੰ ਡਰਾਅ-ਡਾਊਨ ਲੈਵਲ (ਘੱਟੋ-ਘੱਟ) ਤੱਕ ਖਾਲੀ ਕੀਤਾ ਜਾ ਸਕਦਾ ਹੈ। ਜਦੋਂ ਰਾਜਾਂ ਨੂੰ ਪਾਣੀ ਦੀ ਜ਼ਰੂਰਤ ਨਾ ਹੋਵੇ ਤਾਂ ਪਣ-ਬਿਜਲੀ ਬਣਾਉਣ 'ਤੇ ਪਾਣੀ ਪਾਕਿਸਤਾਨ ਵੱਲ ਵਹੇਗਾ ਪਰ ਕੇਂਦਰ ਦੀ ਸਖ਼ਤ ਹਦਾਇਤ ਹੈ ਕਿ ਪਾਕਿਸਤਾਨ ਨੂੰ ਪਾਣੀ ਨਹੀਂ ਛੱਡਣਾ ਜਿਸ ਦੀ ਪਾਲਣਾ ਪੰਜਾਬ ਸਰਕਾਰ ਮੁਸਤੈਦੀ ਨਾਲ ਕਰਦੀ ਹੈ। ਭਾਖੜਾ ਡੈਮ ਨੂੰ 1462 ਫੁੱਟ ਤੱਕ ਖਾਲੀ ਕੀਤਾ ਜਾ ਸਕਦਾ ਹੈ ਪਰ 1980 ਤੋਂ 2025 ਤੱਕ 45 ਸਾਲਾਂ ਦੌਰਾਨ ਇਸ ਦਾ ਲੈਵਲ 1522 ਫੁੱਟ ਤੋਂ ਹੇਠਾਂ ਨਹੀਂ ਲਿਆਂਦਾ ਗਿਆ। ਹੜ੍ਹਾਂ ਵਾਲੇ ਸਾਲਾਂ 2019, 2023 ਤੇ 2025 ਦੌਰਾਨ ਮੌਨਸੂਨ ਸ਼ੁਰੂ ਹੋਣ ਵੇਲੇ ਭਾਖੜਾ ਡੈਮ ਦਾ ਲੈਵਲ 30 ਜੂਨ ਨੂੰ ਕ੍ਰਮਵਾਰ 1605, 1595 ਅਤੇ 1575 ਫੁੱਟ ਸੀ। ਬਾਕੀ ਦੋ ਡੈਮ ਖਾਲੀ ਕਰਨ ਦਾ ਰੁਝਾਨ ਵੀ ਇਸੇ ਤਰ੍ਹਾਂ ਦਾ ਹੈ। ਇਹ ਡੈਮ ਮਾਹਿਰਾਂ ਦੇ ਵਿਚਾਰਨ ਵਾਲੀ ਗੱਲ ਹੈ ਕਿ ਡੈਮ ਖਾਲੀ ਨਾ ਕਰਨ ਕਰ ਕੇ ਅਤੇ ਲੰਮੇ ਅਰਸੇ ਤੱਕ ਲਗਾਤਾਰ ਭਰੇ ਰਹਿਣ ਕਰ ਕੇ ਇਸ ਦੀ ਢਾਂਚਾਗਤ ਸੁਰੱਖਿਆ ਨਾਲ ਖਿਲਵਾੜ ਤਾਂ ਨਹੀਂ ਕੀਤਾ ਜਾ ਰਿਹਾ?

**ਡੈਮਾਂ ਦਾ ਲੈਵਲ ਵੱਧ ਰੱਖਣਾ:** ਅੰਕੜੇ ਦੱਸਦੇ ਹਨ ਕਿ ਹੜ੍ਹਾਂ ਵਾਲੇ ਸਾਲਾਂ 2019, 2023 ਤੇ 2025 ਦੌਰਾਨ ਮੌਨਸੂਨ ਸ਼ੁਰੂ ਹੋਣ ਵੇਲੇ ਭਾਖੜਾ ਡੈਮ ਦਾ ਲੈਵਲ ਘੱਟੋ-ਘੱਟ ਲੈਵਲ ਤੋਂ ਤਕਰੀਬਨ 113 ਤੋਂ 143 ਫੁੱਟ, ਪੌਂਗ ਡੈਮ ਦਾ ਲੈਵਲ 46 ਤੋਂ 77 ਫੁੱਟ ਅਤੇ ਰਣਜੀਤ ਸਾਗਰ ਡੈਮ ਦਾ ਲੈਵਲ 59 ਫੁੱਟ ਤੱਕ ਵੱਧ ਸੀ। ਜੇ ਡੈਮ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਹੋਰ ਖਾਲੀ ਕੀਤੇ ਹੁੰਦੇ, ਖਾਸ ਕਰ ਕੇ 2025 ਦੌਰਾਨ (ਜਦੋਂ ਭਵਿੱਖਬਾਣੀ ਭਾਰੀ ਮੀਂਹ ਦੀ ਸੀ), ਤਾਂ ਹੜ੍ਹਾਂ ਦਾ ਖ਼ਤਰਾ ਟਾਲਿਆ ਜਾ ਸਕਦਾ ਸੀ।

**ਫਲੱਡਗੇਟ ਖੋਲ੍ਹਣੇ:** ਜੇ ਡੈਮਾਂ ਦੇ ਫਲੱਡਗੇਟ ਖੋਲ੍ਹਣ ਦੇ ਸਮੇਂ ਅਤੇ ਲੈਵਲ ਦੇ ਅੰਕੜੇ ਦੇਖੀਏ ਤਾਂ ਲੈਵਲ ਖ਼ਤਰੇ ਦੇ ਨਿਸ਼ਾਨ ਵੱਲ ਤੇਜ਼ੀ ਨਾਲ ਵਧਣ ਦੇ ਬਾਵਜੂਦ ਫਲੱਡਗੇਟ ਦੇਰੀ ਨਾਲ ਖੋਲ੍ਹੇ ਜਾਂਦੇ ਹਨ। 2019, 2023 ਅਤੇ 2025 ਦੌਰਾਨ ਭਾਖੜਾ ਡੈਮ ਦਾ ਲੈਵਲ ਫਲੱਡਗੇਟ ਖੋਲ੍ਹਣ ਤੋਂ ਪਹਿਲਾਂ ਵੱਧ ਤੋਂ ਵੱਧ ਲੈਵਲ ਤੋਂ ਕ੍ਰਮਵਾਰ ਸਿਰਫ 6, 7 ਅਤੇ 14 ਫੁੱਟ ਘੱਟ ਸੀ। ਇਸੇ ਤਰ੍ਹਾਂ ਪੌਂਗ ਡੈਮ ਦਾ ਲੈਵਲ ਕ੍ਰਮਵਾਰ 2, 18 ਅਤੇ 15 ਫੁੱਟ ਘੱਟ ਸੀ। 2025 ਦੌਰਾਨ ਰਣਜੀਤ ਸਾਗਰ ਡੈਮ ਦਾ ਲੈਵਲ ਸਿਰਫ਼ 2 ਫੁੱਟ ਹੀ ਘੱਟ ਸੀ। ਫਲੱਡਗੇਟ ਦੇਰੀ ਨਾਲ ਖੋਲ੍ਹਣ ਕਰ ਕੇ ਡੈਮਾਂ ਦੇ ਕੈਚਮੈਂਟ ਖੇਤਰ ਵਿੱਚ ਆ ਰਿਹਾ ਪਾਣੀ ਇੱਕਦਮ ਸਿੱਧਾ ਹੀ ਚਲਾ ਜਾਂਦਾ ਹੈ ਜੋ ਦਰਿਆਵਾਂ ਦੇ ਬੰਨ੍ਹ, ਖਾਸ ਕਰ ਕੇ ਧੁੱਸੀ ਬੰਨ੍ਹ ਟੁੱਟਣ ਦਾ ਕਾਰਨ ਬਣਦਾ ਹੈ।

**ਕੀਮਤੀ ਪਾਣੀ ਤੇ ਬਿਜਲੀ ਦੀ ਬਰਬਾਦੀ:** ਵਾਰ-ਵਾਰ ਹੜ੍ਹ ਆਉਣ ਨਾਲ ਜਿੱਥੇ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ, ਉੱਥੇ ਬਹੁਤ ਸਾਰਾ ਪਾਣੀ ਜਾਇਆ ਚਲਾ ਜਾਂਦਾ ਹੈ ਜਿਸ ਤੋਂ ਬਿਜਲੀ ਵੀ ਨਹੀਂ ਪੈਦਾ ਕੀਤੀ ਜਾ ਸਕਦੀ, ਕਿਉਂਕਿ ਇਹ ਪਾਣੀ ਟ੍ਰਬਾਈਨਾਂ ਤੋਂ ਬਾਹਰ ਦੀ ਫਲੱਡਗੇਟਾਂ ਰਾਹੀਂ ਕੱਢਿਆ ਜਾਂਦਾ ਹੈ। ਅੰਦਾਜ਼ੇ ਮੁਤਾਬਿਕ, 2023 ਦੌਰਾਨ ਫਲੱਡਗੇਟ ਖੋਲ੍ਹਣ ਕਰ ਕੇ ਪੌਂਗ ਡੈਮ ਤੋਂ 450 ਕਰੋੜ, ਭਾਖੜਾ ਡੈਮ ਤੋਂ 150 ਕਰੋੜ ਅਤੇ ਰਣਜੀਤ ਸਾਗਰ ਡੈਮ ਤੋਂ 50 ਕਰੋੜ ਰੁਪਏ (ਕੁੱਲ 650 ਕਰੋੜ) ਦੀ ਬਿਜਲੀ ਦਾ ਨੁਕਸਾਨ ਹੋਇਆ। 2025 ਦੌਰਾਨ 10 ਸਤੰਬਰ 2025 ਤੱਕ ਪੌਂਗ ਡੈਮ ਤੋਂ 500 ਕਰੋੜ, ਭਾਖੜਾ ਡੈਮ ਤੋਂ 350 ਕਰੋੜ ਅਤੇ ਰਣਜੀਤ ਸਾਗਰ ਡੈਮ ਤੋਂ 300 ਕਰੋੜ ਰੁਪਏ (ਕੁੱਲ 1150 ਕਰੋੜ) ਦੀ ਬਿਜਲੀ ਦਾ ਨੁਕਸਾਨ ਹੋ ਚੁੱਕਾ ਹੈ। ਜਾਇਆ ਹੋਣ ਵਾਲੇ ਪਾਣੀ ਦੀ ਕੀਮਤ ਵੱਖਰੀ ਹੈ।

**ਮਸਲੇ ਦੇ ਹੱਲ ਲਈ ਕੁਝ ਸੁਝਾਅ**

* ਡੈਮ ਅਪ੍ਰੇਸ਼ਨ ਹੋਰ ਸੁਚਾਰੂ ਅਤੇ ਕੁਸ਼ਲ ਕੀਤੇ ਜਾਣ। ਅੱਜ ਕੱਲ੍ਹ ਮੌਸਮ ਸਬੰਧੀ ਹਾਲਾਤ ਦਾ ਅਗਾਊਂ ਪਤਾ ਲੱਗਣ ਦੇ ਮੱਦੇਨਜ਼ਰ ਹੀ ਡੈਮਾਂ ਵਿੱਚ ਪਾਣੀ ਸਟੋਰ ਕਰਨਾ ਚਾਹੀਦਾ ਹੈ।
* ਪੰਜਾਬ ਆਪਣੇ ਹਿੱਸੇ ਦਾ ਪਾਣੀ ਵਰਤਣ ਲਈ ਲੋੜੀਂਦੇ ਪ੍ਰਬੰਧ ਕਰੇ। ਸਰਕਾਰ ਨਹਿਰਾਂ, ਸੂਇਆਂ, ਕੱਸੀਆਂ, ਮੋਘਿਆਂ ਆਦਿ 'ਤੇ ਰੀਚਾਰਜਿੰਗ ਪੁਆਇੰਟ ਲਗਾਏ ਤਾਂ ਕਿ ਜਦੋਂ ਫਸਲਾਂ ਨੂੰ ਪਾਣੀ ਦੀ ਲੋੜ ਨਾ ਹੋਵੇ ਤੇ ਡੈਮ ਖਾਲੀ ਕਰਨੇ ਹੋਣ ਤਾਂ ਇਨ੍ਹਾਂ ਪੁਆਇੰਟਾਂ ਰਾਹੀਂ ਧਰਤੀ ਦਾ ਪਾਣੀ ਰੀਚਾਰਜ ਕੀਤਾ ਜਾ ਸਕੇ। ਇਉਂ ਬਿਜਲੀ ਦੀ ਪੈਦਾਵਾਰ ਵੀ ਵਧੇਗੀ। ਇਸੇ ਤਰ੍ਹਾਂ 100% ਘਰੇਲੂ, ਉਦਯੋਗਿਕ ਅਤੇ ਖੇਤੀ ਰਕਬੇ ਦੀ ਸਿੰਜਾਈ ਲਈ ਬੁਨਿਆਦੀ ਢਾਂਚਾ ਉਸਾਰਿਆ ਜਾਵੇ। ਇਉਂ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਹੋਵੇਗਾ ਅਤੇ ਬਿਜਲੀ 'ਤੇ ਸਬਸਿਡੀ ਵੀ ਘਟੇਗੀ।
* ਸਮੇਂ ਸਿਰ ਨਹਿਰਾਂ, ਡਰੇਨਾਂ, ਨਾਲਿਆਂ, ਦਰਿਆਵਾਂ ਆਦਿ ਦੀ ਸਫਾਈ ਕੀਤੀ ਜਾਵੇ। ਦਰਿਆਵਾਂ ਦੇ ਬੰਨ੍ਹ, ਖਾਸ ਕਰ ਕੇ ਧੁੱਸੀ ਬੰਨ੍ਹ ਆਧੁਨਿਕ ਤਕਨੀਕਾਂ ਰਾਹੀਂ ਤਕੜੇ ਕੀਤੇ ਜਾਣ।
* ਕਿਸਾਨ ਟਿਊਬਵੈੱਲ ਦਾ ਸੁੱਖ ਛੱਡਣ। ਫ਼ਸਲਾਂ ਲਈ ਨਹਿਰੀ ਪਾਣੀ ਵੱਧ ਤੋਂ ਵੱਧ ਵਰਤਣ। ਸਰਕਾਰ ਮੋਘਿਆਂ ਦੀ ਸਮਰੱਥਾ ਵਧਾਵੇ ਤਾਂ ਕਿ ਇੱਕ ਏਕੜ ਸਿੰਜਣ ਲਈ ਜੋ ਸਮਾਂ ਦਿੱਤਾ ਜਾਂਦਾ ਹੈ, ਉਸ ਸਮੇਂ ਵਿੱਚ ਪੂਰਾ ਏਕੜ ਸਿੰਜਿਆ ਜਾ ਸਕੇ।
* ਕੁਦਰਤੀ ਸਰੋਤਾਂ ਦੀ ਗ਼ੈਰ-ਜ਼ਿੰਮੇਵਾਰਾਨਾ ਵਰਤੋਂ ਅਤੇ ਕੁਦਰਤ ਦੇ ਉਲਟ ਜਾਣ ਦੀ ਮਾਨਸਿਕਤਾ ਦਾ ਤਿਆਗ ਕੀਤਾ ਜਾਵੇ। ਪਾਣੀਆਂ ਦੇ ਵਹਾਅ ਲਈ ਜਲ ਵਿਗਿਆਨ ਦੀ ਵਰਤੋਂ ਕੀਤੀ ਜਾਵੇ।
* ਪੰਜਾਬ ਸਰਕਾਰ ਮਾਹਿਰਾਂ ਦੀ ਕਮੇਟੀ ਬਣਾ ਕੇ, ਸਾਰੀਆਂ ਧਿਰਾਂ ਤੋਂ ਮਸ਼ਵਰੇ ਲੈ ਕੇ ਹੜ੍ਹਾਂ ਦੇ ਕਾਰਨਾਂ ਅਤੇ ਇਸ ਦੇ ਪੱਕੇ ਹੱਲ ਲਈ ਰਿਪੋਰਟ ਤਿਆਰ ਕਰਵਾਏ। ਰਿਪੋਰਟ ਅਨੁਸਾਰ ਦਿੱਤੇ ਸੁਝਾਵਾਂ 'ਤੇ ਤੈਅ ਸਮੇਂ ਅੰਦਰ ਗੌਰ ਕੀਤੀ ਜਾਵੇ।

# ਅਮਰੀਕਾ ਦੇ ਓ-1, ਐੱਲ-1 ਤੇ ਈਬੀ-5 ਵੀਜ਼ੇ ਕੀ ਹਨ ਅਤੇ ਕਿਸਨੂੰ ਮਿਲ ਸਕਦੇ ਹਨ

"ਮੈਨੂੰ -1 ਵੀਜ਼ਾ ਮਿਲ ਗਿਆ ਹੈ। ਹੁਣ ਵਕਤ ਆ ਗਿਆ ਹੈ ਆਪਣੀ ਕਿਸਮਤ ਨੂੰ ਸਿਰਜਣ ਦਾ। ਮੇਰੀ ਮਾਂ ਤੋਂ ਬਾਅਦ ਅਮਰੀਕਾ ਹੈ ਜਿਸ ਨੂੰ ਲੱਗਦਾ ਹੈ ਕਿ ਮੈਂ ਉਹ ਸ਼ਖ਼ਸ ਹਾਂ ਜਿਸ ਵਿੱਚ ਕੁਝ ਵੱਖਰਾ ਕਰਨ ਦਾ ਹੁਨਰ ਹੈ।" ਇਹ ਸ਼ਬਦ ਹਨ ਪਿਊਸ਼ ਦੇ, ਜੋ ਉਨ੍ਹਾਂ ਨੇ ਆਪਣੇ ਐਕਸ ਅਕਾਊਂਟ 'ਤੇ ਅਮਰੀਕਾ ਦਾ -1 ਵੀਜ਼ਾ ਮਿਲਣ ਦੀ ਖੁਸ਼ੀ ਵਿੱਚ ਲਿਖੇ।

ਇਸੇ ਤਰ੍ਹਾਂ ਤਾਨੁਸ਼ ਸ਼ਰਨਾਰਥੀ ਨਾਮ ਦੇ 26 ਸਾਲਾ ਇੰਜੀਨੀਅਰ ਨੇ ਆਪਣੇ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ, "3 ਸਾਲ ਐੱਚ-1ਬੀ ਵੀਜ਼ਾ ਦੀ ਲੌਟਰੀ ਵਿੱਚ ਆਪਣਾ ਨਾਮ ਨਾ ਆਉਣ ਤੋਂ ਬਾਅਦ ਆਖ਼ਰਕਾਰ ਮੈਨੂੰ ਏਆਈ (ਆਰਟੀਫਿਸ਼ੀਅਲ ਇੰਟੈਲੀਜੈਂਸ) ਦੇ ਖੇਤਰ ਵਿੱਚ -1 (ਆਈਨਸਟਾਈਨ) ਵੀਜ਼ਾ ਮਿਲ ਗਿਆ ਹੈ।"

ਜਦੋਂ ਤੋਂ ਅਮਰੀਕਾ ਨੇ ਐੱਚ-1ਬੀ ਵੀਜ਼ਾ ਦੀ ਫ਼ੀਸ ਵਧਾ ਕੇ ਇੱਕ ਲੱਖ ਡਾਲਰ ਯਾਨਿ ਤਕਰੀਬਨ 88 ਲੱਖ ਰੁਪਏ ਕਰਨ ਦਾ ਐਲਾਨ ਕੀਤਾ ਹੈ ਤਾਂ -1 ਵੀਜ਼ਾ ਹੀ ਨਹੀਂ ਬਲਕਿ ਹੋਰ ਵੀ ਕਈ ਤਰ੍ਹਾਂ ਦੇ ਵੀਜ਼ਾ ਦੀਆਂ ਚਰਚਾਵਾਂ ਵੱਧ ਗਈਆਂ ਹਨ ਜਿਸ ਨਾਲ ਅਮਰੀਕਾ ਜਾਣ ਦਾ ਸੁਫ਼ਨਾ ਪੂਰਾ ਹੋ ਸਕਦਾ ਹੈ। ਅਮਰੀਕਾ ਵਿੱਚ H-1B ਵੀਜ਼ਾ ਵਿਦੇਸ਼ੀ ਕਾਮਿਆਂ ਨੂੰ ਆਰਜ਼ੀ ਤੌਰ 'ਤੇ ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਇਹ ਵੀਜ਼ੇ ਸਿਰਫ਼ ਹੁਨਰਮੰਦ ਪੇਸ਼ਾਵਰਾਂ ਨੂੰ ਦਿੱਤੇ ਜਾਂਦੇ ਹਨ।

90 ਦੇ ਦਹਾਕੇ ਵਿੱਚ ਅਮਰੀਕਾ ਵਿੱਚ ਕਈ ਆਈਟੀ ਅਤੇ ਸਾਫ਼ਟਵੇਅਰ ਕੰਪਨੀਆਂ ਦੀ ਸ਼ੁਰੂਆਤ ਹੋਈ। ਆਪਣੇ ਦੇਸ ਵਿੱਚ ਇਸ ਤਰ੍ਹਾਂ ਦੇ ਪੇਸ਼ਾਵਰਾਂ ਦੀ ਕਮੀ ਦੇ ਕਾਰਨ, ਅਮਰੀਕੀ ਸਰਕਾਰ ਨੇ ਇਸ ਪੇਸ਼ੇ ਦੇ ਵਿਦੇਸ਼ੀ ਹੁਨਰਮੰਦਾਂ ਨੂੰ H-1B ਵੀਜ਼ਾ ਪ੍ਰਦਾਨ ਕਰ ਕੇ ਅਸਥਾਈ ਸਮੇਂ ਲਈ ਨੌਕਰੀ ਦੇਣ ਦੀ ਆਗਿਆ ਦਿੱਤੀ। ਪਰ ਹਾਲ ਹੀ ਵਿੱਚ, ਟਰੰਪ ਦੀ ਪਰਵਾਸ ਨੀਤੀ ਵਿੱਚ ਬਦਲਾਅ ਕਾਰਨ ਇਹ ਵੀਜ਼ਾ ਹਾਸਲ ਕਰਨਾ ਕਾਫੀ ਔਖਾ ਹੋ ਗਿਆ ਹੈ। ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਉਹ ਕਿਹੜੇ ਵੀਜ਼ਾ ਹਨ ਜੋ ਅਮਰੀਕੀ ਸਰਕਾਰ ਦਿੰਦੀ ਹੈ ਜੋ ਤੁਹਾਡਾ ਅਮਰੀਕਾ ਵੱਸਣ ਦਾ ਸੁਫ਼ਨਾ ਸਾਕਾਰ ਕਰ ਸਕਦਾ ਹੈ। ਇਸ ਕਤਾਰ ਵਿੱਚ -1 ਵੀਜ਼ਾ ਦੇ ਨਾਲ-ਨਾਲ ਐੱਲ-1 ਵੀਜ਼ਾ ਅਤੇ ਈਬੀ-5 ਵੀਜ਼ਾ ਵੀ ਚਰਚਾ ਵਿੱਚ ਹੈ।

-1 ਵੀਜ਼ਾ, ਐੱਚ-1ਬੀ ਜਾਂ ਈਬੀ-5 ਵੀਜ਼ਾ ਤੋਂ ਕਿਵੇਂ ਵਖ਼ਰਾ ਵੀਜ਼ਾ ਹੈ, ਐੱਲ-1 ਵੀਜ਼ਾ ਕਿੰਨਾ ਮਦਦਗਾਰ ਹੋ ਸਕਦਾ ਹੈ, ਕੀ ਪਰਵਾਸ ਦੇ ਮੌਜੂਦਾ ਸਿਆਸੀ ਹਾਲਾਤ ਵਿੱਚ ਅਜਿਹੇ ਵੀਜ਼ਾ ਤੁਹਾਡੇ ਲਈ ਲਾਹੇਵੰਦ ਸਾਬਤ ਹੋ ਸਕਦੇ ਹਨ।

ਅੱਜ ਇਸ ਰਿਪੋਰਟ ਵਿੱਚ ਗੱਲ ਇਨ੍ਹਾਂ ਵੀਜ਼ਾ ਬਾਰੇ ਹੀ ਕਰਾਂਗੇ ਅਤੇ ਜਾਣਾਂਗੇ ਕਿ ਇਸ ਨੂੰ ਕਿਵੇਂ ਅਪਲਾਈ ਕੀਤਾ ਜਾਂਦਾ ਹੈ ਅਤੇ ਇਹ ਕਿਹੜੇ ਲੋਕਾਂ ਨੂੰ ਮਿਲਦੇ ਹਨ।

### ਓ-1 ਵੀਜ਼ਾ ਕੀ ਹੈ

ਯੂਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੀ ਵੈੱਬਸਾਈਟ ਦੇ ਮੁਤਾਬਕ, -1 ਇੱਕ ਨੌਨ ਇਮੀਗ੍ਰੈਂਟ ਵੀਜ਼ਾ ਹੈ। ਨੌਨ ਇਮੀਗ੍ਰੈਂਟ ਵੀਜ਼ਾ ਯਾਨਿ ਇਸ ਵੀਜ਼ਾ ਰਾਹੀਂ ਤੁਸੀਂ ਅਮਰੀਕਾ ਦੇ ਵਿੱਚ ਕਿਸੇ ਖ਼ਾਸ ਪ੍ਰੋਜੈਕਟ ਅਤੇ ਵਕਤ ਲਈ ਦਾਖ਼ਲ ਹੋ ਸਕਦੇ ਹੋ, ਪਰ ਇਹ ਤੁਹਾਨੂੰ ਪਰਮਾਨੈਂਟ ਰੈਜ਼ੀਡੈਂਸ ਦੇਵੇ, ਇਹ ਜ਼ਰੂਰੀ ਨਹੀਂ। ਇਹ ਵੀਜ਼ਾ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਵਿਗਿਆਨ, ਆਰਟਸ, ਐਜੂਕੇਸ਼ਨ, ਬਿਜ਼ਨਸ ਜਾਂ ਅਥਲੈਟਿਕਸ ਵਿੱਚ ਵੱਖਰਾ ਮੁਕਾਮ ਹਾਸਲ ਕੀਤਾ ਹੋਵੇ। ਇਹ ਵੀਜ਼ਾ ਉਨ੍ਹਾਂ ਲੋਕਾਂ ਨੂੰ ਵੀ ਮਿਲ ਸਕਦਾ ਹੈ ਜਿਨ੍ਹਾਂ ਨੇ ਮੋਸ਼ਨ ਪਿਕਚਰਜ਼ ਜਾਂ ਟੈਲੀਵਿਜ਼ਨ ਇੰਡਸਟਰੀ ਵਿੱਚ ਕੌਮੀ ਜਾਂ ਕੌਮਾਂਤਰੀ ਪੱਧਰ ਉੱਤੇ ਵੱਖਰਾ ਮੁਕਾਮ ਹਾਸਲ ਕੀਤਾ ਹੋਵੇ। ਯਾਨਿ -1 ਵੀਜ਼ਾ ਨੂੰ ਹਾਸਲ ਕਰਨ ਲਈ ਤੁਹਾਡੇ ਕੋਲ ਵਿਲੱਖਣ ਉਪਲਬਧੀ ਜਾਂ ਯੋਜਨਾ ਹੋਣਾ ਜ਼ਰੂਰੀ ਹੈ। ਅੰਗਰੇਜ਼ੀ ਵਿੱਚ ਕਹੀਏ ਤਾਂ ਤੁਹਾਨੂੰ 'ਐਕਸਟਰਾ ਰਡਨਰੀ ਐਬੀਲਿਟੀ' ਸਾਬਤ ਕਰਨੀ ਪਵੇਗੀ। ਪਰ ਤੁਸੀਂ ਇਸ ਵੀਜ਼ਾ ਲਈ ਖ਼ੁਦ ਪਟੀਸ਼ਨ ਨਹੀਂ ਦੇ ਸਕਦੇ। ਇਸ ਦੇ ਲਈ ਏਜੰਟ (ਇਮੀਗ੍ਰੇਸ਼ਨ ਲਾਇਰ) ਜਾਂ ਇੰਪਲੋਇਰ ਦੀ ਲੋੜ ਰਹਿੰਦੀ ਹੈ।

### ਦਰਅਸਲ ਓ-1 ਵੀਜ਼ਾ ਦੋ ਤਰ੍ਹਾਂ ਦੇ ਹੁੰਦੇ ਹਨ – ਓ-1ਏ ਅਤੇ ਓ-1ਬੀ.

-1 ਏ – ਇਹ ਵੀਜ਼ਾ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਵਿਗਿਆਨ, ਆਰਟਸ, ਐਜੂਕੇਸ਼ਨ, ਬਿਜ਼ਨਸ ਜਾਂ ਅਥਲੈਟਿਕਸ ਵਿੱਚ ਕੁਝ ਵੱਖਰਾ ਕੀਤਾ ਹੋਵੇ।

-1 ਬੀ – ਇਹ ਵੀਜ਼ਾ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਮੋਸ਼ਨ ਪਿਕਚਰਜ਼ ਜਾਂ ਟੈਲੀਵੀਜ਼ਨ ਇੰਡਸਟ੍ਰੀ ਵਿੱਚ ਕੌਮੀ ਜਾਂ ਕੌਮਾਂਤਰੀ ਪੱਧਰ ਉੱਤੇ ਵੱਖਰਾ ਮੁਕਾਮ ਹਾਸਲ ਕੀਤਾ ਹੋਵੇ। ਇਸ ਤੋਂ ਇਲਾਵਾ ਵੀ ਕੈਟੇਗਰੀ ਵਿੱਚ ਦੋ ਹੋਰ ਤਰ੍ਹਾਂ ਦੇ ਵੀਜ਼ਾ ਹੁੰਦੇ ਹਨ।

-2 – ਇਹ ਵੀਜ਼ਾ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਕਿਸੇ -1 ਵੀਜ਼ਾ ਹਾਸਲ ਕਰਨ ਵਾਲੇ ਆਰਟਿਸਟ ਜਾਂ ਐਥਲੀਟ ਦੀ ਮਦਦ ਲਈ ਆਉਣਾ ਜ਼ਰੂਰੀ ਹੁੰਦਾ ਹੈ।

-3 – ਇਹ ਵੀਜ਼ਾ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜੋ -1 ਜਾਂ -2 ਵੀਜ਼ਾ ਹੋਲਡਰਜ਼ ਦੇ ਸਪਾਊਸ ਜਾਂ ਬੱਚੇ ਹੋਣ।

### ਕੌਣ-ਕੌਣ ਹਾਸਲ ਕਰ ਸਕਦਾ ਹੈ?

-1 ਵੀਜ਼ਾ ਲੈਣ ਲਈ ਤੁਹਾਨੂੰ ਕੌਮੀ ਜਾਂ ਕੌਮਾਂਤਰੀ ਪੱਧਰ ਉੱਤ ਕਿਸੇ ਖ਼ਾਸ ਫ਼ੀਲਡ ਵਿੱਚ ਹਾਸਲ ਕੀਤੀ ਵਿਲੱਖਣ ਯੋਗਤਾ ਨੂੰ ਪੇਸ਼ ਕਰਨਾ ਪਵੇਗਾ। ਇਸ ਦੇ ਲਈ ਵਿਗਿਆਨ, ਸਿੱਖਿਆ, ਵਪਾਰ ਜਾਂ ਐਥਲੈਟਿਕਸ ਦੀ ਫੀਲਡ ਵਿੱਚ ਤੁਹਾਨੂੰ ਆਪਣੇ ਵਿਲੱਖਣ ਹੁਨਰ ਨੂੰ ਸਾਬਤ ਕਰਨਾ ਪਵੇਗਾ। ਤੁਹਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਤੁਸੀਂ ਇਸ ਖੇਤਰ ਵਿੱਚ ਉਨ੍ਹਾਂ ਕੁਝ ਲੋਕਾਂ ਵਿੱਚ ਸ਼ਾਮਲ ਹੋ, ਜਿਨ੍ਹਾਂ ਨੇ ਵਿਲੱਖਣ ਉਪਲਬਧੀਆਂ ਨੂੰ ਹਾਸਲ ਕੀਤਾ ਹੈ। ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਕੁਝ ਵੱਖਰਾ ਹਾਸਲ ਕਰਨ ਦਾ ਕੀ ਮਤਲਬ ਹੈ। ਯੂਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੀ ਵੈੱਬਸਾਈਟ ਦੇ ਮੁਤਾਬਕ, ਕਲਾ ਦੇ ਖੇਤਰ ਵਿੱਚ ਐਕਸਟਰਾ ਆਰਡੇਨਿਰੀ ਦਾ ਮਤਲਬ ਹੈ ਵਿਲੱਖਣਤਾ। ਯਾਨਿ ਕਲਾ ਦੇ ਖੇਤਰ ਵਿੱਚ ਵੱਡੇ ਪੱਧਰ ਦੀ ਉਪਲਬਧੀ ਨੂੰ ਹਾਸਲ ਕਰਨਾ। ਇਸ ਦਾ ਪੈਮਾਨਾ ਇਸ ਤਰ੍ਹਾਂ ਮਾਪਿਆ ਜਾ ਸਕਦਾ ਹੈ ਕਿ ਤੁਸੀਂ ਕਲਾ ਦੇ ਖੇਤਰ ਵਿੱਚ ਕਿੰਨੇ ਪ੍ਰਮੁੱਖ, ਪ੍ਰਸਿੱਧ ਅਤੇ ਮੋਹਰੀ ਹੋ। ਤੁਸੀਂ ਉਸ ਖੇਤਰ ਦਾ ਕਿੰਨਾ ਵੱਡਾ ਚਿਹਰਾ ਹੋ। ਇਸੇ ਤਰ੍ਹਾਂ -2 ਵੀਜ਼ਾ ਹਾਸਲ ਕਰਨ ਲਈ ਤੁਹਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਇਹ ਸ਼ਖ਼ਸ -1 ਵੀਜ਼ਾ ਧਾਰਕ ਦੀ ਪਰਫਾਰਮੈਂਸ ਅਤੇ ਉਪਲਬਧੀ ਲਈ



ਕਿੰਨਾ ਜ਼ਰੂਰੀ ਹੈ।

### ਕਿਵੇਂ ਕਰੀਏ ਅਪਲਾਈ

ਯੂਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੀ ਵੈੱਬਸਾਈਟ ਦੇ ਮੁਤਾਬਕ, ਤੁਹਾਨੂੰ ਸਭ ਤੋਂ ਪਹਿਲਾਂ ਫਾਰਮ ਆਈ-129, ਪਟੀਸ਼ਨ ਫੌਰ ਅ ਨੌਨ-ਇਮੀਗ੍ਰੈਂਟ ਵਰਕਰ ਭਰਨਾ ਪਵੇਗਾ ਅਤੇ ਉਸ ਵਿੱਚ ਤੁਹਾਡੀ ਯੋਗਤਾਵਾਂ ਦੇ ਸਾਰੇ ਦਸਤਾਵੇਜ਼ ਨਾਲ ਲਗਾਉਣੇ ਪੈਣਗੇ। ਐਪਲੀਕੇਸ਼ਨ ਸਮੇਂ ਸਿਰ ਪ੍ਰੋਸੈੱਸ ਹੋ ਪਾਵੇ, ਇਸ ਲਈ ਕੋਸ਼ਿਸ਼ ਕਰੋ ਕਿ ਤੁਹਾਡਾ ਕੰਮ ਸ਼ੁਰੂ ਹੋਣ ਤੋਂ ਘੱਟੋ-ਘੱਟ 45 ਦਿਨ ਪਹਿਲਾਂ ਤੁਸੀਂ ਵੀਜ਼ਾ ਲਈ ਅਪਲਾਈ ਕਰ ਦਿਓ। ਇੱਕ ਵਾਰ ਪਟੀਸ਼ਨ ਮਨਜ਼ੂਰ ਹੋਣ ਤੋਂ ਬਾਅਦ, ਤੁਸੀਂ ਯੂਐੱਸ ਅਬੈਂਸੀ ਜਾਂ ਕੰਸੂਲੇਟ ਵਿੱਚ ਵੀਜ਼ਾ ਲਈ ਅਪਲਾਈ ਕਰ ਸਕਦੇ ਹੋ। ਡਿਪਾਰਟਮੇਂਟ ਆਫ਼ ਸਟੇਟਸ ਵੱਲੋਂ ਤੁਹਾਡੀ ਐਪਲੀਕੇਸ਼ਨ ਨੂੰ ਪ੍ਰੋਸੈੱਸ ਕੀਤਾ ਜਾਂਦਾ ਹੈ। ਇਮੀਗ੍ਰੇਸ਼ਨ ਫਰਮ ਜੀਆਈਈਸੀ ਦੇ ਕੰਟਰੀ ਹੈੱਡ ਸ਼ੁਭਮ ਸਿੰਘ ਦੱਸਦੇ ਹਨ, "ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੀ ਪਟੀਸ਼ਨ ਉੱਤੇ ਸੋਚ-ਸਮਝ ਕੇ ਕੰਮ ਕਰੀਏ। ਤੁਹਾਨੂੰ ਅਜਿਹੇ ਸਾਰੇ ਦਸਤਾਵੇਜ਼ ਜਾਂ ਸਬੂਤ ਦੇਣੇ ਪੈਣਗੇ ਜੋ ਇਹ ਸਾਬਿਤ ਕਰ ਸਕਣ ਕਿ ਤੁਹਾਡੀ ਉਪਲਬਧੀ ਅਸਲ ਵਿੱਚ ਵਿਲੱਖਣ ਹੈ।" ਇਸ ਤੋਂ ਇਲਾਵਾ ਪਟੀਸ਼ਨ ਵਿੱਚ ਭਾਸ਼ਾ, ਦਸਤਾਵੇਜ਼ਾਂ ਅਤੇ ਪ੍ਰੇਜ਼ੇਨਟੇਸ਼ਨ ਦਾ ਖ਼ਾਸ ਧਿਆਨ ਰੱਖਣਾ ਪਵੇਗਾ। ਤੁਹਾਡੇ ਵੱਲੋਂ ਕੀਤੇ ਗਏ ਸਾਰੇ ਕੰਮ ਦਾ ਬਿ ਰਾ ਵਿਸਥਾਰ ਵਿੱਚ ਦੇਣਾ ਪਵੇਗਾ। ਇਸ ਪੂਰੇ ਪ੍ਰੋਸੈੱਸ ਵਿੱਚ ਢਾਈ ਤੋਂ ਤਿੰਨ ਮਹੀਨੇ ਲੱਗ ਸਕਦੇ ਹਨ। ਜੇਕਰ ਗੱਲ ਵੀਜ਼ਾ ਫੀਸ ਦੀ ਕਰੀਏ ਤਾਂ ਉਹ ਤੁਹਾਡੇ ਕੇਸ ਉੱਤੇ ਅਧਾਰਿਤ ਹੁੰਦੀ ਹੈ।

### ਕਿਹੜੇ ਦਸਤਾਵੇਜ਼ ਤੁਹਾਡੀ ਪਟੀਸ਼ਨ ਨੂੰ ਮਜ਼ਬੂਤ ਕਰ ਸਕਦੇ ਹਨ

ਹੁਣ ਤੁਹਾਡੀ ਉਪਲਬਧੀ ਕਿੰਨੀ ਵਿਲੱਖਣ ਅਤੇ ਫਾਇਦੇਮੰਦ ਸਾਬਤ ਹੋ ਸਕਦੀ ਹੈ, ਇਸ ਲਈ ਤੁਹਾਨੂੰ ਕਈ ਤਰ੍ਹਾਂ ਦੇ ਦਸਤਾਵੇਜ਼ ਦੇਣੇ ਪੈਣਗੇ –

ਕੌਮੀ ਜਾਂ ਕੌਮਾਂਤਰੀ ਪੱਧਰ ਉੱਤੇ ਹਾਸਲ ਕੀਤੇ ਗਏ ਐਵਾਰਡਜ਼

ਕਈ ਤਰ੍ਹਾਂ ਦੇ ਡਾਕਟਰੇਟ ਖੋਜ ਨਿਬੰਧ ਪੁਰਸਕਾਰ (Certian doctoral idssertaiton awards) ਅਤੇ ਸਕਾਲਰਸ਼ਿਪ

ਰਾਸ਼ਟਰੀ ਜਾਂ ਕੌਮਾਂਤਰੀ ਪੱਧਰ 'ਤੇ ਮਾਨਤਾ ਪ੍ਰਾਪਤ ਕਾਨਫਰੰਸਾਂ ਵਿੱਚ ਪੇਸ਼ਕਾਰੀਆਂ ਨੂੰ ਮਾਨਤਾ ਦੇਣ ਵਾਲੇ ਕੁਝ ਪੁਰਸਕਾਰ ਜਾਂ ਸਰਟੀਫਿਕੇਟਸ

ਕੌਮੀ ਜਾਂ ਕੌਮਾਂਤਰੀ ਪੱਧਰ ਉੱਤੇ ਹਾਸਲ ਮੈਂਬਰਸ਼ਿਪਜ਼

ਮੀਡੀਆ ਪਬਲੀਕੇਸ਼ਨਜ਼

### ਓ-1 ਵੀਜ਼ਾ ਦੀ ਮਿਆਦ

ਅਕਸਰ ਅਮਰੀਕਾ -1 ਵੀਜ਼ਾ 3 ਸਾਲ ਤੱਕ ਦੀ ਸਮੇਂ ਸੀਮਾ ਲਈ ਜਾਰੀ ਕਰਦਾ ਹੈ। ਇਹ ਸਮੇਂ-ਸੀਮਾ 3 ਸਾਲ ਤੋਂ ਘੱਟ ਵੀ ਹੋ ਸਕਦੀ ਹੈ, ਇਸ ਸਭ ਅਧਾਰਿਤ ਹੈ ਕਿ ਤੁਸੀਂ ਉਸ ਖ਼ਾਸ ਖੇਤਰ ਵਿੱਚ ਉਸ ਸਮੇਂ ਅਜਿਹਾ ਕੀ ਕਰ ਰਹੇ ਹੋ।

ਪਰ ਇਹ ਮਿਆਦ 3 ਸਾਲਾਂ ਤੋਂ ਵਧਾਈ ਵੀ ਜਾ ਸਕਦੀ ਹੈ। ਤੁਹਾਨੂੰ ਇਸ ਦੇ ਲਈ USCIS ਵਿੱਚ ਹੇਠਾਂ ਲਿਖੇ ਦਸਤਾਵੇਜ਼ ਦੇਣੇ ਪੈਣਗੇ –

ਫਾਰਮ ਆਈ-129, ਪਟੀਸ਼ਨ ਫੌਰ ਅ ਨੌਨ-ਇਮੀਗ੍ਰੈਂਟ ਵਰਕਰ

ਫਾਰਮ ਆਈ-94, ਦੇਸ਼ ਵਿੱਚ ਦਾਖ਼ਲ ਹੋਣ ਅਤੇ ਜਾਣ ਦੇ ਰਿਕਾਰਡ

ਤੁਹਾਡੀ ਮਿਆਦ ਕਿਉਂ ਵਧਾਈ ਜਾਵੇ, ਇਸ ਬਾਰੇ ਸਟੇਟਮੈਂਟ

ਤੁਹਾਡੇ ਸਪਾਊਸ ਅਤੇ ਬੱਚਿਆਂ ਲਈ ਵੀ ਫਾਰਮ ਆਈ-539 ਭਰਨਾ ਪਵੇਗਾ।

### ਐੱਲ-1 ਵੀਜ਼ਾ ਕੀ ਹੈ

ਦਹਾਕਿਆਂ ਤੋਂ ਮਲਟੀਨੈਸ਼ਨਲ ਫਰਮਾਂ ਐੱਲ-1 ਵੀਜ਼ਾ ਰਾਹੀਂ ਆਪਣੇ ਸਟਾਫ ਨੂੰ ਓਵਰਸੀਜ਼ ਜਾਂ ਅਮਰੀਕਾ ਦੇ ਦਫ਼ਤਰਾਂ ਵਿੱਚ ਭੇਜਦੀ ਹੈ। ਐੱਲ-1 ਵੀਜ਼ਾ ਵੀ ਇੱਕ ਨੌਨ ਇਮੀਗ੍ਰੈਂਟ ਵੀਜ਼ਾ ਹੈ ਜੋ ਕਿ ਕੰਪਨੀਆਂ ਆਪਣੇ ਸਟਾਫ ਨੂੰ ਵੱਖ-ਵੱਖ ਦੇਸ਼ਾਂ ਦੀਆਂ ਬ੍ਰਾਂਚਾਂ ਵਿੱਚ ਟ੍ਰਾਂਸਫਰ ਕਰਨ ਲਈ ਵਰਤਦੀਆਂ ਹਨ। ਇਸ ਤਹਿਤ ਇਹ ਜ਼ਰੂਰੀ ਹੈ ਕਿ ਵਰਕਰ ਉਸ ਮਲਟੀਨੈਸ਼ਨਲ ਕੰਪਨੀ ਦੀ ਪੇਰੇਂਟ ਬ੍ਰਾਂਚ, ਸਬਸੀਡਰੀ ਜਾਂ ਉਸ ਨਾਲ ਸਬੰਧਤ ਕੰਪਨੀ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ ਘੱਟੋ-ਘੱਟ ਇੱਕ ਸਾਲ ਤੋਂ ਲਗਾਤਾਰ ਕੰਮ ਕਰਦਾ ਹੋਵੇ। ਉਸ ਦਾ ਉਸ ਕੰਪਨੀ ਵਿੱਚ ਐਗਜ਼ੈਕਟਿਵ ਜਾਂ ਮੈਨੀ-ਜੇਰੀਅਲ ਰੋਲ (ਐੱਲ-1 ਏ) ਜਾਂ ਸਪੈਸ਼ਲਾਈਜ਼ਡ ਰੋਲ (ਐੱਲ-1ਬੀ) ਹੋਣਾ ਜ਼ਰੂਰੀ ਹੈ। ਇਸ ਵਿੱਚ ਪਟੀਸ਼ਨ ਸਿਰਫ਼ ਕੰਪਨੀ ਵੱਲੋਂ ਪਾਈ ਜਾ ਸਕਦੀ ਹੈ, ਨਾ ਕਿ ਉਸ ਸ਼ਖ਼ਸ ਵੱਲੋਂ। ਇਸ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਜੇਕਰ ਤੁਸੀਂ ਭਾਰਤ ਵਿੱਚ ਕਿਸੇ ਯ ਕੰਪਨੀ ਨਾਲ ਇੱਕ ਸਾਲ ਤੋਂ ਕੰਮ ਕਰ ਰਹੇ ਹੋ ਤਾਂ ਤੁਸੀਂ ਅਮਰੀਕਾ ਦੀ ਉਸੇ ਯ ਕੰਪਨੀ ਵਿੱਚ ਸਵਿੱਚ ਕਰ ਸਕਦੇ ਹੋ ਪਰ ਤੁਸੀ N Y ਜਾਂ Z ਕੰਪਨੀ ਵਿੱਚ ਨਹੀਂ ਜਾ ਸਕਦੇ। ਇਸ ਵੀਜ਼ਾ ਦੀ ਮਿਆਦ 1 ਸਾਲ ਤੋਂ 3 ਸਾਲ ਹੋ ਸਕਦੀ ਹੈ ਅਤੇ ਜ਼ਰੂਰਤ ਅਨੁਸਾਰ 2 ਸਾਲਾਂ ਦੀ ਐਕਸਟੈਨਸ਼ਨ ਮਿਲ ਸਕਦੀ ਹੈ।

### ਅਮਰੀਕਾ ਦਾ ਮੌਜੂਦਾ ਈਬੀ-5 ਵੀਜ਼ਾ ਪ੍ਰੋਗਰਾਮ ਕੀ ਹੈ?

ਮੌਜੂਦਾ ਸਮੇਂ ਵਿੱਚ ਜੇਕਰ ਵਿਦੇਸ਼ੀ ਨਿਵੇਸ਼ਕ ਅਮਰੀਕੀ ਗ੍ਰੀਨ ਕਾਰਡ ਚਾਹੁੰਦੇ ਹਨ, ਤਾਂ ਉਨ੍ਹਾਂ ਲਈ ਈਬੀ-5 ਪਰਵਾਸੀ ਨਿਵੇਸ਼ਕ ਵੀਜ਼ਾ ਪ੍ਰੋਗਰਾਮ ਮੌਜੂਦ ਹੈ। 1990 ਵਿੱਚ ਅਮਰੀਕੀ ਕਾਂਗਰਸ ਨੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਈਬੀ-5 ਵੀਜ਼ਾ ਪ੍ਰੋਗਰਾਮ ਸ਼ੁਰੂ ਕੀਤਾ ਸੀ। ਈਬੀ-5 ਵੀਜ਼ਾ ਪ੍ਰੋਗਰਾਮ ਉਨ੍ਹਾਂ ਲੋਕਾਂ ਲਈ ਹੈ ਜੋ ਅਮਰੀਕਾ ਵਿੱਚ ਘੱਟੋ-ਘੱਟ 10 ਲੋਕਾਂ ਲਈ ਨੌਕਰੀਆਂ ਪੈਦਾ ਕਰਨ ਲਈ ਤਕਰੀਬਨ 10 ਲੱਖ ਡਾਲਰ ਦਾ ਨਿਵੇਸ਼ ਕਰਦੇ ਹਨ। ਇਸ ਪ੍ਰੋਗਰਾਮ ਦੇ ਤਹਿਤ, ਨਿਵੇਸ਼ਕਾਂ ਨੂੰ ਉਨ੍ਹਾਂ ਦੇ ਨਿਵੇਸ਼ ਬਦਲੇ ਤੁਰੰਤ ਗ੍ਰੀਨ ਕਾਰਡ ਪ੍ਰਾਪਤ ਹੁੰਦੇ ਹਨ। ਜਦਕਿ ਜ਼ਿਆਦਾਤਰ ਗ੍ਰੀਨ ਕਾਰਡ ਬਿਨੈਕਾਰਾਂ ਨੂੰ ਸਥਾਈ ਨਿਵਾਸ ਲਈ ਕਈ ਮਹੀਨਿਆਂ ਤੋਂ ਕਈ ਸਾਲਾਂ ਤੱਕ ਉਡੀਕ ਕਰਨੀ ਪੈਂਦੀ ਹੈ। ਅਮਰੀਕੀ ਵਿਦੇਸ਼ ਵਿਭਾਗ ਮੁਤਾਬਕ ਈਬੀ-5 ਪ੍ਰੋਗਰਾਮ ਪ੍ਰਤੀ ਸਾਲ 10,000 ਵੀਜ਼ਾ ਤੱਕ ਹੀ ਦਿੱਤੇ ਜਾਂਦੇ ਹਨ, ਜਿਸ ਵਿੱਚ 3,000 ਵੀਜ਼ਾ ਉਨ੍ਹਾਂ ਨਿਵੇਸ਼ਕਾਂ ਲਈ ਰਾਖਵੇਂ ਹਨ ਜੋ ਉੱਚ-ਬੇਰੁਜ਼ਗਾਰੀ ਵਾਲੇ ਖੇਤਰਾਂ ਵਿੱਚ ਨਿਵੇਸ਼ ਕਰਨਾ ਚਾਹੁੰਦੇ ਹਨ।

### ਭਾਰਤੀਆਂ ਵਿੱਚ ਈਬੀ-5 ਵੀਜ਼ਾ ਦਾ ਰੁਝਾਨ

ਅਮਰੀਕਾ ਦੇ ਈਬੀ-5 ਵੀਜ਼ਾ ਦੀ ਮੰਗ ਸਭ ਤੋਂ ਜ਼ਿਆਦਾ ਚੀਨ ਅਤੇ ਦੂਜੇ ਨੰਬਰ ਉੱਤੇ ਭਾਰਤ ਤੋਂ ਆਉਂਦੀ ਹੈ। ਆਈਆਈਯੂਐੱਸਏ (ਇਨਵੈੱਸਟ ਇਨ ਯੂਨਾਈਟਿਡ ਸਟੇਟਸ ਆਫ਼ ਅਮੇਰਿਕਾ) ਵੱਲੋਂ ਸਾਂਝੇ ਕੀਤੇ ਗਏ ਡਾਟਾ ਦੇ ਮੁਤਾਬਕ, ਭਾਰਤੀ ਨਾਗਰਿਕਾਂ ਵਿੱਚ ਈਬੀ-5 ਵੀਜ਼ਾ ਦੀ ਮੰਗ ਲਗਾਤਾਰ ਵੱਧ ਰਹੀ ਹੈ। ਜੇਕਰ ਸਾਲ 2014 ਤੋਂ ਸਾਲ 2024 ਦੇ ਅੰਕੜਿਆਂ ਵੱਲ ਦੇਖੀਏ ਤਾਂ ਸਭ ਤੋਂ ਜ਼ਿਆਦਾ ਸਾਲ 2024 ਵਿੱਚ ਇਸ ਦੀ ਮੰਗ ਵਿੱਚ ਵਾਧਾ ਦੇਖਿਆ ਗਿਆ ਹੈ। ਸਾਲ 2024 ਵਿੱਚ 1428 ਭਾਰਤੀ ਨਾਗਰਿਕਾਂ ਨੂੰ ਈਬੀ-5 ਵੀਜ਼ਾ ਜਾਰੀ ਕੀਤੇ ਗਏ ਸਨ ਜੋ ਕਿ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਹੈ।

ਇਸ ਤੋਂ ਪਹਿਲਾਂ ਇੱਕ ਵਾਰ ਸਾਲ 2022 ਵਿੱਚ ਵੀ ਇੱਕ ਉਛਾਲ ਦੇਖਿਆ ਗਿਆ ਸੀ ਜਦੋਂ 1381 ਈਬੀ-5 ਵੀਜ਼ਾ ਭਾਰਤੀ ਨਾਗਰਿਕਾਂ ਨੂੰ ਮਿਲੇ। ਸਾਲ 2023 ਵਿੱਚ ਕੁੱਲ 815 ਈਬੀ-5 ਵੀਜ਼ਾ ਜਾਰੀ ਕੀਤੇ ਗਏ। ਇਸ ਤੋਂ ਪਿਛਲੇ ਸਾਲਾਂ ਵਿੱਚ ਇਹ ਗਿਣਤੀ ਕਾਫੀ ਘੱਟ ਸੀ। ਸਾਲ 2014 ਵਿੱਚ 96, ਸਾਲ 2015 ਵਿੱਚ 111, ਸਾਲ 2016 ਵਿੱਚ 149, ਸਾਲ 2017 ਵਿੱਚ 174, ਸਾਲ 2018 ਵਿੱਚ 585, ਸਾਲ 2019 ਵਿੱਚ 760, ਸਾਲ 2020 ਵਿੱਚ 613, ਸਾਲ 2021 ਵਿੱਚ 211 ਈਬੀ-5 ਵੀਜ਼ਾ ਭਾਰਤੀ ਨਾ-ਗਰਿਕਾਂ ਨੂੰ ਦਿੱਤੇ ਗਏ। ਯੂਐੱਸਸੀਆਈਐੱਸ ਵੱਲੋਂ ਜਾਰੀ ਕੀਤਾ ਗਿਆ ਤਾਜ਼ਾ ਅੰਕੜਾ ਦਿਖਾਉਂਦਾ ਹੈ ਕਿ ਇਹ ਮੰਗ ਲਗਾਤਾਰ ਵੱਧ ਰਹੀ ਹੈ।

ਆਈਆਈਯੂਐੱਸਏ ਦੇ ਡਾਇਰੈਕਟਰ ਆਫ਼ ਪਾਲਿਸੀ ਰਿਸਰਚ ਅਤੇ ਡਾਟਾ ਐਨਾਲਿਸਟ ਲੀ ਲਾਏ ਦੇ ਮੁਤਾਬਕ, ਈਬੀ-5 ਵੀਜ਼ਾ ਪੀਆਰ ਹਾਸਲ ਕਰਨ ਦਾ ਈਬੀ-2 ਅਤੇ ਈਬੀ-3 ਵੀਜ਼ਾ ਦੀ ਤੁਲਨਾ ਵਿੱਚ ਸਭ ਤੋਂ ਤੇਜ਼ ਰਸਤਾ ਹੈ। ਈਬੀ-2 ਅਤੇ ਈਬੀ-3 ਵੀਜ਼ਾ ਲਈ ਭਾਰਤੀ ਨਾਗਰਿਕਾਂ ਦਾ ਵੱਡਾ ਬੈਕਲੌਗ ਪਹਿਲਾਂ ਹੀ ਖੜ੍ਹਾ ਹੈ। ਕੀ ਇਹ ਵੀਜ਼ਾ ਬਿਹਤਰ ਬਦਲ ਹੋ ਸਕਦਾ ਹੈ।

ਇਮੀਗ੍ਰੇਸ਼ਨ ਫਰਮ ਜੀਆਈਈਸੀ ਦੇ ਕੰਟਰੀ ਹੈੱਡ ਸ਼ੁਭਮ ਸਿੰਘ ਦੱਸਦੇ ਹਨ ਕਿ -1 ਵੀਜ਼ਾ ਤੁਹਾਡੇ ਪਰਮਾਨੈਂਟ ਵੀਜ਼ਾ ਦਾ ਰਾਹ ਪੱਧਰਾ ਕਰ ਸਕਦਾ ਹੈ। ਉਹ ਦੱਸਦੇ ਹਨ ਕਿ ਐੱਚ-1ਬੀ ਜਾਂ ਈਬੀ-5 ਵਰਗੇ ਵੀਜ਼ਾ ਦੇ ਮੁਕਾਬਲੇ ਇਹ ਜਲਦੀ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਇਹ ਇੱਕ ਨੌਨ ਕੈਪਡ-ਵੀਜ਼ਾ ਹੁੰਦਾ ਹੈ ਯਾਨਿ ਵੀਜ਼ਾ ਉੱਤੇ ਕੋਈ ਕੈਪ ਨਹੀਂ ਹੁੰਦੀ ਕਿ ਹਰ ਸਾਲ ਕਿੰਨੇ ਵੀਜ਼ਾ ਜਾਰੀ ਕੀਤੇ ਜਾਣਗੇ। ਇਹ ਸਾਲ ਵਿੱਚ ਕਿਸੇ ਵੀ ਵਕਤ ਅਪਲਾਈ ਕੀਤੇ ਜਾ ਸਕਦੇ ਹਨ ਅਤੇ ਇਸ ਲਈ ਕੋਈ ਲਾਟਰੀ ਸਿਸਟਮ ਨਹੀਂ ਹੁੰਦਾ। ਇਮੀਗ੍ਰੇਸ਼ਨ ਮਾਹਰ ਕਹਿੰਦੇ ਹਨ ਕਿ -1 ਵੀਜ਼ਾ ਇੱਕ ਚੰਗਾ ਬਦਲ ਹੋ ਸਕਦਾ ਹੈ। ਇਸ ਨੂੰ ਹਾਸਲ ਕਰਨਾ ਬਹੁਤ ਸੌਖਾ ਨਹੀਂ ਹੈ ਪਰ ਔਖਾ ਵੀ ਨਹੀਂ ਹੈ। ਤੁਸੀਂ ਆਪਣੀ ਪ੍ਰੋਫਾਈਲ ਨੂੰ ਹੌਲੀ-ਹੌਲੀ ਕਰਕੇ ਕਾਫੀ ਮਜ਼ਬੂਤ ਕਰ ਸਕਦੇ ਹੋ। ਮਾਹਰਾਂ ਨਾਲ ਗੱਲ ਕਰਕੇ ਤੁਸੀਂ ਬਿਹਤਰ ਦਸਤਾਵੇਜ਼ ਹਾਸਲ ਕਰ ਸਕਦੇ ਹੋ ਬਸ਼ਰਤੇ ਤੁਹਾਡੀਆਂ ਉਪਲਬਧੀਆਂ ਵਿਲੱਖਣ ਹੋਣ। ਇੰਡੀਅਨ ਐਕਸਪ੍ਰੈਸ ਨਾਲ ਗੱਲਬਾਤ ਕਰਦਿਆਂ ਟੈਕਸਾਸ ਦੇ ਅਟੌਰਨੀ ਚੰਦ ਪਰਵਾਥਨੇਨੀ ਕਹਿੰਦੇ ਹਨ, "ਐੱਲ-1 ਵੀਜ਼ਾ ਦਾ ਰਿਜੈਕਸ਼ਨ ਰੇਟ ਹਾਲਾਂਕਿ ਐੱਚ-1ਬੀ ਵੀਜ਼ਾ ਤੋਂ ਜ਼ਿਆਦਾ ਹੈ ਤਾਂ ਜੋ ਕੋਈ ਇਸ ਦਾ ਗਲਤ ਫਾਇਦਾ ਨਾ ਚੁੱਕ ਸਕੇ। ਇਸ ਲਈ ਖ਼ਾਸ ਤਰ੍ਹਾਂ ਦੀ ਜਾਣਕਾਰੀ ਹੋਣਾ ਜ਼ਰੂਰੀ ਹੈ। ਸਪੈਸ਼ਲਾਈਜ਼ਡ ਵਰਕਰਜ਼ ਨੂੰ ਹੀ ਇਹ ਵੀਜ਼ਾ ਮਿਲਦੇ ਹਨ।"

## 'ਆਪਰੇਸ਼ਨ ਸਿੰਧੂਰ' ਦਾ ਮਕਸਦ ਜੰਗ ਛੇੜਨਾ ਨਹੀਂ ਸੀ: ਰਾਜਨਾਥ

ਕਾਰਗਿਲ- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਨੂੰ ਕਿਹਾ ਕਿ ਭਾਰਤੀ ਫੌਜ ਨੇ ਆਪਰੇਸ਼ਨ ਸਿੰਧੂਰ ਦੇ ਸਾਰੇ ਟੀਚਿਆਂ ਨੂੰ ਹਾਸਲ ਕਰ ਲਿਆ ਹੈ, ਪਰ ਸਰਹੱਦ ਪਾਰੋਂ ਅਤਿਵਾਦ ਖਿਲਾਫ਼ ਉਨ੍ਹਾਂ ਦੀ ਲੜਾਈ ਜਾਰੀ ਰਹੇਗੀ। ਸਿੰਘ ਨੇ ਕਿਹਾ ਕਿ ਪਾਕਿਸਤਾਨ ਨੇ ਆਪਰੇਸ਼ਨ ਸਿੰਧੂਰ ਦੌਰਾਨ ਭਾਰਤ ਦੀ ਰੱਖਿਆ ਪ੍ਰਣਾਲੀ ਵਿਚ ਸੰਨ੍ਹ ਲਾਉਣ ਦੀ ਨਾਕਾਮ ਕੋਸ਼ਿਸ਼ ਕੀਤੀ, ਪਰ ਭਾਰਤੀ ਫੌਜ ਨੇ ਪਾਕਿਸਤਾਨੀ ਹਵਾਈ ਸੈਨਾ ਦੀ ਰੱਖਿਆ ਤਾਣੇ ਬਾਣੇ ਨੂੰ 'ਬੇਨਕਾਬ' ਕਰ ਦਿੱਤਾ ਤੇ ਕੁੱਲ ਆਲਮ ਨੂੰ ਸੁਨੇਹਾ ਦਿੱਤਾ ਕਿ ਉਹ ਆਪਣੇ ਰਵਾਇਤੀ ਵਿਰੋਧੀ ਨੂੰ ਵੱਡਾ ਨੁਕਸਾਨ ਪਹੁੰਚਾ ਸਕਦਾ ਹੈ। ਰੱਖਿਆ ਮੰਤਰੀ 'ਸ਼ਸਤਰ ਪੂਜਾ' ਤੋਂ ਪਹਿਲਾਂ ਗੁਜਰਾਤ ਦੇ ਭੁੱਜ ਵਿਚ ਫੌਜੀ ਹਵਾਈ ਅੱਡੇ 'ਤੇ ਫੌਜੀਆਂ ਦੇ ਇਕ ਸਮੂਹ ਨੂੰ ਸੰਬੋਧਨ ਕਰ ਰਹੇ ਸਨ। ਰਾਜਨਾਥ ਸਿੰਘ ਨੇ ਕਿਹਾ, "ਆਪਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਨੇ ਲੇਹ ਤੋਂ ਲੈ ਕੇ ਸਰ ਕਰੀਕ ਤੱਕ ਭਾਰਤ ਦੀ ਰੱਖਿਆ ਪ੍ਰਣਾਲੀ ਵਿਚ ਸੰਨ੍ਹ ਲਾਉਣ ਦੀ ਨਾਕਾਮ ਕੋਸ਼ਿਸ਼ ਕੀਤੀ।"

ਸਿੰਘ ਨੇ ਕਿਹਾ, "ਆਪਣੀ ਜਵਾਬੀ ਕਾਰਵਾਈ ਵਿਚ ਭਾਰਤੀ ਫੌਜ ਨੇ ਪਾਕਿਸਤਾਨੀ ਹਵਾਈ ਰੱਖਿਆ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਤੇ ਕੁਲ ਆਲਮ ਨੂੰ ਸੁਨੇਹਾ ਦਿੱਤਾ ਕਿ ਭਾਰਤੀ ਫੌਜ ਜਦੋਂ ਚਾਹੇ, ਜਿੱਥੇ ਚਾਹੇ ਪਾਕਿਸਤਾਨ ਨੂੰ ਭਾਰੀ ਨੁਕਸਾਨ ਪਹੁੰਚਾ ਸਕਦੀ ਹੈ।" ਸਿੰਘ ਨੇ ਕਿਹਾ ਕਿ ਭਾਰਤ ਨੇ ਸੰਜਮ ਨਾਲ ਕੰਮ ਲਿਆ ਕਿਉਂਕਿ ਉਸ ਦੀ ਫੌਜੀ ਕਾਰਵਾਈ ਅੱਤਵਾਦ ਖਿਲਾਫ਼ ਸੀ। ਉਨ੍ਹਾਂ ਕਿਹਾ, "ਆਪਰੇਸ਼ਨ ਸਿੰਧੂਰ ਦਾ ਮਕਸਦ ਜੰਗ ਛੇੜਨਾ ਨਹੀਂ ਸੀ।

# ਨਵੀਂ ਪੀੜ੍ਹੀ (ਜੈਨ ਜ਼ੀ) ਕੀ ਚਾਹੁੰਦੀ ਹੈ

ਡਾ. ਮੋਹਨ ਸਿੰਘ

ਨੇਪਾਲ ਅੰਦਰ ਨਵੀਂ ਪੀੜ੍ਹੀ (ਜੈਨ ਜ਼ੀ) ਦੇ ਨੌਜਵਾਨਾਂ/ਵਿਦਿਆਰਥੀਆਂ ਨੇ ਨੇਪਾਲੀ ਕਮਿਊਨਿਸਟ ਪਾਰਟੀ (ਯੂਐੱਮਐੱਲ) ਦੀ ਲੀ ਸਰਕਾਰ ਉਲਟਾ ਕੇ ਉਸ ਦੀ ਥਾਂ ਨੇਪਾਲ ਦੀ ਸੁਪਰੀਮ ਕੋਰਟ ਦੀ ਸਾਬਕਾ ਜੱਜ ਸੁਸ਼ੀਲਾ ਕਾਰਕੀ ਨੂੰ ਨੇਪਾਲੀ ਸਰਕਾਰ ਦਾ ਅੰਤਰਿਮ ਪ੍ਰਧਾਨ ਮੰਤਰੀ ਬਣਾ ਦਿੱਤਾ ਹੈ। ਸੁਸ਼ੀਲਾ ਕਾਰਕੀ ਨੇ ਨੇਪਾਲ ਦੇ ਚੋਣ ਕਮਿਸ਼ਨ ਅਤੇ ਹੋਰ ਸਰਕਾਰੀ ਸੰਸਥਾਵਾਂ ਨੂੰ ਆਦੇਸ਼ ਦਿੱਤੇ ਹਨ ਕਿ ਉਹ ਆਉਂਦੇ ਛੇ ਮਹੀਨਿਆਂ ਅੰਦਰ ਨੇਪਾਲ ਅੰਦਰ ਨਵੀਆਂ ਚੋਣਾਂ ਕਰਵਾਉਣ ਅਤੇ ਨੇਪਾਲ ਅੰਦਰ ਸੰਵਿਧਾਨ ਅਨੁਸਾਰ ਬਾਕਾਇਦਾ ਚੁਣੀ ਹੋਈ ਸਰਕਾਰ ਬਣਾਈ ਜਾਵੇ।

ਜ਼ਿਕਰਯੋਗ ਹੈ ਕਿ ਨੇਪਾਲ ਦੇ ਤਤਕਾਲੀ ਮੰਤਰੀ ਕੇ ਪੀ ਲੀ ਨੇ ਨੇਪਾਲ ਅੰਦਰ ਲੋਕਾਂ ਦੇ ਸੰਚਾਰ ਦਾ ਕੇਂਦਰ ਬਣੇ ਸੋਸ਼ਲ ਮੀਡੀਆ ਦੇ ਸਾਰੇ ਚੈਨਲ ਬੰਦ ਕਰ ਦਿੱਤੇ ਸਨ। ਇਸ ਨਾਲ ਦੇਸ਼ ਅੰਦਰ ਹੋਰ ਵੀ ਜ਼ਿਆਦਾ ਹਿੰਸਾ ਅਤੇ ਅਫ਼ਰਾ-ਤਫ਼ਰੀ ਫੈਲ ਗਈ ਤੇ ਦੇਸ਼ ਨੂੰ ਪੁਲੀਸ ਪ੍ਰਸ਼ਾਸਨ ਦੇ ਹਵਾਲੇ ਕਰ ਦਿੱਤਾ ਗਿਆ। ਇਉਂ ਨੇਪਾਲ ਦੀਆਂ ਭ੍ਰਿਸ਼ਟ ਸਰਕਾਰਾਂ ਵਿਰੁੱਧ ਗੁੱਸੇ ਵਿੱਚ ਆਏ ਵਿਦਿਆਰਥੀਆਂ ਅਤੇ ਨੌਜਵਾਨਾਂ ਅੰਦਰ ਗੁੱਸਾ ਹੋਰ ਭੜਕ ਗਿਆ। ਨੇਪਾਲ ਅੰਦਰ ਬੇਰੁਜ਼ਗਾਰੀ ਕਾਰਨ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਵੱਡੇ ਹਿੱਸੇ ਨੂੰ ਵਿਦੇਸ਼ਾਂ ਅੰਦਰ ਤਰ੍ਹਾਂ-ਤਰ੍ਹਾਂ ਦੇ ਕਿੱਤੇ, ਵਿਸ਼ੇਸ਼ ਕਰ ਕੇ ਸੁਰੱਖਿਆ ਅਮਲੇ ਅੰਦਰ ਰੁਜ਼ਗਾਰ ਲੈਣ ਲਈ ਮਜਬੂਰ ਹੋਣਾ ਪੈਂਦਾ ਰਿਹਾ ਹੈ ਪਰ ਵਿਦਿਆਰਥੀ ਅਤੇ ਨੌਜਵਾਨ ਜਦੋਂ ਆਪਣੀ ਮਿਹਨਤ ਦੀ ਕਮਾਈ ਨਾਲ ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਐਸ਼- -ਇਸ਼ਰਤ ਵਾਲੀ ਜ਼ਿੰਦਗੀ ਬਤੀਤ ਕਰਦੇ ਦੇਖਦੇ ਤਾਂ ਉਨ੍ਹਾਂ ਦੇ ਮਨਾਂ ਅੰਦਰ ਸਿਆਸੀ ਆਗੂਆਂ ਵਿਰੁੱਧ ਗੁੱਸੇ ਅਤੇ ਨਫ਼ਰਤ ਦੇ ਭਾਂਬੜ ਬਲ ਜਾਂਦੇ। ਹੁਣ ਅੰਦੋਲਨ ਭੜਕਣ ’ਤੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਸਿਆਸੀ ਆਗੂਆਂ ਦੇ ਮਹਿਲਾਂ ਵਰਗੇ ਘਰਾਂ ਅਤੇ ਪ੍ਰਸ਼ਾਸਕੀ ਅਦਾਰਿਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਵੱਖ-ਵੱਖ ਹਾਕਮ ਪਾਰਟੀਆਂ ਦੇ ਲੀ, ਪ੍ਰਚੰਡ ਅਤੇ ਸ਼ੇਰ ਬਹਾਦੁਰ ਦਿ ਬਾ ਵਰਗੇ ਆਗੂ ਵੱਖ-ਵੱਖ ਸਮੇਂ ਰਾਜਸੱਤਾ ਦਾ ਆਨੰਦ ਮਾਣਦੇ ਰਹੇ ਹਨ। ਇਸ ਕਰ ਕੇ ਜਦੋਂ ਨੌਜਵਾਨਾਂ ਦੇ ਗੁੱਸੇ ਨੂੰ ਸਾਂਝੇ ਕਰਨ ਵਾਲੇ ਪਲੈਟਫਾਰਮ ਸੋਸ਼ਲ ਮੀਡੀਆ ਦੇ ਚੈਨਲਾਂ ਨੂੰ ਬੰਦ ਕੀਤਾ ਗਿਆ ਤਾਂ ਉਨ੍ਹਾਂ ਅੰਦਰ ਸਰਕਾਰ ਵਿਰੁੱਧ ਗੁੱਸਾ ਭੜਕ ਗਿਆ।

ਫਿਰ ਅਮਨ ਅਤੇ ਕਾਨੂੰਨ ਨੂੰ ਕੰਟਰੋਲ ਕਰਨ ਦੇ ਨਾਂ ’ਤੇ ਲੀ ਸਰਕਾਰ ਨੇ ਦੇਸ਼ ਨੂੰ ਪੁਲੀਸ ਪ੍ਰਸ਼ਾਸਨ ਦੇ ਹਵਾਲੇ ਕਰ ਦਿੱਤਾ ਅਤੇ ਪੁਲੀਸ ਨੇ ਅਮਨ-ਕਾਨੂੰਨ ਬਹਾਲ ਕਰਨ ਦੇ ਨਾਂ ’ਤੇ ਵਿਦਿਆਰਥੀਆਂ ਅਤੇ ਨੌਜਵਾਨਾਂ ’ਤੇ ਘੇਰ-ਘੇਰ ਕੇ ਘੋਰ ਤਸ਼ੱਦਦ ਕੀਤਾ। ਇਸ ਤੋਂ ਬਾਅਦ ਦੇਸ਼ ਅੰਦਰ ਰੋਸ ਮਾਰਚ ਅਤੇ ਪ੍ਰਦਰਸ਼ਨ ਤੇਜ਼ ਹੋ ਗਏ ਪਰ ਜਿਵੇਂ ਆਮ ਤੌਰ ’ਤੇ ਹੁੰਦਾ ਹੈ, ਬਹੁਤ ਸਾਰੇ ਸਮਾਜ ਵਿਰੋਧੀ ਤੱਤ ਲਹਿਰਾਂ ਅੰਦਰ ਦਾਖ਼ਲ ਹੋ ਜਾਂਦੇ ਅਤੇ ਹਾਕਮ ਜਮਾਤਾਂ ਵੀ ਇਨ੍ਹਾਂ ਲਹਿਰਾਂ ਨੂੰ ਬਦਨਾਮ ਕਰਨ ਲਈ ਸਮਾਜ ਵਿਰੋਧੀ ਤੱਤਾਂ ਨੂੰ ਲਹਿਰਾਂ ਅੰਦਰ ਦਾਖ਼ਲ ਕਰ ਕੇ ਹਿੰਸਕ ਕਾਰਵਾਈਆਂ ਕਰਵਾ ਦਿੰਦੀਆਂ ਹਨ।

ਨੇਪਾਲ ਚੀਨ ਅਤੇ ਭਾਰਤ ਵਰਗੇ ਦੋ ਵੱਡੇ ਦੇਸ਼ਾਂ ਵਿੱਚ ਘਿਰਿਆ ਹੋਇਆ ਹੈ ਜਿਸ ਦੀ ਲਗਭਗ 1750 ਕਿਲੋਮੀਟਰ ਸਰਹੱਦ ਭਾਰਤ ਅਤੇ ਚੀਨ ਨਾਲ ਲੱਗਦੀ ਹੈ। ਇਸ ਦੇਸ਼ ਦਾ ਬਾਹਰਲੀ ਦੁਨੀਆ ਨਾਲ ਜ਼ਮੀਨੀ ਸੰਪਰਕ ਨਹੀਂ ਅਤੇ ਨੇਪਾਲ ਦੇ ਬਹੁਤ ਪਛੜੇ ਰਹਿਣ ਦਾ ਇੱਕ ਕਾਰਨ ਇਹ ਵੀ ਹੈ। ਇਸ ਦੀ ਆਰਥਿਕਤਾ ਜ਼ਿਆਦਾਤਰ ਖੇਤੀਬਾੜੀ, ਬਾਗਬਾਨੀ, ਸੈਰ-ਸਪਾਟੇ, ਦੇਸੀ-ਵਿਦੇਸ਼ੀ ਸੁਰੱਖਿਆ ਤੇ ਫ਼ੌਜੀ ਭਰਤੀ ਉੱਪਰ ਨਿਰਭਰ ਹੈ। ਨੇਪਾਲ ਅੰਦਰ ਖੇਤੀਬਾੜੀ ਪੱਛੜੀ ਹੋਈ ਹੈ। ਏਸ਼ੀਆ ਦੇ ਬਹੁਤੇ ਦੇਸ਼ਾਂ ਵਾਂਗ ਨੇਪਾਲ ਅੰਦਰ ਵੀ ਗ਼ਰੀਬੀ ਅਮੀਰੀ ਦਾ ਪਾੜਾ ਲਗਾਤਾਰ ਵਧ ਰਿਹਾ ਹੈ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਇਸੇ ਰੋਸ ਅਤੇ ਬੇਚੈਨੀ ਕਰ ਕੇ ਨੇਪਾਲ ਤੋਂ ਪਹਿਲਾਂ ਲੋਕਾਂ ਨੇ ਸ੍ਰੀ ਲੰਕਾ, ਬੰਗਲਾਦੇਸ਼, ਇੰਡੋਨੇਸ਼ੀਆ ਵਰਗੇ ਹੋਰ ਏਸ਼ਿਆਈ ਦੇਸ਼ਾਂ ਅੰਦਰ ਸਰਕਾਰਾਂ ਉਲਟਾ ਦਿੱਤੀਆਂ ਹਨ ਪਰ ਉਸ ਤੋਂ ਬਾਅਦ ਉੱਥੇ ਫਿਰ ਉਹੀ ਪੁਰਾਣੀਆਂ ਪਾਰਟੀਆਂ ਅਤੇ ਪੁਰਾਣੇ ਆਗੂ ਸੱਤਾ ਉੱਤੇ ਕਾਬਜ਼ ਹੋ ਗਏ। ਇਹ ਪਾਰਟੀਆਂ ਮੁੜ ਉਹੀ ਨੀਤੀਆਂ ਲਾਗੂ ਕਰ ਰਹੀਆਂ ਹਨ। ਉਂਝ ਵੀ, ਇਨ੍ਹਾਂ ਦੇਸ਼ਾਂ ਅੰਦਰ ਹੋਈ ਉਥਲ-ਪੁਥਲ ਦੇ ਬਾਵਜੂਦ ਸੱਜੇ ਪੱਖੀ ਅਤੇ ਪਿਛਾਂਹਖਿੱਚੂ ਤਾਕਤਾਂ ਦਾ ਬੋਲਬਾਲਾ ਵਧ ਰਿਹਾ ਹੈ। ਬਦਲ-ਬਦਲ ਕੇ ਬਣਦੀਆਂ-ਟੁੱਟਦੀਆਂ ਸਰਕਾਰਾਂ ਤੋਂ ਲੋਕ ਅੱਕੇ ਅਤੇ ਨਿਰਾਸ਼ ਹੋਏ ਪਏ ਹਨ। ਪਿਛਲੇ ਕਈ ਦਹਾਕਿਆਂ ਤੋਂ ਨੇਪਾਲ ਦੇ ਲੋਕਾਂ ਨੇ ਵੀ ਉਥਲ-ਪੁਥਲ ਦੇ ਬਹੁਤ ਸਾਰੇ ਦੌਰ ਦੇਖੇ ਹਨ ਅਤੇ ਬਹੁਤ ਸਾਰੀਆਂ ਕੁਰਬਾਨੀਆਂ ਕਰਨ ਦੇ ਬਾਵਜੂਦ ਇਹ ਲੋਕ ਠੱਗੇ-ਠੱਗੇ ਮਹਿਸੂਸ ਕਰ ਰਹੇ ਹਨ। ਨੇਪਾਲ ਦੇ ਲੋਕਾਂ ਨੇ ਵੱਖ-ਵੱਖ ਪਾਰਟੀਆਂ ਦੇ ਰਾਜ ਦੇਖੇ ਹਨ ਪਰ ਇਨ੍ਹਾਂ ਪਾਰਟੀਆਂ ਨੇ ਲੋਕਾਂ ਦਾ ਕੋਈ ਭਲਾ ਨਹੀਂ ਕੀਤਾ।

ਨੇਪਾਲ ਅੰਦਰ ਵਾਪਰ ਰਹੀਆਂ ਘਟਨਾਵਾਂ ਬਾਰੇ ਵੱਖ-ਵੱਖ ਤਰ੍ਹਾਂ ਦੇ ਵਿਸ਼ਲੇਸ਼ਣ ਪੇਸ਼ ਕੀਤੇ ਜਾ ਰਹੇ ਹਨ। ਇਕ ਗੱਲ ਤਾਂ ਸਾਫ਼ ਹੈ ਕਿ ਨੇਪਾਲ ਅੰਦਰ ਰਾਜ ਪਲਟਾ ਉਸ ਧਿਰ ਨੇ ਹੀ ਕਰਵਾਇਆ ਹੋ ਸਕਦਾ ਹੈ ਜਿਸ ਧਿਰ ਦੇ ਇਹ ਹਿੱਤ ਪੂਰਦਾ ਹੋਵੇ। ਨੇਪਾਲ ਅੰਦਰ ਮੌਜੂਦਾ ਸੀਪੀਐੱਨ (ਯੂਐੱਮਐੱਲ) ਦਾ ਝੁਕਾਅ ਚੀਨ ਵੱਲ ਸੀ ਅਤੇ ਇਸ ਪਾਰਟੀ ਦਾ ਲੀਡਰ ਕੇ ਪੀ ਲੀ ਸਪੱਸ਼ਟ ਰੂਪ ਵਿੱਚ ਚੀਨ ਪੱਖੀ ਸੀ। ਇਸੇ ਕਰ ਕੇ ਨੇਪਾਲ ਅੰਦਰ ਰਾਜਪਲਟਾ ਇਹ ਪਾਰਟੀ ਨਹੀਂ ਕਰਵਾ ਸਕਦੀ। ਇਹ ਵੀ ਕਿਹਾ ਜਾਂਦਾ ਹੈ ਕਿ ਜੈਨ ਜ਼ੀ ਨੌਜਵਾਨਾਂ ਦੀ ਜਥੇਬੰਦਕ ਪੱਖੋਂ ਇਤਨੀ ਪਰੋਖੋਂ ਨਹੀਂ ਕਿ ਉਹ ਨੇਪਾਲ ਅੰਦਰ ਰਾਜ ਪਲਟਾ ਕਰਵਾ ਸਕਦੇ ਅਤੇ ਫਿਰ ਇਸ ਨੂੰ ਸਾਂਭ ਸਕਦੇ। ਇਸ ਕਰ ਕੇ ਸੱਤਾ ਬਦਲੀ ਦੀ ਇਸ ਕੋਸ਼ਿਸ਼ ਪਿੱਛੇ ਡੀਪ ਸਟੇਟ ਜਾਂ ਸੰਸਾਰ ਦੀਆਂ ਵੱਡੀਆਂ ਤਾਕਤਾਂ ਦਾ ਹੱਥ ਹੋਣ ਦੀ ਵੱਧ ਸੰਭਾਵਨਾ ਹੈ। ਭਾਰਤੀ ਉਪ ਮਹਾਂਦੀਪ ਅੰਦਰ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕ ਲਾਉਣ ਦੀ ਅਮਰੀਕਾ ਦੀ ਅਣਸਰਦੀ ਲੋੜ ਬਣੀ ਹੋਈ ਹੈ, ਕਿਉਂਕਿ ਭਾਰਤ ਦੇ ਇਰਦ-ਗਿਰਦ ਸ੍ਰੀ ਲੰਕਾ, ਪਾਕਿਸਤਾਨ, ਬੰਗਲਾਦੇਸ਼, ਮਿਆਂਮਾਰ, ਅਫਰੀਕਨ ਮਹਾਂਦੀਪ, ਲਾਤੀਨੀ ਅਮਰੀਕਾ, ਮੱਧ ਪੂਰਬ ਏਸ਼ੀਆ ਅੰਦਰ ਚੀਨ ਅਤੇ ਅਮਰੀਕਾ ਵਿਚਕਾਰ ਆਪੋ-ਆਪਣੇ ਰਸੂਖ ਵਾਲੇ ਖਿੱਤੇ ਵਧਾਉਣ ਦੀ ਦੌੜ ਲੱਗੀ ਹੋਈ ਹੈ। ਉਧਰ ਸੀਅਨ, ਆਸੀਅਨ ਅਤੇ ਚੀਨ ਸਾਗਰ ਅੰਦਰ ਚੀਨ ਆਪਣੇ ਪ੍ਰਭਾਵ ਖੇਤਰਾਂ ਦਾ ਲਗਾਤਾਰ ਵਿਸਥਾਰ ਕਰ ਰਿਹਾ ਹੈ।

ਨੇਪਾਲ ਦੀ ਇਸ ਅਫ਼ਰਾ-ਤਫ਼ਰੀ ਵਿੱਚ ਘਰੇਲੂ ਮੁੱਦੇ ਡੂੰਘੇ ਜੁੜੇ ਹੋਏ ਹਨ ਅਤੇ ਇਹ ਮੁੱਦੇ ਜੀ ਰਾਜਨੀਤਕ ਘਟਨਾਵਾਂ ਨਾਲ ਭਾਰਤ, ਚੀਨ ਅਤੇ ਅਮਰੀਕਾ ਨਾਲ ਵੀ ਪੂਰੀ ਤਰ੍ਹਾਂ ਜੁੜੇ ਹੋਏ ਹਨ ਤੇ ਇਨ੍ਹਾਂ ਭੂ-ਰਾਜਨੀਤਕ ਤਣਾਵਾਂ ਨੇ ਵੀ ਨੇਪਾਲ ਦੀਆਂ ਘਟਨਾਵਾਂ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਵਿਆਪਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੇ ਲੋਕਾਂ ਅੰਦਰ ਨਿਰਾਸ਼ਾ ਵਧਾਈ ਅਤੇ ਸਰਕਾਰ ਬਾਰੇ ਬਣੀ ਬੇਭਰੋਸਗੀ ਨੇ ਵੱਡੇ ਪੱਧਰ ’ਤੇ ਨੌਜਵਾਨਾਂ ਦੀ ਅਗਵਾਈ ਵਾਲੇ ਵਿਰੋਧ ਪ੍ਰਦਰਸ਼ਨਾਂ ਨੂੰ ਜਨਮ ਦਿੱਤਾ ਹੈ।

ਨੇਪਾਲ ਦੀ ਆਰਥਿਕਤਾ ਇਸ ਵਕਤ ਉੱਚ ਮਹਿੰਗਾਈ, ਨੌਕਰੀ ਦੇ ਮੌਕਿਆਂ ਦੀ ਘਾਟ ਅਤੇ ਦੇਸੀ-ਵਿਦੇਸ਼ੀ ਕਰਜ਼ੇ ਨਾਲ ਜੂਝ ਰਹੀ ਹੈ। 2008 ਵਿੱਚ ਰਾਜਸ਼ਾਹੀ ਦੇ ਅੰਤ ਤੋਂ ਬਾਅਦ ਨੇਪਾਲ ਅੰਦਰ ਮੌਕਾਪ੍ਰਸਤ ਸਿਆਸੀ ਗੱਠਜੋੜਾਂ ਨੇ ਲੋਕਾਂ ਅੰਦਰ ਬੇਦਿਲੀ ਦੇ ਉਹ ਅਨੁਭਵ ਉਜਾਗਰ ਕੀਤੇ, ਜਿਹੜੇ ਲੰਮੇ ਸਮੇਂ ਦੇ ਇਕਸਾਰ ਲਗਾਤਾਰ ਵਿਕਾਸ ਵਿੱਚ ਰੁਕਾਵਟਾਂ ਪਾਉਂਦੇ ਹਨ। ਨੇਪਾਲ ਦੀਆਂ ਰਾਜਨੀਤਕ ਪਾਰਟੀਆਂ ਦਾ ਕੌਮੀ ਸਥਿਰਤਾ ਨਾਲੋਂ ਸਵਾਰਥੀ ਅਤੇ ਥੋੜ੍ਹੇ ਸਮੇਂ ਦੇ ਹਿੱਤਾਂ ਨੂੰ ਤਰਜੀਹ ਦੇਣ ਦਾ ਇਤਿਹਾਸ ਰਿਹਾ ਹੈ, ਜਿਸ ਨੇ ਅੰਦਰੂਨੀ ਰਾਜਨੀਤਕ ਮਤਭੇਦ ਡੂੰਘੇ ਕੀਤੇ ਹਨ।

ਨੇਪਾਲ ਦਾ ਇਹ ਘਟਨਕ੍ਰਮ ਭਾਰਤ ਅੰਦਰਲੇ ਸੰਕਟ ਵਾਲੇ ਹਾਲਾਤ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਕਰ ਕੇ ਭਾਰਤ ਦੇ ਅਗਾਂਹਵਧੂ ਹਲਕਿਆਂ ਨੂੰ ਨੇਪਾਲ ਦੀਆਂ ਘਟਨਾਵਾਂ ਤੋਂ ਸਬਕ ਸਿੱਖ ਕੇ ਆਪਣੇ ਕਾਰਜ ਤੈਅ ਕਰਨ ਦੀ ਵੱਡੀ ਜ਼ਰੂਰਤ ਹੈ ਤਾਂ ਜੋ ਮੌਜੂਦਾ ਸਮੇਂ ਦੀ ਲੋੜ ਅਨੁਸਾਰ ਭਾਰਤ ਅੰਦਰ ਲੋਕ ਪੱਖੀ ਨਿਜ਼ਾਮ ਵਿਕਸਤ ਕੀਤਾ ਜਾ ਸਕੇ।



# ਬਜਬਜਘਾਟ ਦਾ ਖ਼ੂਨੀ ਸਾਕਾ



ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਤੋਂ ਪਹਿਲਾਂ ਅਜਿਹਾ ਹੀ ਇਕ ਹੋਰ ਖ਼ੂਨੀ ਸਾਕਾ ਹਿੰਦੁਸਤਾਨ ਦੀ ਧਰਤੀ ’ਤੇ ਵਾਪਰਿਆ ਸੀ। ਇਸ ਸਾਕੇ ਨੂੰ ਬਜਬਜਘਾਟ ਦੇ ਖ਼ੂਨੀ ਸਾਕੇ ਵਜੋਂ ਹਰ ਦੇਸ਼ ਵਾਸੀ ਯਾਦ ਕਰਦਾ ਹੈ। ਇਹ ਸਾਕਾ ਹੁਗਲੀ ਨਦੀ ਦੇ ਕਿਨਾਰੇ ਬਜਬਜਘਾਟ ਨਾਂ ਦੀ ਬੰਦਰਗਾਹ ’ਤੇ 29 ਸਤੰਬਰ 1914 ਨੂੰ ਵਾਪਰਿਆ ਸੀ। ਇਸ ਸਾਕੇ ਸਮੇਂ ਜਿਸ ਜੁਝਾਰੂ ਸਿੱਖ ਆਗੂ ਦੀ ਅਗਵਾਈ ਵਿਚ ਸ਼ਹੀਦੀਆਂ ਦਿੱਤੀਆਂ ਗਈਆਂ, ਉਸ ਮਹਾਨ ਸਿੱਖ ਆਗੂ ਨੂੰ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਨਾਂ ਨਾਲ ਹਰ ਬਸ਼ਰ ਯਾਦ ਕਰਦਾ ਹੈ। ਬਾਬਾ ਗੁਰਦਿੱਤ ਸਿੰਘ ਦਾ ਜਨਮ ਪਿੰਡ ਸਰਹਾਲੀ ਜ਼ਿਲ੍ਹਾ ਤਰਨਤਾਰਨ ਵਿਖੇ 1861 ਈ: ਨੂੰ ਹੋਇਆ ਸੀ। ਉਨ੍ਹਾਂ ਦੇ ਪਿਤਾ ਜੀ ਹੁਕਮ ਸਿੰਘ ਸੰਧੂ ਖੇਤੀਬਾੜੀ ਦਾ ਧੰਦਾ ਕਰਦੇ ਸਨ। ਬਾਬਾ ਜੀ ਨੇ ਮੁੱਢਲੀ ਸਿੱਖਿਆ ਤੋਂ ਪਿੱਛੋਂ ਪਿਤਾ-ਪੁਰਖੀ ਕਿੱਤਾ ਖੇਤੀਬਾੜੀ ਆਰੰਭ ਕੀਤਾ ਪਰ ਇਹ ਕਿੱਤਾ ਹੁਣ ਵਾਂਗ ਉਦੋਂ ਵੀ ਲਾਭਕਾਰੀ ਨਹੀਂ ਸੀ।

ਬਾਬਾ ਜੀ ਦੇ ਮਨ ਵਿਚ ਵਪਾਰ ਕਰਨ ਦੀ ਲਗਨ ਸੀ। ਇਸੇ ਲਗਨ ਨੂੰ ਲੈ ਕੇ ਉਹ ਪਹਿਲਾਂ ਮਲਾਇਆ ਪਹੁੰਚ ਕੇ ਮਗਰੋਂ ਹਾਂਗਕਾਂਗ ਚਲੇ ਗਏ। ਬਾਬਾ ਜੀ ਨੇ ਵਪਾਰ ਕਰਨ ਦੇ ਆਸ਼ੇ ਨੂੰ ਮੁੱਖ ਰੱਖ ਕੇ ਕੁਝ ਸਮੇਂ ਲਈ ਠੇਕੇਦਾਰੀ ਦਾ ਕਿੱਤਾ ਕੀਤਾ। ਥੋੜ੍ਹਾ ਸਮਾਂ ਠੇਕੇਦਾਰੀ ਕਰਨ ਤੋਂ ਪਿੱਛੋਂ ਉਨ੍ਹਾਂ ਇਕ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਕਿਰਾਏ ’ਤੇ ਲੈ ਲਿਆ। ਬਾਬਾ ਜੀ ਬੜੀ ਤੇਜ਼-ਤਰਾਰ ਬੁੱਧੀ ਦੇ ਮਾਲਕ ਸਨ। ਉਨ੍ਹਾਂ ਦੇ ਮਨ ਵਿਚ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੀ ਆਰਥਿਕ ਮੰਦਹਾਲੀ ਦਾ ਦੁੱਖ ਅਤੇ ਗੁਲਾਮ ਹੋਣ ਦੀ ਲਾਹਨਤ ਤੋਂ ਇਲਾਵਾ ਅੰਗਰੇਜ਼ ਸਰਕਾਰ ਦੀ ਲੁੱਟ-ਖਸੁੱਟ ਦੀ ਮਾਰੂ ਨੀਤੀ ਘਰ ਕਰ ਚੁੱਕੀ ਸੀ। ਉਨ੍ਹਾਂ ਸਾਂਝੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 376 ਮੁਸਾਫ਼ਰਾਂ ਸਮੇਤ ਇਕ ਜਹਾਜ਼ ਨੂੰ ਕੈਨੇਡਾ ਲਿਜਾਣ ਦਾ ਪ੍ਰੋਗਰਾਮ ਬਣਾ ਲਿਆ। ਇਨ੍ਹਾਂ ਪੰਜਾਬੀ ਮੁਸਾਫ਼ਰਾਂ ਵਿਚ ਕੇਵਲ 30 ਗ਼ੈਰ ਸਿੱਖ ਯਾਤਰੂ ਸਨ।

ਉਨ੍ਹਾਂ ਇਸ ਜਹਾਜ਼ ਦਾ ਨਾਂ ਕਾਮਾਗਾਟਾਮਾਰੂ ਦੀ ਥਾਂ ‘ਗੁਰੂ ਨਾਨਕ ਜਹਾਜ਼’ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਇਸ ਜਹਾਜ਼ ਵਿਚ ਕੀਤਾ। ਵਪਾਰਕ ਨਜ਼ਰੀਏ ਤੋਂ ਕੁਝ ਕੋਲਾ ਵੀ ਇਸ ਜਹਾਜ਼ ਵਿਚ ਭਰਿਆ ਗਿਆ। ਜਹਾਜ਼ ਨੂੰ ਰਵਾਨਾ ਕਰਨ ਤੋਂ ਪਹਿਲਾਂ ਇੱਥੋਂ ਦੀ ਅੰਗਰੇਜ਼ ਸਰਕਾਰ ਨੇ ਬਹੁਤ ਸਾਰੀਆਂ ਰੁਕਾਵਟਾਂ ਪਾਈਆਂ। ਇਨ੍ਹਾਂ ਸਾਰੀਆਂ ਤੰਗੀਆਂ-ਤੁਰਸ਼ੀਆਂ ਨੂੰ ਝੱਲਦਿਆਂ ਆਖ਼ਰ ਇਹ ਜਹਾਜ਼ ਹਾਂਗਕਾਂਗ ਤੋਂ ਵੈਨਕੂਵਰ ਲਈ 4 ਅਪ੍ਰੈਲ 1914 ਈ: ਨੂੰ ਰਵਾਨਾ ਹੋਇਆ। ਸਮੁੰਦਰੀ ਸਫ਼ਰ ਤਹਿ ਕਰ ਕੇ 22 ਮਈ 1914 ਈ: ਨੂੰ ਇਹ ਜਹਾਜ਼ ਵੈਨਕੂਵਰ (ਕੈਨੇਡਾ) ਪਹੁੰਚਦਿਆਂ ਸਾਰ ਹੀ ਬੰਦਰਗਾਹ ਤੋਂ ਪਿੱਛੇ ਹੀ ਰੋਕ ਲਿਆ ਗਿਆ। ਇਸ ਜਹਾਜ਼ ਵਿਚ ਸਫ਼ਰ ਕਰ ਰਹੇ ਮੁਸਾਫ਼ਰਾਂ ਵਿੱਚੋਂ ਕੇਵਲ ਉਨ੍ਹਾਂ ਯਾਤਰੂਆਂ ਨੂੰ ਉਤਰਨ ਦੀ ਆਗਿਆ ਦਿੱਤੀ ਗਈ ਜਿਹੜੇ ਕੈਨੇਡਾ ਦੀ ਨਾਗਰਿਕਤਾ ਸਿੱਧ ਕਰ ਸਕੇ।

ਬਾਕੀ ਸਾਰੇ ਮੁਸਾਫ਼ਰ ਲਗਪਗ ਦੋ ਮਹੀਨੇ (23 ਜੁਲਾਈ ਤੱਕ) ਸਮੁੰਦਰ ਵਿਚ ਸਖ਼ਤ ਪਹਿਰੇ ਹੇਠ ਰੋਕੀ ਰੱਖੇ। ਇਨ੍ਹਾਂ ਦੋ ਮਹੀਨਿਆਂ ਦੌਰਾਨ ਜਹਾਜ਼ ਵਿਚੋਂ ਰਾਸ਼ਨ ਆਦਿ ਵੀ ਖ਼ਤਮ ਹੋ ਗਿਆ। ਸਮੁੰਦਰ ਵਿਚ ਰਹਿਣ ਕਰਕੇ ਬਹੁਤ ਸਾਰੇ ਮੁਸਾਫ਼ਰ ਅਨੇਕਾਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਗਏ। ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰ ਕੇ ਇਹ ਮੁਸਾਫ਼ਰ 29 ਸਤੰਬਰ 1914 ਈ: ਨੂੰ ਬਾਬਾ ਜੀ ਦੀ ਅਗਵਾਈ ਵਿਚ ਹੁਗਲੀ ਬੰਦਰਗਾਹ ’ਤੇ ਪਹੁੰਚੇ। ਇਸ ਘਾਟ ਨੂੰ ਬਜਬਜਘਾਟ ਵਜੋਂ ਜਾਣਿਆ ਜਾਂਦਾ ਹੈ। ਭਾਰਤ ਵਿਚ ਰਾਜ ਕਰ ਰਹੀ ਅੰਗਰੇਜ਼ ਸਰਕਾਰ ਨੂੰ ਇਹ ਸਾਰੇ ਮਰਜੀਵੜੇ ਵਿਦਰੋਹੀ ਨਜ਼ਰ ਆਉਂਦੇ ਸਨ ਕਿਉਂਕਿ ਤਕਰੀਬਨ ਸਾਢੇ ਪੰਜ ਮਹੀਨੇ ਪਿੱਛੋਂ ਇਹ ਭਾਰਤੀ ਬੰਦਰਗਾਹ ’ਤੇ ਪੁੱਜੇ ਸਨ।

ਇਨ੍ਹਾਂ ਨੂੰ ਜਹਾਜ਼ ਤੋਂ ਉਤਾਰਨ ਤੋਂ ਪਹਿਲਾਂ ਸਾਰੇ ਜਹਾਜ਼ ਦੀ ਤਲਾਸ਼ੀ ਲਈ ਗਈ। ਸਰਕਾਰ ਨੇ ਫ਼ੈਸਲਾ ਕੀਤਾ ਕਿ ਇਨ੍ਹਾਂ ਭੁੱਖ ਅਤੇ ਬਿਮਾਰੀਆਂ ਤੋਂ ਤੰਗ ਆਏ ਸਾਰੇ ਬਾਗ਼ੀ ਮੁਸਾਫ਼ਰਾਂ ਨੂੰ ਇਕ ਬੰਦ ਰੇਲਗੱਡੀ ਰਾਹੀਂ ਪੰਜਾਬ ਭੇਜਿਆ ਜਾਵੇ। ਸਤਾਰਾਂ ਮੁਸਲਮਾਨ ਮੁਸਾਫ਼ਰ ਸਰਕਾਰ ਦਾ ਹੁਕਮ ਮੰਨ ਕੇ ਗੱਡੀ ਵਿਚ ਸਵਾਰ ਹੋ ਗਏ। ਬਾਕੀ ਸਾਰੇ ਮੁਸਾਫ਼ਰ ਜੁਝਾਰੂ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲੈ ਕੇ ਸਟੇਸ਼ਨ ਵੱਲ ਨੂੰ ਜਲੂਸ ਦੀ ਸ਼ਕਲ ਵਿਚ ਪੈਦਲ ਚੱਲ ਪਏ। ਉਨ੍ਹਾਂ ਨੇ ਪਲੇਟਫਾਰਮ ’ਤੇ ਬੈਠ ਕੇ ਰਹਿਰਾਸ ਸਾਹਿਬ ਦਾ ਪਾਠ ਆਰੰਭ ਕੀਤਾ। ਏਨੇ ਨੂੰ ਫ਼ੌਜ ਅਤੇ ਪੁਲਿਸ ਦੀਆਂ ਟੁਕੜੀਆਂ ਨੇ ਇਨ੍ਹਾਂ ਜੁਝਾਰੂ ਪੰਜਾਬੀਆਂ ਉੱਤੇ ਗੋਲ਼ੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ।

ਬਹੁਤ ਸਾਰੇ ਯਾਤਰੀ ਗ੍ਰਿਫ਼ਤਾਰ ਕਰ ਲਏ ਗਏ। ਸਰਕਾਰੀ ਰਿਕਾਰਡ ਮੁਤਾਬਕ 18 ਮੁਸਾਫ਼ਰ ਸ਼ਹਾਦਤ ਦਾ ਜਾਮ ਪੀ ਗਏ। ਇਸ ਬਜਬਜਘਾਟ ਦੇ ਖ਼ੂਨੀ ਸਾਕੇ ਨੇ ਦੇਸ਼ ਭਗਤਾਂ ਅੰਦਰ ਆਜ਼ਾਦੀ ਦੀ ਚਿਣਗ ਨੂੰ ਹੋਰ ਤਿੱਖਾ ਕੀਤਾ। ਇਸ ਖ਼ੂਨੀ ਸਾਕੇ ਸਮੇਂ ਬਾਬਾ ਗੁਰਦਿੱਤ



ਸਿੰਘ ਆਪਣੇ ਹੋਰ 28 ਸਾਥੀਆਂ ਸਮੇਤ ਇਸ ਜਗ੍ਹਾ ਤੋਂ ਬਚ ਕੇ ਨਿਕਲ ਜਾਣ ਵਿਚ ਕਾਮਯਾਬ ਹੋ ਗਏ। ਇਹ ਜੁਝਾਰੂ ਬਾਬਾ ਛੇ ਸਾਲ ਤੱਕ ਗੁਪਤਵਾਸ ਵਿਚ ਰਿਹਾ। ਇਸ ਤੋਂ ਪਿੱਛੋਂ ਉਹ ਲੋਕਾਂ ਸਾਹਮਣੇ ਆਏ। ਕਈ ਵਾਰ ਇਸ ਦੇਸ਼ ਭਗਤ ਬਾਬੇ ਨੂੰ ਸਖ਼ਤ ਕੈਦ ਕੱਟਣੀ ਪਈ।

ਉਹ ਹੁਣ ਪੂਰੀ ਤਰ੍ਹਾਂ ਰਾਸ਼ਟਰੀ ਅੰਦੋਲਨ ਵਿਚ ਸ਼ਾਮਲ ਹੋ ਚੁੱਕੇ ਸਨ। ਇਸ ਦੌਰਾਨ ਆਜ਼ਾਦੀ ਲਈ ਘੋਲ ਕਰ ਰਹੇ ਰਾਸ਼ਟਰੀ ਆਗੂਆਂ ਨੂੰ ਗੁਪਤਵਾਸ ਦੌਰਾਨ ਮਿਲਦੇ ਵੀ ਰਹੇ। ਸੰਨ 1926 ਵਿਚ ਜਦੋਂ ਸਰਮੁਖ ਸਿੰਘ ਝਬਾਲ ਜੇਲ੍ਹ ਚਲਾ ਗਿਆ ਤਾਂ ਬਾਬਾ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ। ਸੰਨ 1926 ਵਿਚ ਹੀ ਇੰਡੀਅਨ ਨੈਸ਼ਨਲ ਕਾਂਗਰਸ ਨੇ ਗੁਹਾਟੀ ਸੈਸ਼ਨ ਵਿੱਚੋਂ 50 ਸਿੱਖ ਡੈਲੀਗੇਟਾਂ ਸਮੇਤ ਵਾਕਆਊਟ ਕੀਤਾ, ਕਿਉਂਕਿ ਉਸ ਸਮੇਂ ਸਬਜੈਕਟ ਕਮੇਟੀ ਨੇ ਆਪਣੇ ਪਾਸ ਹੋਣ ਵਾਲੇ ਮਤਿਆਂ ਵਿਚ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੂੰ ਅੰਗਰੇਜ਼ਾਂ ਵੱਲੋਂ ਗੱਦੀ ਤੋਂ ਵੱਖ ਕਰਨ ਦੀ ਬੇਇਨਸਾਫ਼ੀ ਵਿਰੁੱਧ ਮਤਾ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਇਸ ਤੋਂ ਪਿੱਛੋਂ 1931 ਤੋਂ 1933 ਈ: ਤੱਕ ਬਾਬਾ ਜੀ ਨੂੰ ਰਾਜਨੀਤਕ ਗਤੀਵਿਧੀਆਂ ਕਾਰਨ ਤਿੰਨ ਵਾਰ ਜੇਲ੍ਹ ਜਾਣਾ ਪਿਆ। ਸੰਨ 1937 ਵਿਚ ਕਾਂਗਰਸ ਵੱਲੋਂ ਵਿਧਾਇਕ ਦੀ ਚੋਣ ਲੜੀ ਪਰ ਹਾਰ ਗਏ। ਇਹ ਮਹਾਨ ਜੁਝਾਰੂ ਸਿੱਖ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ 94 ਵਰ੍ਹਿਆਂ ਦੀ ਉਮਰ ਭੋਗ ਕੇ ਅੰਮ੍ਰਿਤਸਰ ਵਿਖੇ 24 ਜੁਲਾਈ 1954 ਨੂੰ ਅਕਾਲ ਚਲਾਣਾ ਕਰ ਗਏ। ਬਜਬਜਘਾਟ ਦੇ ਖ਼ੂਨੀ ਸਾਕੇ ਦੀ ਬਣੀ ਹੋਈ ਸ਼ਹੀਦੀ ਯਾਦਗਾਰ ਅੱਜ ਵੀ ਬਾਬਾ ਜੀ ਦੀ ਅਗਵਾਈ ਵਿਚ ਵਾਪਰੇ ਇਸ ਖ਼ੂਨੀ ਸਾਕੇ ਦੀ ਯਾਦ ਨੂੰ ਤਾਜ਼ਾ ਕਰ ਰਹੀ ਹੈ।

# ਬੀਹੀ 'ਚ ਵਸੇ ਮੇਰੇ ਪਿੰਡ ਦੀ ਦਾਸਤਾਨ

ਸਾਡਾ ਘਰ ਵੱਡੇ ਦਰਵਾਜ਼ੇ ਵਾਲੀ ਗਲੀ 'ਚ ਪੈਂਦਾ ਹੈ। ਇਸ ਨੂੰ ਵੱਡੇ ਦਰਵਾਜ਼ੇ ਵਾਲੀ ਗਲੀ ਕਿਹਾ ਜਾਂਦਾ। ਉਂਜ ਕੋਈ ਮੁੱਖ ਦੁਆਰ ਨਹੀਂ ਬਣਿਆ ਹੋਇਆ। ਕਦੇ ਕਿਸੇ ਨੇ ਸੋਚਿਆ ਹੀ ਨਹੀਂ ਕਿ ਇਸ ਦਾ ਇਹ ਨਾਂ ਕਿਉਂ ਪਿਆ। ਇਹ ਗਲੀ ਪੱਛਮੀ ਦਿਸ਼ਾ ਤੋਂ ਸ਼ੁਰੂ ਹੁੰਦੀ ਪਿੰਡ ਦੇ ਪਾਰ ਲੰਘ ਜਾਂਦੀ ਹੈ। ਸਿਰੇ 'ਤੇ ਜਾ ਕੇ ਇਕ ਗਲੀ ਸੱਜੇ ਪਾਸੇ ਮੁੜ ਜਾਂਦੀ ਤੇ ਪਿਛਲੀ ਗਲੀ ਜੱਟਾਂ ਵਾਲੀ ਅਖਵਾਉਂਦੀ। ਇਕ ਸਿਰਾ ਖੱਬੇ ਪਾਸੇ ਨੂੰ ਮੁੜ ਜਾਂਦਾ ਤੇ ਬਾਹਮਣਾਂ ਵਾਲੀ ਗਲੀ ਅਖਵਾਉਂਦੀ। ਦੋਫਾੜ ਅੱਗੋਂ ਖੱਬੇ ਨੂੰ ਮੁੜ ਜਾਂਦੀ ਤੇ ਕਹਾਰਾਂ ਵਾਲੀ ਬਣ ਜਾਂਦੀ ਤੇ ਇਕ ਪਾਸਾ ਖੇਤੇ ਨੂੰ ਛੂਹੰਦਾ ਸੱਜੇ ਨੂੰ ਮੁੜਦੀ ਗਲੀ ਰਾਮਦਾਸੀਆਂ ਦੇ ਮਹੱਲੇ ਵਾਲੀ ਬਣ ਜਾਂਦੀ। ਮੈਂ ਆਪਣੀ ਗਲੀ ਦੀ ਗੱਲ 'ਤੇ ਹੀ ਕੇਂਦਰਿਤ ਰਹਿਣਾ ਹੈ। ਮੈਂ ਆਪਣੀ ਇਸ ਗਲੀ ਦੇ ਘਰ ਵਿਚ ਹੀ ਜਨਮ ਲਿਆ ਹੱਲਿਆਂ ਤੋਂ ਛੇ ਸਾਲ ਪਹਿਲਾਂ।

ਮਨਮੋਹਨ ਸਿੰਘ ਦਾਊਂ

ਹੱਲਿਆਂ ਦੀ ਮੈਨੂੰ ਸੋਝੀ ਹੈ। ਇਸੇ ਕਰਕੇ ਇਸ ਗਲੀ 'ਚ ਪ੍ਰਵੇਸ਼ ਕਰਦਿਆਂ ਮੈਨੂੰ ਕਹਿੰਦੇ-ਕੁਹਾਉਂਦੇ ਮੁਸਲਮਾਨ ਪਰਿਵਾਰ ਦੇ ਮੁਖੀ ਹੈਦਰ ਅਲੀ ਯਾਦ ਆਉਂਦੇ ਹਨ ਜਿਨ੍ਹਾਂ ਨਾਲ ਮੇਰੇ ਪਿਤਾ ਜੀ ਦੀ ਚੰਗੀ ਦੋਸਤੀ ਸੀ। ਉਨ੍ਹਾਂ ਦਾ ਹਵੇਲੀਨੁਮਾ ਘਰ ਪਿੰਡ ਵਿਚ ਸਭ ਤੋਂ ਸੋਹਣਾ ਸੀ। ਉਨ੍ਹਾਂ ਦੇ ਅੱਗੇ ਪਿੰਡ ਦਾ ਸਾਂਝਾ ਖੂਹ (ਖੂਆਜਾ) ਪੂਰੀ ਰੌਣਕ ਦਾ ਕੇਂਦਰ ਸੀ। ਦਰਵਾਜ਼ੇ ਦੀ ਚੜ੍ਹਾਈ ਚੜ੍ਹਦਿਆਂ ਚੁੱਗੇ ਮੁਸਲਮਾਨ ਦਾ ਘਰ ਸੱਜੇ ਪਾਸੇ ਹੁੰਦਾ ਸੀ। ਸੰਤਾਲੀ ਦੇ ਉਠਾਲੇ ਤੋਂ ਬਾਅਦ ਇਹ ਘਰ ਸ਼ਾਦੀ ਕਹਾਰ ਨੇ ਖ਼ਰੀਦ ਲਿਆ ਤੇ ਉਸ ਦੀ ਘਰ ਵਾਲੀ ਬਚਨੀ ਦਾ ਵੱਡਾ ਪਰਿਵਾਰ ਬਣ ਗਿਆ ਜਿਸ ਦੇ ਚਾਰ ਪੁੱਤਰ ਤੇ ਦੋ ਧੀਆਂ ਸਨ।

ਸਾਡੇ ਘਰ ਬਚਨੀ ਪਾਣੀ ਭਰਦੀ ਹੁੰਦੀ ਸੀ ਤੇ ਉਸ ਦੀ ਬੇਟੀ ਪਾਲੋ ਵੀ ਸਾਡੇ ਘਰ ਆਪਣੀ ਮਾਂ



ਦੀ ਸਹਾਇਤਾ ਕਰਦੀ ਹੁੰਦੀ ਸੀ। ਬਚਨੀ ਦਾ ਵੱਡਾ ਬੇਟਾ ਬੰਤ ਸਿੰਘ ਫ਼ੌਜ ਵਿਚ ਭਰਤੀ ਹੋ ਗਿਆ ਸੀ ਜਿਸ ਨੂੰ ਬਚਨੀ (ਮਾਮੀ) ਮੈਥੋਂ ਚਿੱਠੀਆਂ ਲਿਖਵਾਉਂਦੀ ਹੁੰਦੀ ਸੀ। ਬੜੀ ਠਰ੍ਹੰਮੇ ਵਾਲੀ ਨੇਕਦਿਲ ਸੀ। ਉਸ ਤੋਂ ਅੱਗੇ ਮੁਸਲਮਾਨ ਕਰੀਮ ਬਖ਼ਸ਼ ਦਾ ਘਰ ਸੀ ਜਿਹੜਾ ਰੋਂਦਾ ਕੁਰਲਾਉਂਦਾ ਸੰਤਾਲੀ 'ਚ ਪਿੰਡੋਂ ਪਾਕਿਸਤਾਨ ਜਾਣ ਲਈ ਮਜਬੂਰ ਹੋਇਆ। ਉਸ ਦੇ ਮਕਾਨ 'ਤੇ ਰੌਣਕੀ ਨੇ ਕਬਜ਼ਾ ਕਰ ਲਿਆ ਸੀ ਜਿਸ ਦੀ ਹੋਂਦ ਹੀ ਖ਼ਤਮ ਹੋ ਗਈ। ਇਨ੍ਹਾਂ ਘਰਾਂ ਦੇ ਸਾਹਮਣੇ (ਭਾਵ ਖੱਬੇ ਹੱਥ) ਇਕ ਘਰ ਦੌਲੇ ਮੁਸਲਮਾਨ ਦਾ ਸੀ ਜਿਸ ਵਿਚ ਵਾਪਸ ਪਿੰਡ ਆ ਵਸੇ ਮੁਸਲਮਾਨ ਪਰਿਵਾਰ ਰਹਿਣ ਲੱਗ ਪਏ ਹੈਦਰ ਅਲੀ ਦਾ ਬੇਟਾ ਨਜ਼ੀਰ ਤੇ ਉਸ ਦੀ ਬੇਗਮ ਸੈਦਾਂ। ਇਸ ਪਰਿਵਾਰ ਨਾਲ ਸਾਡੀ ਗੂੜ੍ਹੀ ਸਾਂਝ ਹੁਣ ਵੀ ਕਾਇਮ ਹੈ। ਉਹ ਤਾਂ ਗੁਜ਼ਰ ਗਏ ਪਰੰਤੂ ਅੱਗੇ ਕੁਨਬਾ ਚੱਲ ਰਿਹਾ ਹੈ। ਇਸ ਘਰ ਦੇ ਨਾਲ ਹੀ ਨੌਹਰੀਏ ਦਾ ਘਰ ਹੁੰਦਾ ਸੀ। ਬਜ਼ੁਰਗ ਇੰਦੀ ਦਾ ਪਰਿਵਾਰ ਮਸ਼ਹੂਰ ਸੀ ਜਿਹੜੀ ਘਰ ਅੱਗੇ ਬਣੇ ਚਬੂਤਰੇ ਦੀ ਮਾਲਕਣ ਅਖਵਾਉਂਦੀ ਸੀ। ਰੌਣਕੀ ਕਦੇ ਪਟਿਆਲੇ ਨੌਕਰੀ ਕਰਨ ਪਿੱਛੋਂ ਖਰੜ ਤਿੱਤਰਾਂ ਦੇ ਅੰਡਿਆਂ ਦਾ ਵਪਾਰ ਕਰਦਾ ਹੁੰਦਾ ਸੀ। ਉਸ ਦੀ ਘਰਵਾਲੀ ਅਮਰੋ ਸਾਊ ਬਿਰਤੀ ਵਾਲੀ ਸੀ ਪਰੰਤੂ ਬੇਔਲਾਦ ਹੀ ਰਹੀ। ਪਿੰਡ ਵਿਚ ਰੌਣਕੀ ਦੀ ਬੈਠਕ 'ਚ ਸੁੰਦਰ ਤਸਵੀਰਾਂ ਵੇਖਣ ਅਸੀਂ ਜਾਂਦੇ। ਪਿੰਡ ਵਿਚ ਰੇਡੀਓ ਉਸੇ ਘਰ ਸੀ, ਅਸੀਂ ਸੁਣਨ ਜਾਂਦੇ। ਉਸ ਕੋਲ ਕਾਲੇ ਤਵਿਆਂ ਵਾਲੀ ਗਰਾਮੋਫੋਨ ਵੀ ਹੁੰਦੀ ਸੀ ਜਿਸ ਦੇ ਰਿਕਾਰਡ ਸੁਣਨ ਲੋਕੀਂ ਤੇ ਬੱਚੇ ਇਕੱਠੇ ਹੋ ਜਾਂਦੇ। ਹੱਲਿਆਂ ਤੋਂ ਬਾਅਦ ਰੌਣਕੀ ਚੋਰੀ ਦੇ ਕੇਸ ਵਿਚ ਫਸ ਗਿਆ। ਖਰੜ 'ਚ ਪੰਡਿਤ ਥਾਣੇਦਾਰ ਕੋਲ ਕੇਸ ਚਲਾ ਗਿਆ। ਥਾਣੇਦਾਰ ਨੇ ਰੌਣਕੀ ਦਾ ਖ਼ੂਬ ਕੁਟਾਪਾ ਚਾੜ੍ਹਿਆ, ਆਖ਼ਰ ਪਿਤਾ ਜੀ ਨੇ ਸਥਿਤੀ ਨੂੰ ਕਾਬੂ ਕਰਨ ਲਈ ਥਾਣੇਦਾਰ ਦੇ ਹੱਥੋਂ ਡਾਂਗ ਫੜ ਲਈ। ਲੋਕੀਂ ਹੈਰਾਨ ਹੋ ਗਏ।

ਪਿਤਾ ਜੀ ਦੀ ਚੜ੍ਹ ਮਚ ਗਈ। ਥਾਣੇਦਾਰ ਨੂੰ ਪਿਤਾ ਜੀ ਨੇ ਦਲੀਲ ਰਾਹੀਂ ਕੀਲ ਲਿਆ। ਰੌਣਕੀ ਦੇ ਘਰ ਨਾਲ ਹੀ ਸਿੰਬੀ ਤੇ ਕਾਟੂ ਦਾ ਘਰ ਹੁੰਦਾ ਸੀ। ਜੋੜੀ ਬੇਔਲਾਦ ਰਹੀ ਪਰ ਸਿੰਬੀ-ਮਾਈ ਦੀ ਸੂਝ-ਸਿਆਣਪ, ਘਰ ਦੀ ਸਫ਼ਾਈ ਅਤੇ ਰਸੋਈ ਦੇ ਕੰਮ ਦੀ ਹਰ ਕੋਈ ਤਾਰੀਫ਼ ਕਰਦਾ। ਮੈਂ ਵੀ ਬਚਪਨ 'ਚ ਇਕ-ਦੋ ਵਾਰ ਸਿੰਬੀ ਮਾਈ ਦੀਆਂ ਪਕਾਈਆਂ ਰੋਟੀਆਂ ਦਾ ਆਨੰਦ ਮਾਣਿਆ। ਇਸ ਦੇ ਨਾਲ ਹੀ ਭਗਤਾਂ ਦਾ ਘਰ ਸੀ। ਉਹ ਗੱਡਾ ਜੋੜ ਕੇ ਹਰ ਸਾਲ ਮਨਸ਼ਾ ਦੇਵੀ ਦੇ ਮੇਲੇ ਸੁੱਖ ਉਤਾਰਨ ਜਾਂਦੇ।

ਚਿੰਤੋ ਦਾ ਘਰ ਵਾਲਾ ਨਿਰੰਜਣ ਬਹੁਤ ਮੱਠੀ ਬਿਰਤੀ ਵਾਲਾ ਸੀ ਤੇ ਉਸ ਦਾ ਭਰਾ ਬਖਤੌਰਾ ਛੜਾ ਹੀ ਰਿਹਾ। ਚਿੰਤੋ ਬੀਬੀ ਬਹੁਤ ਮੇਲ-ਮਿਲਾਪ ਵਾਲੀ ਸੀ, ਉਸ ਦੇ ਘਰ ਰੌਣਕਾਂ ਲੱਗੀਆਂ ਰਹਿੰਦੀਆਂ। ਦਰੀਆਂ ਬੁਣਨ ਦਾ ਅੱਡਾ ਉਸ ਦੇ ਘਰ ਹੁੰਦਾ। ਸੁਆਣੀਆਂ ਆਪਣੀਆਂ ਦਰੀਆਂ ਬੁਣਨਾ ਉਸ ਤੋਂ ਸਿੱਖਦੀਆਂ। ਤ੍ਰਿੰਞਣ ਦੀਆਂ ਘੂਕਾਂ ਵੀ ਉਸ ਦੇ ਘਰ ਹੀ ਪੈਂਦੀਆਂ। ਇਕ ਜਿਊਂਦਾ-ਜਾਗਦਾ ਸੱਭਿਆਚਾਰ ਅੰਗੜਾਈਆਂ ਲੈਂਦਾ। ਚਿੰਤੋ ਬੀਬੀ ਇਕ ਸਦੀ ਦੀ ਅਉਧ ਹੰਢਾ ਕੇ ਵਿਦਾ ਹੋਈ। ਪੋਤੇ-ਪੋਤੀਆਂ, ਪੜਪੋਤੇ-ਪੜਪੋਤੀਆਂ ਤੇ ਕੁਨਬੇ ਦੀ ਅਗਲੀ ਪੀੜ੍ਹੀ ਨੂੰ ਹੱਸਦਿਆਂ-ਖੇਡਦਿਆਂ ਛੱਡ ਕੇ ਅਗਲੀ ਦਰਗਾਹ ਜਾ ਬੈਠੀ। ਉਸ ਦੇ ਘਰ ਨਾਲ ਹੀ ਬਸੰਤ ਸਿੰਘ ਤੇ ਹਰਨਾਮੇ ਦਾ ਘਰ ਸੀ। ਦੋਵੇਂ ਘਰਾਂ ਦਾ ਮੇਲ-ਮਿਲਾਪ ਚੰਗਾ ਸੀ। ਬੁੱਢੀ ਘੋਲੋ (ਘੋਲੋਮਾਜਰੇ ਤੋਂ) ਦੀ ਬੇਟੀ ਰਜਨੀ ਬਹੁਤ ਨਿਮਰ ਸੁਭਾਅ ਵਾਲੀ ਜਿਸ ਦੇ ਦੋ ਪੁੱਤਰ ਤੇ ਦੋ ਬੇਟੀਆਂ ਹੋਈਆਂ। ਵੱਡਾ ਪੁੱਤਰ ਜਗਦੀਸ਼ ਸਿੰਘ ਪਿੰਡ ਦਾ ਪਹਿਲਾ ਜੱਟ ਪਰਿਵਾਰ 'ਚੋਂ ਸਰਪੰਚ ਬਣਿਆ ਜਿਸ ਨੂੰ ਅੱਗੇ ਲਿਆਉਣ ਲਈ ਮੈਨੂੰ ਬੀੜਾ ਚੁੱਕਣਾ ਪਿਆ। ਨਾਲ ਲੱਗਦਾ ਘਰ ਕਾਬਲ ਦਾ ਸੀ।

ਕਾਬਲ ਦੀ ਹਲ ਦੀ ਵਾਹੀ ਤੇ ਰੱਸੇ ਵੱਟਣ ਦੀ ਚੜ੍ਹਤ ਮੰਨੀ ਜਾਂਦੀ ਸੀ। ਹੱਲਿਆਂ 'ਚ ਉਹ ਗੁਆਂਢੀ ਪਿੰਡਾਂ ਦੇ ਮੁਸਲਮਾਨਾਂ ਨੂੰ ਲੁੱਟਣ ਲਈ ਵੀ ਕਈ ਵਾਰ ਗਿਆ ਪਰ ਮੇਰੇ ਪਿਤਾ ਜੀ ਦੇ ਸਮਝਾਉਣ 'ਤੇ ਹਟ ਗਿਆ। ਇਸ ਪਰਿਵਾਰ 'ਚੋਂ ਮੋਹਣਾ, ਪਿਆਰਾ ਤੇ ਮਾੜਾ ਨਹੀਂ ਰਹੇ ਤੇ ਮੋਹਣਾ ਯੂਪੀ ਜਾ ਕੇ ਖੇਤੀ ਕਰਨ ਲੱਗ ਪਿਆ। ਪਿਆਰੇ ਦੀ ਪਿੰਡ ਦੀ ਇਕ ਔਰਤ ਨਾਲ ਪ੍ਰੇਮ ਕਹਾਣੀ ਕਾਫ਼ੀ ਦੰਦ-ਕਥਾ ਬਣੀ ਜਿਸ ਬਾਰੇ ਮੈਂ ਇਕ ਕਹਾਣੀ ਵੀ ਲਿਖੀ 'ਸਫ਼ਾਜੰਗ ਵਰਗੀ ਅੱਖ'। ਉਸ ਤੋਂ ਅੱਗੇ ਰਾਮ ਕਿਸ਼ਨ ਦਾ ਘਰ ਸੀ ਜਿਸ ਦਾ ਅੱਗੇ ਕੁਨਬਾ ਵਸ ਰਿਹਾ ਹੈ। ਨਾਲ ਲੱਗਦਾ ਘਰ ਰਚਨੇ ਦਾ ਪੈਂਦਾ।

ਉਹ ਅੱਖੜ, ਉੱਚੀ ਹਾਕ ਮਾਰਨ ਵਾਲਾ ਸੀ। ਉਸ ਦਾ ਇਕੋ-ਇਕ ਪੁੱਤਰ ਜੀਤਾ ਤੇ ਉਸ ਦਾ ਅੱਗੇ ਪਰਿਵਾਰ ਚੰਗੀ ਕਮਾਈ ਕਰਦਾ। ਇਸ ਦੇ ਨਾਲ ਹੀ ਸਾਡਾ ਘਰ ਹੈ। ਦਾਊਂ ਮੇਰਾ ਇਹ ਨਾਨਕਾ ਪਿੰਡ ਹੈ। ਮੇਰੇ ਨਾਨਾ ਜੀ ਚੰਦਾ ਸਿੰਘ ਤੇ ਨਾਨੀ ਜੀ ਨਿਹਾਲੀ ਹੁਰਾਂ ਦੀ ਪਿੰਡ ਵਿਚ ਬਹੁਤ ਸ਼ੋਭਾ ਰਹੀ। ਗੁਰੂਘਰ ਪਿੰਡ ਦਾਊਂ ਦੇ ਗੁਰਦੁਆਰੇ ਦੇ ਮੇਰੇ ਨਾਨਾ ਜੀ ਕਾਰਕੁਨ ਵੀ ਰਹੇ। ਚੰਨਣ ਦੀ ਘਰਵਾਲੀ 'ਬੋਬੋ' ਦਾ ਮੇਰੀ ਮਾਤਾ ਜੀ ਨਾਲ ਬਹੁਤ ਸਹਿਚਾਰ ਹੁੰਦਾ ਸੀ। ਉਸ ਦੇ ਤਿੰਨ ਪੁੱਤਰ ਤੇ ਸੁੱਘੜ ਸਿਆਣੀ ਧੀ ਜਮੇਰੋ ਪਿੰਡ ਪਿੱਪਲਮਾਜਰਾ ਵਿਆਹੀ ਗਈ। ਚਾਰ-ਪੰਜ ਪਿੰਡ ਸਾਡੇ ਪਿੰਡ ਦੇ ਡਾਕਖਾਨੇ ਨਾਲ ਹੀ ਜੋੜੇ ਹੋਏ ਸਨ। ਹੁਣ ਪਿੰਡ ਦਾਊਂ ਦੇ ਆਲੇ-ਦੁਆਲੇ ਨਵੇਂ ਅਦਾਰਿਆਂ ਤੇ ਨਵੀਆਂ ਇਨਕਲੇਵ ਨੇ ਘੇਰਾ ਪਾ ਲਿਆ ਹੈ।

ਸਾਡੀ ਹੁਣ ਵੀ ਪਿੰਡ ਦੀ ਗਲੀ ਦੇ ਮੈਂਬਰਾਂ ਨਾਲ ਦੁੱਖ-ਸੁੱਖ ਦੀ ਸਾਂਝ ਬਣੀ ਹੋਈ ਹੈ ਭਾਵੇਂ ਕਿ ਮੈਂ 1998 ਤੋਂ ਆਪਣਾ ਵਾਸਾ ਫੇਜ਼-6, ਮੋਹਾਲੀ ਵਿਖੇ ਕਰ ਲਿਆ ਹੈ। ਮੇਰੀ ਰੂਹ ਵਿਚ ਪਿੰਡ ਦਾ ਮੋਹ ਜਗਦਾ ਰਹਿੰਦਾ ਹੈ। ਸਾਡੀ ਗਲੀ, ਗੁਰਦੁਆਰਾ ਬਾਬਾ ਖੜਕ ਸਿੰਘ ਦੀ ਪਿਛਲੀ ਲੰਬੀ ਦੀਵਾਰ ਕਰਕੇ ਵੀ ਜਾਣੀ ਜਾਂਦੀ ਹੈ। ਮੇਰੀ ਸਿਮਰਤੀ ਵਿਚ ਪਿੰਡ ਦੀ ਗਲੀ ਦੇ ਲੋਕ ਵਸੇ ਹੋਏ ਹਨ।

# ਪੰਜਾਬ ਦੀ ਰਾਜਨੀਤੀ ਨੂੰ ਕਿੰਨਾ ਕੁ ਪ੍ਰਭਾਵਿਤ ਕਰ ਸਕੇਗਾ ਨਵਾਂ ਅਕਾਲੀ ਦਲ

ਪ੍ਰੋ. ਪ੍ਰੀਤਮ ਸਿੰਘ

ਨਵੇਂ ਅਕਾਲੀ ਦਲ ਦਾ ਉਭਾਰ, ਜਿਸ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਹਨ, ਵੱਡੀ ਘਟਨਾ ਹੈ ਜਿਸ ਦੇ ਪੰਜਾਬ, ਹੋਰ ਰਾਜਾਂ, ਕੇਂਦਰ ਅਤੇ ਵਿਸ਼ਵ ਭਰ ਦੇ ਪਰਵਾਸੀ ਪੰਜਾਬੀਆਂ ਨਾਲ ਸੂਬੇ ਦੇ ਰਿਸ਼ਤਿਆਂ 'ਤੇ ਅਹਿਮ ਅਸਰ ਪੈਣ ਦੀ ਸੰਭਾਵਨਾ ਹੈ।

ਗੁਰੂ ਨਾਨਕ ਦੇ ਫ਼ਲਸਫ਼ੇ (ਜਿਸ ਫ਼ਲਸਫ਼ੇ ਨੂੰ ਸਾਰੇ ਗੁਰੂਆਂ ਨੇ ਅੱਗੇ ਵਧਾਇਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤਾ, ਜਿਸ ਵਿੱਚ ਅਨੇਕ ਜਾਤ ਵਿਰੋਧੀ ਹਿੰਦੂ ਭਗਤਾਂ ਅਤੇ ਮੁਸਲਿਮ ਸੂਫ਼ੀਆਂ ਦੀ ਬਾਣੀ ਸ਼ਾਮਿਲ ਹੈ) ਤੋਂ ਜਾਣੂ ਕੋਈ ਵੀ ਬੰਦਾ ਇਸ ਗੱਲ ਤੋਂ ਖ਼ੁਸ਼ ਹੋਵੇਗਾ ਕਿ ਪੰਜਾਬ ਦੀ ਮੋਹਰੀ ਪਾਰਟੀ ਹੁਣ ਅਜਿਹੇ ਸ਼ਖ਼ਸ ਦੀ ਅਗਵਾਈ ਹੇਠ ਚੱਲ ਰਹੀ ਹੈ ਜੋ ਉਨ੍ਹਾਂ ਲੋਕਾਂ ਵਿੱਚੋਂ ਉੱਠਿਆ ਹੈ ਜਿਨ੍ਹਾਂ ਨੂੰ ਗ਼ਲਤ ਢੰਗ ਨਾਲ ਨੀਵੀਂ ਜਾਤ ਦਾ ਦੱਸਿਆ ਜਾਂਦਾ ਰਿਹਾ ਹੈ। ਇਹ ਵੀ ਬਹੁਤ ਸਿਹਤਮੰਦ ਵਾਧਾ ਹੈ ਕਿ ਪਾਰਟੀ ਦੇ ਇੱਕ ਹੋਰ ਵਿੰਗ ਦੀ ਅਗਵਾਈ ਔਰਤ ਕਰ ਰਹੀ ਹੈ, ਜਿਸ ਨਾਲ ਪੰਜਾਬ ਦੇ ਸਿਆਸੀ ਸੱਭਿਆਚਾਰ ਵਿੱਚ ਮਰਦ ਪ੍ਰਧਾਨ ਸੋਚ ਕਮਜ਼ੋਰ ਹੋਵੇਗੀ। ਇਹ ਵੀ ਸਵਾਗਤਯੋਗ ਵਾਧਾ ਹੈ ਕਿ ਨਵੀਂ ਪਾਰਟੀ ਦੇ ਦੋ ਮੁੱਖ ਅਹੁਦੇਦਾਰ ਪੀਐੱਚਡੀ ਧਾਰਕ ਹਨ। ਇਸ ਨੂੰ ਬਾਕੀ ਭਾਰਤੀ ਰਾਜਾਂ, ਇੱਥੋਂ ਤੱਕ ਕਿ ਕੇਂਦਰ ਦੀਆਂ ਸਿਆਸੀ ਪਾਰਟੀਆਂ ਲਈ ਰਾਹ ਦਸੇਰਾ ਬਣਨ ਦਿਓ। ਗਿਆਨੀ ਹਰਪ੍ਰੀਤ ਸਿੰਘ ਦੇ ਮੋਢਿਆਂ 'ਤੇ ਸਮਾਨਤਾ ਦੇ ਮਾਰਗ ਨੂੰ ਰੌਸ਼ਨ ਕਰਨ ਦਾ ਵੱਡਾ ਇਤਿਹਾਸਕ ਭਾਰ ਹੈ। ਅੱਜ ਦੇ ਸੰਸਾਰ 'ਚ ਇਹ ਹੋਰ ਵੀ ਅਹਿਮ ਹੈ, ਜਿਹੜਾ ਮਨੁੱਖੀ ਇਤਿਹਾਸ 'ਚ ਅਜਿਹੀ ਨਾ-ਬਰਾਬਰੀ ਦੇਖ ਰਿਹਾ ਹੈ ਜਿਸ ਤਰ੍ਹਾਂ ਦੀ ਪਹਿਲਾਂ ਕਦੇ ਨਹੀਂ ਦੇਖੀ ਗਈ। ਕੌਮਾਂਤਰੀ ਪੂੰਜੀਵਾਦ ਨੇ ਅਤਿ ਦੇ ਅਮੀਰ ਅਰਬਪਤੀ, ਕਸ਼ਟ ਭੋਗ ਰਹੇ ਗ਼ਰੀਬ ਅਤੇ ਵਾਤਾਵਰਨਕ ਤਬਾਹੀ ਪੈਦਾ ਕੀਤੀ ਹੈ।



ਜੇ ਕੋਈ ਸਿੱਖੀ (ਮੈਂ ਗ਼ਲਤ ਵਰਤੇ ਜਾਂਦੇ ਪੱਛਮੀ ਸ਼ਬਦ 'ਸਿੱਖਇਜ਼ਮ' ਦੀ ਬਜਾਏ ਇਹ ਸ਼ਬਦ ਵਰਤਣਾ ਪਸੰਦ ਕਰਦਾ ਹਾਂ) ਦੇ ਸਾਰ ਨੂੰ ਦੇਖੇ ਤਾਂ ਇਹ ਸਮਾਨਤਾ ਹੈ- ਅਧਿਆਤਮਕ, ਸਮਾਜਿਕ ਅਤੇ ਵਾਤਾਵਰਨ ਨਾਲ ਜੁੜੀ ਹੋਈ। ਅਧਿਆਤਮਕ ਇਸ ਲਈ ਕਿਉਂਕਿ ਸਾਰੇ ਜੀਵਾਂ ਨੂੰ ਬਰਾਬਰ ਮੰਨਿਆ ਜਾਂਦਾ ਹੈ, ਸਮਾਜਿਕ ਇਸ ਲਈ ਕਿਉਂਕਿ ਜਾਤ ਤੇ ਲਿੰਗ ਆਧਾਰਿਤ ਸਮਾਜਿਕ ਵਰਗੀਕਰਨ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਵਾਤਾਵਰਨ ਦੀ ਇਸ ਲਈ ਕਿਉਂਕਿ ਬਰਾਬਰੀ ਦਾ ਦ੍ਰਿਸ਼ਟੀਕੋਣ ਮਨੁੱਖਾਂ ਤੋਂ ਅਗਾਂਹ ਸਾਰੇ ਜੀਵਾਂ ਤੱਕ ਜਾਂਦਾ ਹੈ। ਸਿੱਖ ਸਮਾਜ ਅਤੇ ਸੰਸਥਾਵਾਂ ਅਮਲੀ ਤੌਰ 'ਤੇ ਗੁਰੂ ਦੇ ਬਰਾਬਰੀ ਦੇ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹਨ ਪਰ ਇਨ੍ਹਾਂ ਅੰਦਰ ਜਾਤ ਅਸਮਾਨਤਾ ਅਤੇ ਪੱਖਪਾਤਾਂ ਤੇ ਪੁਰਸ਼ ਪ੍ਰਧਾਨ ਰਵਾਇਤਾਂ 'ਤੇ ਜ਼ੋਰ ਦੇ ਕੇ ਵੱਡੀ ਗਿਰਾਵਟ ਦਰਜ ਹੋਈ ਹੈ। ਇਹ ਸਿੱਖੀ ਦੀ ਸਮਾਨਤਾ ਨੂੰ ਸੁਰਜੀਤ ਕਰਨ ਦਾ ਵੇਲਾ ਹੈ।

ਇਹ ਮੰਨਣਾ ਅਹਿਮ ਹੈ ਕਿ ਅਕਾਲੀ ਦਲ ਪੰਜਾਬ ਦੀ ਕੋਈ ਆਮ ਸਿਆਸੀ ਧਿਰ ਨਹੀਂ। ਇਹ ਪੰਜਾਬ ਦੀ ਇੱਕੋ-ਇੱਕ ਖੇਤਰੀ ਪਾਰਟੀ ਹੈ। ਪੰਜਾਬ ਦੀ ਰਾਜਨੀਤੀ ਦਾ ਏਜੰਡਾ ਹਮੇਸ਼ਾ ਅਕਾਲੀ ਸਿਆਸਤ ਦੁਆਰਾ ਤੈਅ ਕੀਤਾ ਗਿਆ ਹੈ, ਭਾਵੇਂ ਇਹ 1947 ਤੋਂ ਬਾਅਦ ਪੰਜਾਬੀ ਸੂਬੇ ਦੀ ਮੰਗ ਲਈ ਹੋਵੇ, ਜਾਂ 1966 ਵਿੱਚ ਪੰਜਾਬੀ ਸੂਬਾ ਬਣਨ ਤੋਂ ਬਾਅਦ ਰਾਜਾਂ ਦੀ ਵਧੇਰੇ ਖ਼ੁਦਮੁਖ਼ਤਾਰੀ ਲਈ ਹੋਵੇ। ਦੂਜੀਆਂ ਸਿਆਸੀ ਪਾਰਟੀਆਂ ਸਿਰਫ਼ ਇਸ ਦੇ ਏਜੰਡੇ ਦਾ ਵਿਰੋਧ ਜਾਂ ਸਮਰਥਨ ਕਰ ਕੇ ਪ੍ਰਤੀਕਿਰਿਆ ਦਿੰਦੀਆਂ ਰਹੀਆਂ ਹਨ ਅਤੇ ਉਨ੍ਹਾਂ ਦਾ ਆਪਣਾ ਕੋਈ ਸੁਤੰਤਰ ਏਜੰਡਾ ਨਹੀਂ, ਕਿਉਂਕਿ ਉਨ੍ਹਾਂ ਨੂੰ ਕੇਂਦਰੀਕ੍ਰਿਤ ਸਿਆਸੀ ਪਾਰਟੀਆਂ ਦੀ ਰਾਜਨੀਤੀ ਚਲਾਉਂਦੀ ਹੈ ਜਿਨ੍ਹਾਂ ਦੀਆਂ ਉਹ ਪੰਜਾਬ ਆਧਾਰਿਤ ਇਕਾਈਆਂ ਹਨ।

ਕਈ ਗੰਭੀਰ ਚੁਣੌਤੀਆਂ ਹਨ ਜਿਨ੍ਹਾਂ ਦਾ ਇਸ ਨਵੀਂ ਪਾਰਟੀ ਨੂੰ ਨਿਮਰਤਾ ਅਤੇ ਅਮਲੀ ਰੂਪ 'ਚ ਸਬਕ ਲੈ ਕੇ ਸਾਹਮਣਾ ਕਰਨਾ ਚਾਹੀਦਾ ਹੈ। ਇਸ ਨੂੰ ਮੌਜੂਦਾ ਅਕਾਲੀ ਦਲ (ਬਾਦਲ) ਪ੍ਰਤੀ ਟਕਰਾਅ ਵਾਲਾ ਰਵੱਈਆ ਨਹੀਂ ਅਪਣਾਉਣਾ ਚਾਹੀਦਾ। ਇਸ ਨੂੰ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਾਲੇ ਤਤਕਾਲੀਨ ਅਕਾਲੀ ਦਲ ਦੇ ਸਾਹਮਣੇ ਸੰਤ ਫਤਿਹ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਉਭਾਰ ਤੋਂ ਸਿੱਖਣਾ ਚਾਹੀਦਾ ਹੈ। ਇਹ ਦੋਵੇਂ 1967 ਵਿੱਚ ਪੰਜਾਬ ਦੀ ਪਹਿਲੀ ਗ਼ੈਰ-ਕਾਂਗਰਸੀ ਗੱਠਜੋੜ ਸਰਕਾਰ ਵਿੱਚ ਸ਼ਾਮਿਲ ਹੋਏ ਸਨ। ਦੋ ਅਕਾਲੀ ਦਲਾਂ ਵਿਚਕਾਰ ਟਕਰਾਅ ਨਾ ਸਿਰਫ਼ ਪੰਜਾਬ ਨੂੰ ਨੁਕਸਾਨ ਪਹੁੰਚਾਏਗਾ, ਬਲਕਿ ਇਸ ਦੇ ਭਾਰਤ ਲਈ ਵੀ ਮਾੜੇ ਨਤੀਜੇ ਹੋਣਗੇ। ਇਹ ਯਾਦ ਰੱਖਣਾ ਅਹਿਮ ਹੈ ਕਿ 1970 ਦੇ ਦਹਾਕੇ ਵਿੱਚ ਸਿੱਖ-ਨਿਰੰਕਾਰੀ ਟਕਰਾਅ ਨੂੰ ਕਈਆਂ ਵੱਲੋਂ ਸਿੱਖ ਭਾਈਚਾਰੇ ਦਾ ਪੂਰਨ ਅੰਦਰੂਨੀ ਮਾਮਲਾ ਮੰਨ ਕੇ ਖਾਰਜ ਕਰ ਦਿੱਤਾ ਸੀ, ਪਰ ਹੁਣ ਇਹ ਪੂਰੀ ਤਰ੍ਹਾਂ ਸਵੀਕਾਰਿਆ ਜਾਂਦਾ ਹੈ ਕਿ ਇਸ ਨੂੰ ਜਿਸ ਤਰ੍ਹਾਂ ਗ਼ਲਤ ਢੰਗ ਨਾਲ ਨਜਿੱਠਿਆ ਗਿਆ, ਪੂਰੇ ਭਾਰਤ ਦੀ ਰਾਜਨੀਤਕ ਪ੍ਰਣਾਲੀ ਲਈ ਇਸ ਦੇ ਤਬਾਹਕੁਨ ਸਿੱਟੇ ਨਿਕਲੇ।

ਛੋਟੇ ਅਕਾਲੀ ਅਤੇ ਸਿੱਖ ਧੜਿਆਂ ਦੇ ਪ੍ਰਗਟਾਏ ਫ਼ਿਕਰ, ਜੋ 1980 ਦੇ ਦਹਾਕੇ ਤੋਂ ਦੁੱਖ ਭੋਗਣ ਵਾਲਿਆਂ ਦੀ ਨਾਰਾਜ਼ਗੀ ਨੂੰ ਸਪੱਸ਼ਟਤਾ ਨਾਲ ਜ਼ਾਹਿਰ ਕਰਦੇ ਹਨ, ਨੂੰ ਵੀ ਦੂਰ ਕਰਨ ਦੀ ਲੋੜ ਹੈ, ਜਿਵੇਂ ਚਿਰਾਂ ਤੋਂ ਬੰਦ ਸਿੱਖ ਕੈਦੀਆਂ ਨਾਲ ਸਬੰਧਿਤ ਮੁੱਦੇ। ਇਨ੍ਹਾਂ ਧੜਿਆਂ ਨੂੰ ਨਾਲ ਜੋੜਨ ਅਤੇ ਭਵਿੱਖੀ ਰਾਜਨੀਤੀ 'ਤੇ ਮੁੜ ਵਿਚਾਰ ਲਈ ਇਨ੍ਹਾਂ ਦੀ ਮਦਦ ਕਰਨ ਦੀ ਲੋੜ ਹੈ।

ਨਵੀਂ ਪਾਰਟੀ ਨੂੰ ਉੱਚੀਆਂ ਜਾਤਾਂ ਦੇ ਪੰਜਾਬੀ ਹਿੰਦੂ ਭਾਈਚਾਰੇ ਨਾਲ ਰਿਸ਼ਤੇ ਕਾਇਮ ਕਰਨੇ ਚਾਹੀਦੇ ਹਨ। ਪੰਜਾਬ ਦੀ ਆਬਾਦੀ ਦਾ ਇਹ ਹਿੱਸਾ ਭਾਵੇਂ ਸਿਰਫ਼ 13-14 ਫ਼ੀਸਦੀ ਹੀ ਹੈ, ਪਰ ਇਹ ਆਰਥਿਕ ਤੌਰ 'ਤੇ ਸਭ ਤੋਂ ਖ਼ੁਸ਼ਹਾਲ, ਸਿੱਖਿਆ ਪੱਖੋਂ ਸਭ ਤੋਂ ਵੱਧ ਸਾਖਰ ਅਤੇ ਪੇਸ਼ੇਵਰ ਤੌਰ 'ਤੇ ਪੰਜਾਬੀ ਸਮਾਜ ਦਾ ਸਭ ਤੋਂ ਉੱਨਤ ਹਿੱਸਾ ਹਨ। ਇਸ ਵਿੱਚ ਮੁੱਖ ਤੌਰ 'ਤੇ ਤਿੰਨ ਜਾਤਾਂ- ਬ੍ਰਾਹਮਣ, ਖੱਤਰੀ ਅਤੇ ਬਾਣੀਏ ਸ਼ਾਮਿਲ ਹਨ। ਕੁਝ ਸਿੱਖਾਂ ਦਾ ਪਿਛੋਕੜ ਹਾਲਾਂਕਿ ਬ੍ਰਾਹਮਣ ਤੇ ਬਾਣੀਆ ਜਾਤਾਂ ਤੋਂ ਵੀ ਹੈ, ਪਰ ਇਹ ਖੱਤਰੀ ਭਾਈਚਾਰਾ ਹੈ ਜਿਸ ਨੇ ਸਭ ਤੋਂ ਵੱਧ ਸਿੱਖੀ ਨੂੰ ਅਪਣਾਇਆ ਤੇ ਜਿਹੜੇ ਸਿੱਖੀ ਵੱਲ ਨਹੀਂ ਆਏ, ਉਨ੍ਹਾਂ ਦਾ ਵੀ ਗੁਰੂਆਂ ਨਾਲ ਡੂੰਘਾ ਭਾਵਨਾਤਮਕ ਅਤੇ ਧਾਰਮਿਕ ਜੁੜਾਓ ਹੈ। ਪੰਜਾਬੀ ਹਿੰਦੂ ਭਾਈਚਾਰੇ ਦੀਆਂ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਭੂਮਿਕਾਵਾਂ ਨੂੰ ਪਛਾਣਿਆ ਅਤੇ ਅਪਣਾਇਆ ਜਾਣਾ ਚਾਹੀਦਾ ਹੈ। ਪੰਜਾਬ ਨੇ ਬਦਕਿਸਮਤੀ ਨਾਲ ਅਤੀਤ 'ਚ ਇਸ ਜੀਵੰਤ ਭਾਈਚਾਰੇ ਦੀ ਤੰਗ-ਦਿਲ ਤੇ ਵੰਡਪਾਊ ਲੀਡਰਸ਼ਿਪ ਕਾਰਨ ਬਹੁਤ ਦੁੱਖ ਝੱਲਿਆ ਹੈ।

ਪੰਜਾਬ ਵਿੱਚ ਮੁਸਲਿਮ ਤੇ ਇਸਾਈ ਘੱਟਗਿਣਤੀਆਂ ਵੀ ਹਨ; ਇੱਥੋਂ ਤੱਕ ਕਿ ਜੈਨੀਆਂ ਤੇ ਬੋਧੀਆਂ ਦਾ ਛੋਟਾ ਜਿਹਾ ਹਿੱਸਾ ਵੀ ਹੈ। ਪੰਜਾਬ ਨੂੰ ਆਪਣੇ ਰਾਜਨੀਤਕ ਅਮਲ ਵਿੱਚ ਬਹੁਲਵਾਦ ਦਾ ਸਤਿਕਾਰ ਕਰਨ ਦੀ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਇਹ ਸਭ ਤੋਂ ਵੱਧ ਅਹਿਮ ਹੈ ਕਿ ਹਰਿਆਣੇ ਨਾਲ ਸਬੰਧ ਸੁਖਾਵੇਂ ਰਹਿਣ, ਉਦੋਂ ਵੀ ਜਦੋਂ ਵਿਵਾਦ ਹੋਣ (ਜਿਵੇਂ ਦਰਿਆਈ ਪਾਣੀਆਂ 'ਤੇ) ਕਿਉਂਕਿ ਹਰਿਆਣਾ ਵੀ ਕੇਂਦਰ 'ਚ ਹੇਰ-ਫੇਰ ਨਾਲ ਖੇਡੀਆਂ ਜਾਂਦੀਆਂ ਰਾਜਨੀਤਕ ਚਾਲਾਂ ਦਾ ਸ਼ਿਕਾਰ ਹੈ। ਉਦਾਹਰਨ ਦੇ ਤੌਰ 'ਤੇ ਨਵੀਂ ਰਾਜਧਾਨੀ ਦੇ ਨਿਰਮਾਣ ਲਈ ਹਰਿਆਣਾ ਦੀ ਮਦਦ ਕਰਨੀ ਬਣਦੀ ਹੈ, ਜੋ ਪ੍ਰਭਾਵਸ਼ਾਲੀ ਹਰਿਆਣਵੀ ਸੱਭਿਆਚਾਰ ਵਾਲੇ ਖੇਤਰ ਵਿੱਚ ਹੋਵੇ। ਚੰਡੀਗੜ੍ਹ ਹਰਿਆਣਵੀ ਸੱਭਿਆਚਾਰ ਦੇ ਪੂਰੇ ਵਿਕਾਸ ਲਈ ਢੁੱਕਵਾਂ ਨਹੀਂ।

ਨਵੇਂ ਸੁਰਜੀਤ ਹੋਏ ਅਕਾਲੀ ਦਲ ਨੂੰ ਹੋਰ ਖੇਤਰੀ ਪਾਰਟੀਆਂ ਨਾਲ ਸਬੰਧ ਬਣਾਉਣੇ ਚਾਹੀਦੇ ਹਨ, ਕਿਉਂਕਿ ਭਾਰਤੀ ਰਾਜਨੀਤੀ ਦਾ ਭਵਿੱਖ ਰਾਜਾਂ ਦੇ ਖੇਤਰੀ ਪ੍ਰਸ਼ਾਸਨ ਵੱਲ ਜਾਣਾ ਤੈਅ ਹੈ। ਇਸ ਦੇ ਨਾਲ ਹੀ ਨਵੀਂ ਪਾਰਟੀ ਨੂੰ ਉਨ੍ਹਾਂ ਕੇਂਦਰੀਕ੍ਰਿਤ ਸਿਆਸੀ ਪਾਰਟੀਆਂ ਨਾਲ ਵੀ ਗੱਠਜੋੜ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਕੇਂਦਰੀਕਰਨ ਅਤੇ ਇਕਸਾਰਤਾ ਦੇ ਪੁਰਾਣੇ ਦ੍ਰਿਸ਼ਟੀਕੋਣਾਂ ਤੋਂ ਵੱਖ ਹੋਣ ਅਤੇ ਵਿਕੇਂਦਰੀਕਰਨ ਤੇ ਰਾਜਾਂ ਨੂੰ ਵੱਧ ਸ਼ਕਤੀ ਦੇਣ ਦੇ ਦ੍ਰਿਸ਼ਟੀਕੋਣ ਵੱਲ ਵਧਣ ਪ੍ਰਤੀ ਹਮਦਰਦੀ ਰੱਖਦੀਆਂ ਹਨ।

ਕਥਿਤ ਹਰੀ ਕ੍ਰਾਂਤੀ ਕਾਰਨ ਤਬਾਹ ਹੋਏ ਪੰਜਾਬ ਦੇ ਵਾਤਾਵਰਨ ਦਾ ਸੰਤੁਲਨ ਬਹਾਲ ਕਰਨ ਲਈ ਫ਼ੌਰੀ ਤੌਰ 'ਤੇ ਨਵੀਂ ਵਾਤਾਵਰਨ ਅਨੁਕੂਲ ਖੇਤੀ, ਉਦਯੋਗਿਕ ਅਤੇ ਊਰਜਾ ਪਹਿਲਕਦਮੀਆਂ ਵੱਲ ਵਧਣ ਦੀ ਲੋੜ ਹੈ। ਪੰਜਾਬ ਦੀਆਂ ਸਰਕਾਰੀ ਸੰਸਥਾਵਾਂ ਨੂੰ ਫੰਡ ਦਿੱਤੇ ਜਾਣ ਤੇ ਵਿਕਸਿਤ ਕੀਤੇ ਜਾਣ ਦੀ ਲੋੜ ਹੈ ਅਤੇ ਸਿੱਖਿਆ ਅਤੇ ਸਿਹਤ ਦਾ ਮੁਨਾਫ਼ਾ ਮੁਖੀ ਨਿੱਜੀਕਰਨ ਜਿਸ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ ਹੈ, ਨੂੰ ਮੂਲ ਰੂਪ ਵਿੱਚ ਰੋਕਣ ਦੀ ਲੋੜ ਹੈ।

ਇਸ ਲਈ ਰਾਜ ਦੇ ਕਰਜ਼ੇ ਨੂੰ ਖ਼ਤਮ ਕਰਨ ਦੀ ਜ਼ਰੂਰਤ ਹੈ। ਇਸ ਵਾਸਤੇ, ਕੇਂਦਰ ਤੋਂ ਕਿਸੇ ਵੀ ਤਰ੍ਹਾਂ ਦੀ ਮਦਦ ਲੈਣ ਤੋਂ ਇਲਾਵਾ, ਪੰਜਾਬ ਦੇ ਉਨ੍ਹਾਂ ਅਮੀਰਾਂ 'ਤੇ ਵਿਸ਼ੇਸ਼ ਸੈੱਸ ਲਾਉਣ ਦੀ ਲੋੜ ਪੈ ਸਕਦੀ ਹੈ ਜਿਨ੍ਹਾਂ ਰਾਜ ਦੀਆਂ ਜ਼ਮੀਨਾਂ, ਜੰਗਲ, ਪਾਣੀ, ਪਹਾੜੀਆਂ ਅਤੇ ਕਿਰਤ ਦਾ ਸ਼ੋਸ਼ਣ ਕਰ ਕੇ ਦੌਲਤ ਇਕੱਠੀ ਕੀਤੀ ਹੈ। ਪਰਵਾਸੀ ਪੰਜਾਬੀ ਵੀ ਅਜਿਹੀ ਪਹਿਲਕਦਮੀ ਲਈ ਖੁੱਲ੍ਹੇ ਦਿਲ ਨਾਲ ਮਦਦ ਕਰਨਗੇ। ਆਲਮੀ ਪੰਜਾਬੀ ਭਾਈਚਾਰਾ, ਜਿਸ ਨੂੰ ਮੁੱਖ ਧਾਰਾ ਦੇ ਭਾਰਤੀ ਮੀਡੀਆ ਦੁਆਰਾ ਬਹੁਤ ਬਦਨਾਮ ਕੀਤਾ ਗਿਆ ਹੈ, ਆਪਣੇ ਵਤਨ ਪੰਜਾਬ ਨੂੰ ਸਮਾਜਿਕ ਤੌਰ 'ਤੇ ਪ੍ਰਗਤੀਸ਼ੀਲ ਅਤੇ ਵਾਤਾਵਰਨ ਦੇ ਪੱਖ ਤੋਂ ਖ਼ੁਸ਼ਹਾਲ ਥਾਂ ਬਣਾਉਣ ਲਈ ਯੋਗਦਾਨ ਪਾਉਣ ਦੀ ਤਾਂਘ ਰੱਖਦਾ ਹੈ।

# Vote to Current Parbandhak Committee slate candidates and By laws amendment as below:

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰਾਂ ਅਤੇ ਬਾਈਲਾਜ਼ ਸੋਧ ਨੂੰ ਇਸ ਤਰ੍ਹਾਂ ਵੋਟ ਪਾਓ ਜੀ

Mark your ballot like this ਆਪਣੇ ਵੋਟ ਪੱਤਰ 'ਤੇ ਇਸ ਤਰ੍ਹਾਂ ਨਿਸ਼ਾਨ ਲਗਾਓ: ●

**Parbandhak Committee Members**
**ਪ੍ਰਬੰਧਕ ਕਮੇਟੀ ਮੈਂਬਰ**
Vote for no more than 21 candidates 21 ਉਮੀਦਵਾਰਾਂ ਤੋਂ ਵੱਧ ਨੂੰ ਵੋਟ ਨਾ ਪਾਓ

**Current Parbandhak Committee Slate Candidates**
**ਮੌਜਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ**

- ● Bhupindar (Bob) Singh Dhillon ਭੁਪਿੰਦਰ (ਬੌਬ) ਸਿੰਘ ਢਿੱਲੋਂ
- ● Dr. Gurinder Pal Singh ਡਾ. ਗੁਰਿੰਦਰ ਪਾਲ ਸਿੰਘ
- ● Pritam Singh Grewal ਪਰੀਤਮ ਸਿੰਘ ਗਰੇਵਾਲ
- ● Rajinder Singh Managar ਰਜਿੰਦਰ ਸਿੰਘ ਮੰਗਰ
- ● Sukhdev Singh Bainiwal ਸੁਖਦੇਵ ਸਿੰਘ ਬੈਨੀਵਾਲ
- ● Kirpal Singh Atwal ਕਿਰਪਾਲ ਸਿੰਘ ਅਠਵਾਲ
- ● Surjit Singh Bains ਸੁਰਜੀਤ ਸਿੰਘ ਬੈਂਸ
- ● Sohan Singh Dhanota ਸੋਹਣ ਸਿੰਘ ਧਨੋਤਾ
- ● Dr. Harjinder Singh Ladhar ਡਾ. ਹਰਜਿੰਦਰ ਸਿੰਘ ਲੱਧੜ
- ● Gurpreet Singh ਗੁਰਪਰੀਤ ਸਿੰਘ
- ● Harparminder Singh Powar ਹਰਪਰਮਿੰਦਰ ਸਿੰਘ ਪਵਾਰ
- ● Narinder Kaur Meharu ਨਰਿੰਦਰ ਕੌਰ ਮਹੇੜੂ
- ● Pritpal Kaur ਪ੍ਰਿਤਪਾਲ ਕੌਰ
- ● Sharanjit Kaur Bhandal ਸ਼ਰਨਜੀਤ ਕੌਰ ਭੰਡਾਲ
- ● Dr. Balbir Singh Bains ਡਾ. ਬਲਬੀਰ ਸਿੰਘ ਬੈਂਸ
- ● Bahadur Singh Deol ਬਹਾਦਰ ਸਿੰਘ ਦਿਓਲ
- ● Kuldip Singh Shergill ਕੁਲਦੀਪ ਸਿੰਘ ਸ਼ੇਰਗਿੱਲ
- ● Gurpreet Singh Sethi ਗੁਰਪਰੀਤ ਸਿੰਘ ਸੇਠੀ
- ● Harparduman S Sanghera ਹਰਦੁਮਨ (ਬਿੱਲਾ) ਸਿੰਘ ਸੰਘੇੜਾ
- ● Gurbax Singh Dhillon ਗੁਰਬਖਸ਼ ਸਿੰਘ ਢਿੱਲੋਂ
- ● Jorawar Singh ਜੋਰਾਵਰ ਸਿੰਘ

**Sadh Sangat Slate Candidates**
**ਸਾਧ ਸੰਗਤ ਸਲੇਟ ਉਮੀਦਵਾਰ**

- ○ Bhupinder Singh Cheema ਭੁਪਿੰਦਰ ਸਿੰਘ ਚੀਮਾ
- ○ Harpal Singh Chahal ਹਰਪਾਲ ਸਿੰਘ ਚਾਹਲ
- ○ Kashmir Singh Kalkut ਕਸ਼ਮੀਰ ਸਿੰਘ ਕਾਲਕੱਟ
- ○ Kulwinder Kaur Cheema ਕੁਲਵਿੰਦਰ ਕੌਰ ਚੀਮਾ
- ○ Jagjit Singh ਜਗਜੀਤ ਸਿੰਘ
- ○ Satnam Singh Dhillon ਸਤਨਾਮ ਸਿੰਘ ਢਿੱਲੋਂ
- ○ Trilochan Singh Sra ਤਰਲੋਚਨ ਸਿੰਘ ਸਰਾ
- ○ Gurmail Singh Khalsa ਗੁਰਮੇਲ ਸਿੰਘ ਖਾਲਸਾ
- ○ Karnail Singh ਕਰਨੈਲ ਸਿੰਘ
- ○ Dr. Satwinder Singh Bajwa ਡਾ. ਸਤਵਿੰਦਰ ਸਿੰਘ ਬਾਜਵਾ
- ○ Jatinder Kaur ਜਤਿੰਦਰ ਕੌਰ
- ○ Sukhwir Singh Randhawa ਸੁਖਵੀਰ ਸਿੰਘ ਰੰਧਾਵਾ
- ○ Amrik Singh Lubana ਅਮਰੀਕ ਸਿੰਘ ਲੁਬਾਨਾ
- ○ Gulbag Singh Lubana ਗੁਲਬਾਗ ਸਿੰਘ ਲੁਬਾਨਾ
- ○ Raghubir Singh Dhillon ਰਘੁਬੀਰ ਸਿੰਘ ਢਿੱਲੋਂ
- ○ Baldev Singh Jandu ਬਲਦੇਵ ਸਿੰਘ ਜੰਡੂ
- ○ Joginder Kaur Dhaliwal ਜਗਿੰਦਰ ਕੌਰ ਧਾਲੀਵਾਲ
- ○ Kulwant Kaur Chahal ਕੁਲਵੰਤ ਕੌਰ ਚਾਹਲ
- ○ Kamaljit Singh Cheema ਕਮਲਜੀਤ ਸਿੰਘ ਚੀਮਾ
- ○ Jagjit Singh Mand ਜਗਜੀਤ ਸਿੰਘ ਮੰਡ
- ○ Jaspal Singh Saini ਜਸਪਾਲ ਸਿੰਘ ਸੈਣੀ

**Independent Candidate ਅਜ਼ਾਦ ਉਮੀਦਵਾਰ**

- ○ Arvinder Singh ਅਰਵਿੰਦਰ ਸਿੰਘ

**Change/Amend Article IV(A)(6)(b) from 2 years to 4 years with condition of two consecutive terms, and applies to elected members in this election and onwards.**
ਧਾਰਾ IV(A)(6)(b) ਨੂੰ ਬਦਲੋ / ਸੋਧੋ, 2 ਸਾਲ ਤੋਂ 4 ਸਾਲ ਤੱਕ ਸ਼ਰਤ ਦੇ ਨਾਲ ਲਗਾਤਾਰ ਦੋ ਕਾਰਜਕਾਲਾਂ ਦੀ, ਅਤੇ ਇਹ ਇਸ ਚੋਣ ਅਤੇ ਉਸ ਤੋਂ ਬਾਅਦ ਚੁਣੇ ਗਏ ਮੈਂਬਰਾਂ 'ਤੇ ਲਾਗੂ ਹੋਵੇਗਾ।

- ● Yes ਹਾਂ
- ○ No ਨਹੀਂ




# ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ

**Election Day, Date &Time:**
**Sunday, October 12, 2025; 8:00 AM-8:00 PM**



| | | | | | | |
|---|---|---|---|---|---|---|
| 1. Bhupindar S. Dhillon<br>ਭੁਪਿੰਦਰ (ਬੋਬ) ਸਿੰਘ ਢਿਲੋਂ | 2. Dr. Gurinder Pal Singh<br>ਡਾ: ਗੁਰਿੰਦਰ ਪਾਲ ਸਿੰਘ | 3. Pritam Singh Grewal<br>ਪ੍ਰੀਤਮ ਸਿੰਘ ਗਰੇਵਾਲ | 4. Rajinder Singh Manger<br>ਰਾਜਿੰਦਰ ਸਿੰਘ ਮੰਗਰ | 5. Sukhdev Singh Bainiwal<br>ਸੁਖਦੇਵ ਸਿੰਘ ਬੈਨੀਵਾਲ | 16. Kirpal Singh Atwal<br>ਕਿਰਪਾਲ ਸਿੰਘ ਅਟਵਾਲ | 7. Surjit Singh Bains<br>ਸੁਰਜੀਤ ਸਿੰਘ ਬੈਂਸ |



| | | | | | | |
|---|---|---|---|---|---|---|
| 8. Sohan Singh Dhanota<br>ਸੋਹਨ ਸਿੰਘ ਧਨੋਟਾ | 9. Dr. Harjinder S. Ladhar<br>ਡਾ: ਹਰਜਿੰਦਰ ਸਿੰਘ ਲੱਧੜ | 10. Gurpreet Singh<br>ਗੁਰਪ੍ਰੀਤ ਸਿੰਘ | 11. Harparminder S. Powar<br>ਹਰਪ੍ਰਮਿੰਦਰ ਸਿੰਘ ਪੋਵਾਰ | 12. Narinder K. Meharu<br>ਨਰਿੰਦਰ ਕੌਰ ਮਹੇੜੂ | 13. Pritpal Kaur<br>ਪ੍ਰਿਤਪਾਲ ਕੌਰ | 14. Sharanjit Kaur Bhandal<br>ਸ਼ਰਨਜੀਤ ਕੌਰ ਭੰਡਾਲ |



| | | | | | | |
|---|---|---|---|---|---|---|
| 15.Dr. Balbir S. Bains<br>ਡਾ: ਬਲਬੀਰ ਸਿੰਘ ਬੈਂਸ | 16. Kuldip S.Shergill<br>ਕੁਲਦੀਪ ਸਿੰਘ ਸ਼ੇਰਗਿਲ | 17. Bahadur S. Deol<br>ਬਹਾਦੁਰ ਸਿੰਘ ਦਿਉਲ | 18. Gurpreet S. Sethi<br>ਗੁਰਪ੍ਰੀਤ ਸਿੰਘ ਸੇਠੀ | 19. Harduman S. Sanghera<br>ਹਰਦੁਮਨ (ਬਿੱਲਾ) ਸਿੰਘ ਸੰਗੇੜਾ | 20. Gurbux Singh Dhillon<br>ਗੁਰਬਖ਼ਸ਼ ਸਿੰਘ ਢਿਲੋਂ | 21. Jorawar Singh<br>ਜੋਰਾਵਰ ਸਿੰਘ |

**ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ, ਇਹਨਾਂ ਉਮੀਦਵਾਰਾਂ ਨੂੰ ਆਪਣਾ ਵੋਟ ਪਾਓ ਅਤੇ ਗੁਰਦਵਾਰਾ ਸਾਹਿਬ ਦੀ ਚੜ੍ਹਦੀਕਲਾ ਨੂੰ ਜਾਰੀ ਰਖੋ ॥**

**We humbly request the Sadh Sangat to Vote for these Candidates so that Chardikala of Gurdwara Sahib Can Continue**

*Contact: Sukhdev Singh Bainiwal (408)421-9463, Kirpal Singh Atwal: (408)835-7712, Gurpreet Singh: (408)340-0752*